GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

RKtravel
assuring you the best.
999 N. Main St., Suite#206
Glen Ellyn, IL 60137
Ph:630-858-7200
e-mail:info@rktravel.com
THE LOWEST AIR FARES
Qatar Airways, Etihad, Emirates, Air India, British Airways, United, Lufthansa and many more.
ਕਤਰ ਏਅਰਵੇਜ਼ ਅਪਰੈਲ ਤੋਂ ਸ਼ਿਕਾਗੋ ਤੋਂ ਅੰਮ੍ਰਿਤਸਰ ਵਾਇਆ ਦੋਹਾ
www.rktravel.com
QATAR

Fourtheenth Year in Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 11, March 16th, 2013 20451 N Plum Grove Rd. Palatine, IL 60074 Ph:847-359-0746, Fax:847-705-9388

## ਪੰਜਾਬ ਦੇ ਪੰਜ ਦਹਾਕੇ ਪਾਣੀਆਂ ਦੇ ਲੇਖੇ ਲੱਗੇ

### ਹਰਿਆਣਾ ਵਲੋਂ ਨਵੇਂ ਅੜਿੱਕੇ ਪਾਉਣ ਦੇ ਯਤਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜ ਦਹਾਕਿਆਂ ਬਾਅਦ ਵੀ ਪੰਜਾਬ ਦੇ ਪਾਣੀਆਂ ਦਾ ਰੇੜਕਾ ਬਰਕਰਾਰ ਹੈ। ਇਸ ਬਾਰੇ ਨਾ ਤਾਂ ਕੇਂਦਰ ਸਰਕਾਰ ਕੁਝ ਸਪਸ਼ਟ ਕਰ ਰਹੀ ਹੈ ਤੇ ਨਾ ਹੀ ਪਾਣੀਆਂ ਦੀ ਵੰਡ ਬਾਰੇ ਬਣੇ ਟ੍ਰਿਬਿਊਨਲ ਮਾਮਲਾ ਤਣ ਪੱਤਣ ਲਾ ਸਕੇ ਹਨ। ਪੰਜਾਬ ਵਿਚ ਕਾਂਗਰਸ ਸਰਕਾਰ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਇਤਿਹਾਸਕ ਫੈਸਲਾ ਕਰਦਿਆਂ ਪਿਛਲੇ ਸਾਰੇ ਸਮਝੌਤੇ ਰੱਦ ਕਰ ਕੇ ਇਸ ਮਾਮਲੇ ਨੂੰ ਪੱਕੇ ਤੌਰ 'ਤੇ ਨਿਬੇੜਨ ਦਾ ਯਤਨ ਕੀਤਾ ਸੀ ਪਰ ਹਰਿਆਣਾ ਵੱਲੋਂ ਹੁਣ ਨਵੇਂ ਅੜਿੱਕੇ ਪਾਏ ਜਾ ਰਹੇ ਹਨ।

ਹਰਿਆਣਾ ਨੇ ਹੁਣ ਇਹ ਮਾਮਲਾ ਸੁਪਰੀਮ ਕੋਰਟ ਕੋਲ ਉਠਾਉਂਦਿਆਂ ਕਿਹਾ ਹੈ ਕਿ ਸ਼ਾਹਪੁਰ ਕੰਢੀ ਡੈਮ, ਮਾਧੋਪੁਰ ਹੈਡਵਰਕਸ ਅਤੇ ਥੀਨ ਡੈਮ ਰਣਜੀਤ ਸਾਗਰ ਪ੍ਰੋਜੈਕਟ ਉਤੇ ਪੰਜਾਬ ਦਾ ਕੰਟਰੋਲ ਖ਼ਤਮ ਕੀਤਾ ਜਾਵੇ ਅਤੇ ਇਨ੍ਹਾਂ ਵਿਚੋਂ ਹਰਿਆਣਾ ਨੂੰ ਵੀ ਹਿਸਾ ਦਿੱਤਾ ਜਾਵੇ। ਪੰਜਾਬ ਨੇ ਹਰਿਆਣਾ ਵੱਲੋਂ ਉਠਾਏ ਇਸ ਅਖੌਤੀ ਇਤਰਾਜ਼ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਹਰਿਆਣਾ ਨੂੰ ਇਨ੍ਹਾਂ ਪ੍ਰੋਜੈਕਟਾਂ ਤੋਂ ਲਾਹਾ ਲੈਣ ਦਾ ਕੋਈ ਕਾਨੂੰਨੀ ਹੱਕ ਨਹੀਂ।

ਹਰਿਆਣਾ ਨੇ ਸੁਪਰੀਮ ਕੋਰਟ ਕੋਲ ਫ਼ਰਿਆਦ ਕੀਤੀ ਹੈ ਕਿ ਕੇਸ ਦਾ ਨਿਬੇੜਾ ਹੋਣ ਤੱਕ ਪੰਜਾਬ ਨੂੰ ਸ਼ਾਹਪੁਰ ਕੰਢੀ ਪ੍ਰੋਜੈਕਟ ਸਿਰੇ ਚਾੜ੍ਹਨ ਤੋਂ ਰੋਕਿਆ ਜਾਵੇ। ਇਸ ਅਨੁਸਾਰ ਰਾਵੀ ਦਰਿਆ 'ਤੇ ਬਣਨ ਵਾਲੇ ਤੀਜੇ ਪ੍ਰੋਜੈਕਟ ਸ਼ਾਹਪੁਰ ਕੰਢੀ ਡੈਮ ਦੇ ਨਿਰਮਾਣ ਨਾਲ ਹੇਠਾਂ ਪਾਣੀ ਦਾ ਵਹਾਅ ਹੋਰ ਘਟ ਜਾਵੇਗਾ ਤੇ ਇਵੇਂ ਹੇਠਲੇ ਰਿਪੇਰੀਅਨ ਰਾਜਾਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਪੰਜਾਬ ਵੱਲੋਂ ਦਾਇਰ ਕੀਤੇ 155 ਸਫ਼ਿਆਂ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਹਰਿਆਣਾ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ, ਕਿਉਂਕਿ ਇਹ ਨਾ ਤਾਂ ਰਿਪੇਰੀਅਨ ਰਾਜ ਹੈ



ਤੇ ਨਾ ਹੀ ਰਾਵੀ, ਬਿਆਸ ਜਾਂ ਵਡੇਰੇ ਸਿੰਧ ਵਹਿਣ ਦਾ ਹੀ ਕੋਈ ਹਿੱਸਾ ਹੈ।

ਪਾਣੀਆਂ ਬਾਰੇ ਮਾਹਿਰਾਂ ਦਾ ਵੀ ਦਾਅਵਾ ਹੈ ਕਿ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀ 'ਤੇ ਹਰਿਆਣਾ ਦਾ ਕੋਈ ਹੱਕ ਬਣਦਾ ਹੀ ਨਹੀਂ। ਪੰਜਾਬ ਨੇ ਹਮੇਸ਼ਾ ਮੰਗ ਕੀਤੀ ਹੈ ਕਿ ਪਾਣੀਆਂ ਦੀ ਵੰਡ ਦਾ ਮਾਮਲਾ ਰਿਪੇਰੀਅਨ ਕਾਨੂੰਨ ਮੁਤਾਬਕ ਹੋਵੇ। ਇਸ ਕਾਨੂੰਨ ਮੁਤਾਬਕ ਦਰਿਆਈ ਪਾਣੀਆਂ 'ਤੇ ਉਸੇ ਸੂਬੇ ਦਾ ਪਹਿਲਾ ਹੱਕ ਹੁੰਦਾ ਹੈ ਜਿਸ ਸੂਬੇ ਵਿਚੋਂ ਦਰਿਆ ਵਹਿੰਦੇ ਹੋਣ। ਅਸਲ ਵਿਚ ਆ ਰਹੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪਾਣੀਆਂ ਦੇ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਹੈ, ਪਰ ਪਾਣੀਆਂ ਬਾਰੇ ਮਾਹਿਰਾਂ ਦਾ ਤਰਕ ਹੈ ਕਿ ਪੰਜਾਬ ਕੋਲ ਸਿੰਜਾਈ ਲਈ ਵਾਧੂ ਪਾਣੀ ਹੈ ਹੀ ਨਹੀਂ। ਨਹਿਰੀ ਪਾਣੀ ਦੀ ਕਮੀ ਕਾਰਨ ਪੰਜਾਬ ਦੇ ਕਿਸਾਨ ਹਰ ਸਾਲ ਧਰਤੀ ਵਿਚੋਂ 45 ਫੀਸਦੀ ਵਾਧੂ ਪਾਣੀ ਕੱਢਦੇ ਹਨ। ਧਰਤੀ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਚਲਿਆ ਗਿਆ ਹੈ ਤੇ ਸਵਾ ਸੌ ਬਲਾਕਾਂ ਨੂੰ 'ਡਾਰਕ' ਕਰਾਰ ਦਿੱਤਾ ਹੋਇਆ ਹੈ।

ਪੰਜਾਬ ਵਿਚ ਇਸ ਵੇਲੇ 50 ਐਮ.ਏ.ਐਫ. (ਮਿਲੀਅਨ ਏਕੜ ਫੁੱਟ) ਸਾਲਾਨਾ ਪਾਣੀ ਦੀ ਜ਼ਰੂਰਤ ਮੰਨੀ ਜਾਂਦੀ ਹੈ। ਸਿੰਜਾਈ ਲਈ 35 ਐਮ.ਏ.ਐਫ., ਪੀਣ ਲਈ 10 ਐਮ.ਏ.ਐਫ. ਕਿਉਂਕਿ ਸੂਬੇ ਦੇ ਵੱਡੇ ਹਿੱਸੇ ਵਿਚ ਪੀਣ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪੰਜ ਐਮ.ਏ.ਐਫ. ਪਾਣੀ ਵਪਾਰਕ, ਇੰਡਸਟਰੀ ਤੇ ਹੋਰਾਂ ਕੰਮਾਂ ਲਈ ਹਰ ਸਾਲ ਚਾਹੀਦਾ ਹੈ। ਦਰਿਆਵਾਂ ਦੀ ਧਰਤੀ ਵਾਲੇ ਇਸ ਸੂਬੇ ਨੂੰ ਤਿੰਨ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ ਦੇ ਕੁੱਲ 34.34 ਐਮ.ਏ.ਐਫ. ਪਾਣੀ ਵਿਚੋਂ 14.22 ਐਮ.ਏ.ਐਫ. ਹੀ ਮਿਲਦਾ ਹੈ। ਇਹ ਕੁੱਲ ਦਰਿਆਈ ਪਾਣੀਆਂ ਦਾ 40 ਫੀਸਦੀ ਦੇ ਕਰੀਬ ਬਣਦਾ ਹੈ। ਦਰਿਆਵਾਂ ਦਾ 60 ਫੀਸਦੀ ਪਾਣੀ ਹਰਿਆਣਾ ਤੇ ਰਾਜਸਥਾਨ ਨੂੰ ਦਿੱਤਾ ਜਾਂਦਾ ਹੈ। ਸਿੰਜਾਈ ਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੀ ਧਰਤੀ ਵਿਚੋਂ ਸਾਲਾਨਾ 32.78

(ਬਾਕੀ ਸਫਾ 6 'ਤੇ)

## ਕੂਕਾਂ ਮਾਰੇ ਪੰਜਾਬ !

**ਚੰਡੀਗੜ੍ਹ:** ਪੰਜਾਬ ਵਿਚ ਉਪਰੋਥਲੀ ਵਾਪਰੀਆਂ ਘਟਨਾਵਾਂ ਨੇ ਪੰਜਾਬ ਦੇ ਲੋਕਾਂ ਨੂੰ ਝੰਜੋੜ ਸੁੱਟਿਆ ਹੈ। ਚੋਣ ਸਿਆਸਤ ਦੇ ਗੇੜ ਵਿਚ ਪਏ ਲੋਕ ਤਾਂ ਪਹਿਲਾਂ ਹੀ ਹਾਸ਼ੀਏ ਉਤੇ ਧੱਕੇ ਗਏ ਸਨ, ਪਰ ਜਿੰਨੀ ਤੇਜ਼ੀ ਨਾਲ ਗੁੰਡਾਗਰਦੀ ਨੇ ਥਾਂ ਮੱਲੀ ਹੈ, ਉਸ ਨੇ ਸਭ ਦੇ ਸਾਹ ਹੀ ਸੂਤ ਲਏ ਹਨ। ਬੱਚੀਆਂ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਪੁਲਿਸ ਜ਼ਿਆਦਤੀਆਂ ਦੀ ਕਹਾਣੀ ਤਾਂ ਨਿੱਤ ਦਿਨ ਲੰਮੀ ਹੋਈ ਜਾਂਦੀ ਹੈ। ਨਵੇਂ ਰੱਜੇ ਅਤੇ ਸਿਆਸਤ ਦੇ ਪਿੜ ਵਿਚ ਕੁੱਦੇ ਆਗੂਆਂ ਨੇ ਪ੍ਰਸ਼ਾਸਨ ਨੂੰ ਆਪਣੀ ਜੇਬ ਵਿਚ ਪਾ ਲਿਆ ਹੈ। ਚੁਣੇ ਹੋਏ ਨੁਮਾਇੰਦਿਆਂ ਦੀ ਸ਼ਿਕਾਇਤ ਹੈ ਕਿ ਵੱਡੇ ਅਫਸਰ ਉਨ੍ਹਾਂ ਦੀ ਗੱਲ ਵੀ ਨਹੀਂ ਸੁਣਦੇ। ਆਪਾ-ਧਾਪੀ ਦੇ ਇਸ ਮਾਹੌਲ ਵਿਚ ਵੀ ਇਕ ਜਮਾਤ ਅਜਿਹੀ ਹੈ ਜਿਸ ਦੀਆਂ ਪੰਜੇ ਉਂਗਲਾਂ ਘਿਉ ਵਿਚ ਹਨ। ਇਹ ਜਮਾਤ ਸਿਆਸੀ ਲੀਡਰਾਂ ਦੀ ਹੈ। ਇਨ੍ਹਾਂ ਨੂੰ ਰੜੇ ਮੈਦਾਨ ਵੰਗਾਰਨ ਵਾਲਾ ਕੋਈ ਲੀਡਰ ਪੰਜਾਬ ਵਿਚ ਕਿਧਰੇ ਨਜ਼ਰ ਨਹੀਂ ਆਉਂਦਾ।



(ਵਿਸ਼ੇਸ਼ ਕਵਰੇਜ ਸਫਾ 4 'ਤੇ ਪੜ੍ਹੋ)

## ਖਿਡਾਰੀਆਂ ਦਾ ਨਾਂ ਨਸ਼ਿਆਂ ਨਾਲ ਜੁੜਨ ਤੋਂ ਸਭ ਹੱਕੇ-ਬੱਕੇ

### ਉਲੰਪੀਅਨ ਮੁੱਕੇਬਾਜ਼ ਵਿਜੇਂਦਰ ਵਿਵਾਦਾਂ 'ਚ ਘਿਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਜ਼ੀਰਕਪੁਰ ਤੋਂ ਬਰਾਮਦ ਹੋਈ ਇਕ ਅਰਬ 30 ਕਰੋੜ ਰੁਪਏ ਦੀ ਹੈਰੋਇਨ ਦੇ ਮਾਮਲੇ ਵਿਚ ਓਲੰਪੀਅਨ ਮੁੱਕੇਬਾਜ਼ ਵਿਜੇਂਦਰ ਸਿੰਘ ਸਣੇ ਕਈ ਹੋਰ ਖਿਡਾਰੀਆਂ ਦੇ ਨਾਂ ਆਉਣ ਨਾਲ ਨਵੀਂ ਚਰਚਾ ਛਿੜ ਗਈ ਹੈ ਕਿ ਨਸ਼ਿਆਂ ਦੀ ਤਸਕਰੀ ਨੇ ਭਾਰਤੀ ਖੇਡ ਜਗਤ ਦੇ ਸਿਤਾਰਿਆਂ ਨੂੰ ਵੀ ਡੰਗ ਲਿਆ ਹੈ। ਹੁਣ ਤੱਕ ਭਾਰਤੀ ਖਿਡਾਰੀਆਂ ਵੱਲੋਂ ਤਾਕਤ ਵਧਾਉਣ ਵਾਲੀਆਂ ਦਵਾਈਆਂ ਲੈਣ ਦੇ ਮਾਮਲੇ ਹੀ ਸਾਹਮਣੇ ਆਉਂਦੇ ਰਹੇ ਪਰ ਤਸਕਰੀ ਨਾਲ ਤਾਰਾਂ ਜੁੜੇ ਹੋਣ ਦਾ ਇਹ ਪਹਿਲਾ ਮਾਮਲਾ ਹੈ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਬਹੁਤ ਸਾਰੀਆਂ ਧਿਰਾਂ ਬੇਸ਼ੱਕ ਮੁੱਕੇਬਾਜ਼ ਵਿਜੇਂਦਰ ਦੇ ਹੱਕ ਵਿਚ ਡਟ ਗਈਆਂ ਹਨ ਤੇ ਉਹ ਖੁਦ ਵੀ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦੇ ਰਿਹਾ ਹੈ ਪਰ ਪੰਜਾਬ ਪੁਲਿਸ ਵੱਲੋਂ ਉਲੰਪਿਕ ਵਿਚ ਤਮਗਾ ਜੇਤੂ ਮੁੱਕੇਬਾਜ਼ ਤੇ ਹਰਿਆਣਾ ਪੁਲਿਸ ਵਿਚ ਡੀ.ਐਸ.ਪੀ. ਵਜੋਂ ਤਾਇਨਾਤ ਵਿਜੇਂਦਰ ਤੋਂ ਕੀਤੀ ਗਈ ਪੁੱਛਗਿੱਛ ਉਪਰੰਤ ਮਾਮਲਾ ਪੂਰੀ ਤਰ੍ਹਾਂ ਸ਼ੱਕੀ ਬਣ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁੱਛਗਿੱਛ ਦੌਰਾਨ ਵਿਜੇਂਦਰ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕਿਆ

(ਬਾਕੀ ਸਫਾ 6 'ਤੇ)

Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Herman Singh Dhade
Immigration Lawyer
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

Estd. 1975
World Wide Travel
www.fly2world.com
ਸਸਤਾ ਰੇਟ ਵਧੀਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa AmericanAirlines

# ਜਪ-ਤਪ ਸਮਾਗਮਾਂ ਦੌਰਾਨ ਸੰਗਤਾਂ ਦੀ ਭਰਵੀਂ ਹਾਜ਼ਰੀ



**ਡੈਲਸ, ਟੈਕਸਸ (ਹਰਜੀਤ ਢੇਸੀ):** ਸਥਾਨਕ ਗੁਰਦੁਆਰਾ ਅਕਾਲ ਜੋਤ ਵਿਖੇ ਚੱਲ ਰਹੇ ਜਪ-ਤਪ ਸਮਾਗਮਾਂ ਦੌਰਾਨ ਹੋ ਰਹੇ ਕੀਰਤਨ ਦਰਬਾਰ ਵਿਚ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰੀਆਂ ਭਰ ਰਹੀਆਂ ਹਨ। ਇਹ ਸਮਾਗਮ ਸੰਤ ਬਾਬਾ ਹਰਨਾਮ ਸਿੰਘ ਭੁੱਚੋ ਸਾਹਿਬ ਅਤੇ ਬਾਬਾ ਈਸ਼ਰ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਹਨ। ਲੰਘੀ ਪਹਿਲੀ ਅਤੇ 8 ਮਾਰਚ ਨੂੰ ਕਰਵਾਏ ਗਏ ਕੀਰਤਨ ਦਰਬਾਰ ਵਿਚ ਭਾਈ ਹਰਜੀਤ ਸਿੰਘ ਖਾਲਸਾ ਅਤੇ ਭਾਈ ਸਰਬਜੀਤ ਸਿੰਘ ਦੇ ਰਾਗੀ ਜਥਿਆਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਰੂਹਾਨੀਅਤ ਦੀ ਛਹਿਬਰ ਲਾਈ। ਭਾਈ ਹਰਜੀਤ ਸਿੰਘ ਨੇ ਸੰਗਤਾਂ ਨੂੰ ਗੁਰਮਤਿ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ। ਅਗਲਾ ਕੀਰਤਨ ਸਮਾਗਮ 15 ਮਾਰਚ ਨੂੰ ਸ਼ਾਮ 6 ਤੋਂ 10 ਵਜੇ ਤੱਕ ਹੋਵੇਗਾ।

ਇਸੇ ਦੌਰਾਨ ਪ੍ਰਬੰਧਕਾਂ ਨੇ ਦੱਸਿਆ ਕਿ ਅਗਲੇ ਮਹੀਨੇ ਜਪ-ਤਪ ਕੀਰਤਨ ਦਰਬਾਰ 17, 18 ਅਤੇ 19 ਅਪਰੈਲ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਹੋਣਗੇ। ਕੀਰਤਨ ਦਰਬਾਰ ਵਿਚ ਭਾਈ ਹਰਜੀਤ ਸਿੰਘ ਖਾਲਸਾ ਤੇ ਭਾਈ ਸਰਬਜੀਤ ਸਿੰਘ ਤੋਂ ਇਲਾਵਾ ਭਾਈ ਬਲਕਾਰ ਸਿੰਘ ਜਲੰਧਰ ਵਾਲੇ, ਭਾਈ ਹਰਨਾਮ ਸਿੰਘ ਖੁਸ਼ਦਿਲ ਅਤੇ ਭਾਈ ਦਵਿੰਦਰ ਸਿੰਘ ਲੁਧਿਆਣੇ ਵਾਲੇ ਵੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸੰਤ ਸੇਵਾ ਸਿੰਘ ਅਤੇ ਸੰਤ ਗੁਰਚਰਨ ਸਿੰਘ ਨਾਨਕਸਰ ਕਲੇਰਾਂ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਹੋਰ ਜਾਣਕਾਰੀ ਗੁਰੂ ਘਰ ਦੇ ਫੋਨ 972-496-3496 ਰਾਹੀਂ ਲਈ ਜਾ ਸਕਦੀ ਹੈ।

# ਕਾਂਗਰਸ ਨੇ ਬਾਦਲ ਦੀ ਪੇਸ਼ਕਸ਼ ਠੁਕਰਾਈ

**ਚੰਡੀਗੜ੍ਹ:** ਕਾਂਗਰਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪੇਸ਼ਕਸ਼ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਮੁੱਖ ਮੰਤਰੀ ਨਾਲ ਕਿਸੇ ਵੀ ਕਿਸਮ ਦਾ ਸਬੰਧ ਕਾਇਮ ਨਹੀਂ ਕੀਤਾ ਜਾ ਸਕਦਾ। ਵਿਧਾਨ ਸਭਾ ਵਿਚ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸ. ਬਾਦਲ ਨੇ ਸੂਬੇ ਦੇ ਵਿਕਾਸ ਲਈ ਵਿਰੋਧੀ ਤੇ ਹਾਕਮ ਧਿਰ ਨੂੰ ਇਕੱਠੇ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ ਹੈ ਪਰ ਉਹ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਮੁੱਖ ਮੰਤਰੀ ਦੀ ਪੇਸ਼ਕਸ਼ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਨਿਰੀ ਸਿਆਸੀ ਡਰਾਮੇਬਾਜ਼ੀ ਹੈ।

ਸ. ਬਾਜਵਾ ਨੇ ਕਿਹਾ ਕਿ ਅਕਾਲੀਆਂ ਨਾਲ ਨਾ ਤਾਂ ਪਹਿਲਾਂ ਕੋਈ ਰਿਸ਼ਤਾ ਸੀ ਤੇ ਨਾ ਹੀ ਭਵਿੱਖ ਵਿਚ ਹੋਵੇਗਾ। ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਨੇ ਕਿਹਾ ਕਿ ਜੇਕਰ ਸ. ਬਾਦਲ ਸੂਬੇ ਦੇ ਮਸਲਿਆਂ ਪ੍ਰਤੀ ਏਨੇ ਹੀ ਗੰਭੀਰ ਹੁੰਦੇ ਤਾਂ ਪੰਜਾਬ ਨਾਲ ਸਬੰਧਤ ਸੰਸਦ ਮੈਂਬਰਾਂ ਨਾਲ ਕਦੇ ਮੀਟਿੰਗ ਕਰਦੇ ਤੇ ਕੇਂਦਰ ਸਰਕਾਰ ਤੱਕ ਰਾਜ ਦੇ ਸਾਂਝੇ ਕੰਮਾਂ ਲਈ ਸਮੂਹਿਕ ਤੌਰ 'ਤੇ ਪਹੁੰਚਣ ਦੀ ਵਕਾਲਤ ਕਰਦੇ। ਪਿਛਲੇ ਚਾਰ ਸਾਲਾਂ ਦੇ ਸਮੇਂ ਦੌਰਾਨ ਇਕ ਵਾਰੀ ਵੀ ਮੁੱਖ ਮੰਤਰੀ ਨੇ ਸੰਸਦ ਮੈਂਬਰਾਂ ਨਾਲ ਕੋਈ ਮੀਟਿੰਗ ਨਹੀਂ ਕੀਤੀ ਸਗੋਂ ਦਿੱਲੀ ਦਰਬਾਰ ਵਿਚ ਇਕੱਲੇ ਜਾਂ ਪਰਿਵਾਰਕ ਮੈਂਬਰਾਂ ਨਾਲ ਹੀ ਚਲੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਇਸ ਪੇਸ਼ਕਸ਼ ਵਿਚ ਰਾਜਨੀਤੀ ਤੋਂ ਸਿਵਾਏ ਕੱਖ ਵੀ ਨਹੀਂ ਹੈ। ਸ. ਬਾਦਲ ਰਾਜਸੀ ਲਾਹਾ ਲੈਣ ਦੀ ਤਾਕ ਵਿਚ ਹਨ ਤੇ ਉਨ੍ਹਾਂ ਨੂੰ ਇਹ ਮੌਕਾ ਨਹੀਂ ਦਿੱਤਾ ਜਾਵੇਗਾ। ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਵੱਲੋਂ ਪਾਰਟੀ ਦੇ ਵਿਧਾਇਕਾਂ ਤੇ ਆਗੂਆਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਈਨ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ।


## Wanted

**Server & Dishwasher**

*For Indian Restaurant in Florida*

ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਦਾ ਵੀ ਇੰਤਜ਼ਾਮ ਹੋ ਸਕਦਾ ਹੈ।

ਸੰਪਰਕ ਕਰੋ: 850-510-3466


# ਪੰਜਾਬ ਸਰਕਾਰ ਲਈ 'ਸਭ ਕੁਝ ਠੀਕ-ਠਾਕ'

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜਪਾਲ ਦੇ ਭਾਸ਼ਨ ਰਾਹੀਂ ਦਾਅਵਾ ਕੀਤਾ ਹੈ ਕਿ ਸੂਬਾ ਵਿੱਤੀ ਪੱਖ ਤੋਂ ਹੀ ਮਜ਼ਬੂਤੀ ਵੱਲ ਨਹੀਂ ਵਧ ਰਿਹਾ ਸਗੋਂ ਕਾਨੂੰਨ ਵਿਵਸਥਾ ਦੀ ਹਾਲਤ ਵੀ ਦੇਸ਼ ਦੇ ਹੋਰ ਸੂਬਿਆਂ ਨਾਲੋਂ ਬਿਹਤਰ ਹੈ। ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਰਾਜਪਾਲ ਦੇ ਭਾਸ਼ਨ ਨਾਲ ਸ਼ੁਰੂ ਹੋਇਆ। ਇਸ ਭਾਸ਼ਨ ਵਿਚ ਪੁਰਾਣੇ ਤੇ ਰਵਾਇਤੀ ਮੁੱਦਿਆਂ ਜਿਵੇਂ ਪਾਣੀਆਂ ਦੀ ਵੰਡ, ਚੰਡੀਗੜ੍ਹ 'ਤੇ ਦਾਅਵਾ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨਾ ਵੀ ਸ਼ਾਮਲ ਰਿਹਾ।

ਰਾਜਪਾਲ ਵੱਲੋਂ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਤੇ ਮੁਲਜ਼ਮਾਂ ਦੇ ਕੇਂਦਰ ਸਰਕਾਰ ਵਿਚ ਅਹੁਦਿਆਂ 'ਤੇ ਹੋਣ ਦਾ ਜ਼ਿਕਰ ਵੀ ਕੀਤਾ ਗਿਆ। ਅਕਾਲੀ-ਭਾਜਪਾ ਸਰਕਾਰ ਨੇ ਪਿਛਲੇ ਇਕ ਸਾਲ ਦੇ ਸਮੇਂ ਦੌਰਾਨ ਸੂਬੇ ਵਿਚ ਹੋਈਆਂ ਦੋ ਜ਼ਿਮਨੀ ਚੋਣਾਂ ਦਸੂਹਾ ਤੇ ਮੋਗਾ ਦੀ ਜਿੱਤ ਦੀ ਬੱਲੇ-ਬੱਲੇ ਵੀ ਰਾਜਪਾਲ ਦੇ ਭਾਸ਼ਨ ਰਾਹੀਂ ਕਰਾਈ। ਵਿਰੋਧੀ ਧਿਰ ਵੱਲੋਂ ਜਿਹੜੇ ਦੋਸ਼ ਆਮ ਤੌਰ 'ਤੇ ਲਾਏ ਜਾਂਦੇ ਹਨ ਉਨ੍ਹਾਂ ਦਾ ਜਵਾਬ ਵਿਧਾਨ ਸਭਾ ਸਮਾਗਮ ਦੇ ਸ਼ੁਰੂਆਤੀ ਭਾਸ਼ਨ ਰਾਹੀਂ ਦਿੱਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਸ਼ੰਸਾ ਵਿਚ ਜਿਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਜਾਂਦੀ ਹੈ, ਉਹ ਇਸ ਵਾਰੀ ਵੀ ਵਰਤੀ ਗਈ। ਰਾਜਪਾਲ ਨੇ ਸ. ਬਾਦਲ ਨੂੰ ਮੁਲਕ ਦਾ ਸਭ ਤੋਂ ਪ੍ਰੌੜ ਸਿਆਸਤਦਾਨ ਕਰਾਰ ਦਿੱਤਾ। ਰਾਜਪਾਲ ਦੇ ਭਾਸ਼ਨ ਦੌਰਾਨ ਵਿਰੋਧੀ ਧਿਰ ਪੂਰੀ ਤਰ੍ਹਾਂ ਸ਼ਾਂਤ ਰਹੀ।

ਰਾਜਪਾਲ ਨੇ ਕਿਹਾ ਕਿ ਸੰਵਿਧਾਨ ਵਿਚ ਰਾਜਾਂ ਨੂੰ ਦਿੱਤੀਆਂ ਸ਼ਕਤੀਆਂ ਨੂੰ ਖੋਰਾ ਲੱਗ ਗਿਆ ਹੈ ਤੇ ਸੰਘੀ ਭਾਵਨਾ ਖ਼ਤਮ ਕਰਕੇ ਏਕਾਤਮਕ ਢਾਂਚੇ ਦਾ ਨਿਰਮਾਣ ਕਰਕੇ ਰਾਜਾਂ ਨੂੰ ਕੇਂਦਰ ਦੇ ਦਰਾਂ 'ਤੇ ਭਿਖਾਰੀ ਬਣਾ ਦਿੱਤਾ ਹੈ। ਰਾਜ ਲੋਕਾਂ ਦੀਆਂ ਵਿਕਾਸ ਦੀਆਂ ਲੋੜਾਂ ਤੇ ਜੀਵਨ ਦੀ ਚੰਗੇਰੀ ਗੁਣਵੱਤਾ ਲਈ ਸਿੱਧੇ ਰੂਪ ਵਿਚ ਉਨ੍ਹਾਂ ਨੂੰ ਜੁਆਬਦੇਹ ਹਨ ਤੇ ਰਾਜ ਸਰਕਾਰ ਹੇਠਲੇ ਪੱਧਰ 'ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਤੇ ਉਨ੍ਹਾਂ ਦੇ ਨਿਬੇੜੇ ਲਈ ਚੰਗੀ ਸਥਿਤੀ ਵਿਚ ਹਨ। ਇਸ ਲਈ ਉਨ੍ਹਾਂ ਨੂੰ ਆਪਣੇ ਰਾਜਾਂ ਦੀਆਂ ਵਿੱਤੀ ਵਿਕਾਸ ਸਬੰਧੀ ਤਰਜੀਹਾਂ ਚੁਣਨ ਵਿਚ ਸੁਤੰਤਰਤਾ ਦਿੱਤੀ ਜਾਣੀ ਚਾਹੀਦੀ ਹੈ।


## HK Transport Company

**Wanted Owner Operator & Drivers**

Indianapolis based trucking company needs experienced CDL class A company drivers and owner operators to haul dry freights all over 48 states.

For company drivers-We provide Good and clean trucks, Pay every 15 days, direct deposit and weekend home. For Owner operators with nice and good condition trucks who want to make more money with flexible dispatch options, we are the right choice.

*"Medical Benefits and sign-in Bonus offered"*

Contact Phone: 317-837-8577

Fax: 317-837-1004 email: ginny@hktransportinc.com



Taj The Indian Curry House

418, Roberts Rd., Chesterton, IN 46304
(Interstate 94, Exit 26A Indiana)
Phone: 219-921-1900






ਭਾਰਤੀ ਖਾਣਿਆਂ ਦਾ ਅਨੰਦ ਮਾਣੋ

Lunch Buffet
11AM to 2:30PM

ਆਪਣੀ ਪਾਰਟੀ ਨੂੰ ਸਵਾਦੀ ਖਾਣਿਆਂ ਨਾਲ ਖੂਬਸੂਰਤ ਬਣਾਓ। ਕੈਟਰਿੰਗ ਲਈ ਕਾਲ ਕਰੋ

Call For Catering:
Paul 219-613-1011 or Vijay 219-308-9846



## SIDHU & ASSOCIATES REALTY-COMMERCIAL LOAN

*For All Commercial Property Loans*

Gas Stations, Hoteles/Motales, Liquor Stores in the Midwest

ਗੈਸ ਸਟੇਸ਼ਨ, ਮੋਟਲ, ਹੋਟਲ, ਲਿੱਕਰ ਸਟੋਰ ਅਤੇ ਹੋਰ ਹਰ ਤਰ੍ਹਾਂ ਦੀ ਵਪਾਰਕ ਪ੍ਰਾਪਰਟੀ ਵਾਸਤੇ ਲੋਨ ਲੈਣ ਲਈ ਸੰਪਰਕ ਕਰੋ

*Baljit (BJ) Sidhu, Broker*

**Cell: 630-862-0941, Fax: 630-689-5882**



ਬਲਜੀਤ ਸਿੱਧੂ

# ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ-ਸਿਨਸਿਨੈਟੀ (ਓਹਾਇਓ)

# ਪੰਜਵਾਂ ਵਿਸਾਖੀ ਮੇਲਾ

## 20 ਅਪਰੈਲ 2013

(ਦਿਨ ਸਨਿਚਰਵਾਰ)

ਸਮਾਂ: ਸ਼ਾਮ 5 ਵਜੇ ਤੋਂ ਰਾਤ 11 ਵਜੇ ਤੱਕ

**Lakota Freshman Building**

5070 Tylersville Rd., W. Chester, OH 45069

ਗਿੱਧਾ, ਭੰਗੜਾ, ਸਕਿੱਟ

ਬੱਚਿਆਂ ਦੇ ਪ੍ਰੋਗਰਾਮ ਅਤੇ ਹੋਰ ਬਹੁਤ ਕੁਝ

ਖਾਣੇ ਦੇ ਸਟਾਲ



## ਭੰਗੜਾ ਮੁਕਾਬਲੇ

ਪਹਿਲਾ ਇਨਾਮ: 1500 ਡਾਲਰ
ਗੁਰਲਾਲ ਸਿੰਘ ਤੇ ਸੋਨੁ ਮਾਵੀ ਵਲੋਂ

ਦੂਜਾ ਇਨਾਮ: 1100 ਡਾਲਰ
ਰਘਬੀਰ ਸਿੰਘ ਰੂਬੀ ਡੇਅਟਨ ਅਤੇ ਦਵਿੰਦਰ ਹੈਪੀ (ਡੇਅਟਨ) ਵਲੋਂ





ਹਰਮੇਲ ਸਿੰਘ ਮੇਲੀ
ਮੁੱਖ ਮਹਿਮਾਨ



ਜਗਰੂਪ ਸਿੰਘ ਤੂਰ
ਗਰੈਂਡ ਸਪਾਂਸਰ



ਮੁਖਤਿਆਰ ਸਿੰਘ ਸੇਖੋਂ
ਚੇਅਰਮੈਨ



ਕੋਚ ਰਮੇਸ਼ ਜੌਨੀ

Punjab
Sports & Cultural Club
Cincinnati

## ਮੰਚ ਸੰਚਾਲਨ



ਮੱਖਣ ਬਰਾੜ

ਗੋਲਡਨ ਸਪਾਂਸਰ: ਨਿਰਮਲ ਸਿੰਘ ਗਰੇਵਾਲ, ਰਛਪਾਲ ਸਿੰਘ ਸਹੋਤਾ, ਗਿੱਲ ਬ੍ਰਦਰਜ਼ (ਰਿਚਮੌਂਡ, ਇੰਡੀਆਨਾ), ਅਵਤਾਰ ਸਿੰਘ ਸਪਰਿੰਗਫੀਲਡ, ਪ੍ਰਿੰਸ ਆਰਟ ਗੈਲਰੀ

ਸਪਾਂਸਰ: ਤਾਰੀ ਸਰਹਿੰਦ ਵਾਲਾ, ਤੇਜਿੰਦਰ ਸਿੰਘ ਤੇਜੀ, ਗੁਰਜੀਤ ਸਿੰਘ ਬਿਨੈਪਾਲ, ਬਲਜੀਤ ਮਾਂਗਟ, ਬੁੱਧ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ, ਨਿਰਮਲ ਬਿਨੈਪਾਲ, ਸੋਹਨ ਸਿੰਘ ਬਿਲਖੂ, ਬਲਜਿੰਦਰ ਮਾਵੀ, ਨਾਗਰਾ ਬ੍ਰਦਰਜ਼, ਬਲਜੀਤ ਤੇ ਹਰਜਿੰਦਰ ਗਿੱਲ, ਡਾ. ਦਰਸ਼ਨ ਸਿੰਘ ਸਹਿੰਬੀ, ਪਿਆਰਾ ਸਿੰਘ ਭੱਟੀ ਤੇ ਪਰਿਵਾਰ, ਦੀਪ ਸਹੋਤਾ, ਸ਼ੰਮੀ ਗਰੇਵਾਲ, ਮਿਹਰ ਸਿੰਘ, ਰਾਜਿੰਦਰ ਕੁਮਾਰ, ਪਰਸ਼ੋਤਮ ਸਿੰਘ ਦਿਓਲ ਤੇ ਪਰਿਵਾਰ, ਰਣਜੀਤ ਸਿੰਘ, ਰੂਬੀ ਦਿਓਲ, ਵਿਕ ਸਿੰਘ, ਘੁਮਾਣ ਪਰਿਵਾਰ, ਕੁਲਦੀਪ ਸਿੰਘ ਚੀਮਾ, ਪਰਮਿੰਦਰ ਸਿੰਘ ਬਾਸੀ, ਹੰਸ ਰਾਜ ਤੇ ਕਮਲੇਸ਼ ਸਿੰਘ, ਪਿੰਦਾ ਵੜੈਚ, ਪਰਮਜੀਤ ਸਿੰਘ ਬੇਦੀ ਤੇ ਪਰਿਵਾਰ, ਕਿਰਨਪਾਲ ਸਿੰਘ ਸੰਘਾ, ਹਰਵਿੰਦਰ ਸਿੰਘ ਤੁੰਗ, ਸਤਿੰਦਰ ਸਿੰਘ ਭਰਾਜ, ਮਨਦੀਪ ਸਿੰਘ, ਅਮਨਦੀਪ ਸਿੰਘ

ਬ੍ਰਿਜ ਮੋਹਨ, ਨਿਊ ਕ੍ਰਿਸ਼ਨਾ, ਆਂਗਨ ਇੰਡੀਆ, ਅਪਨਾ ਇੰਡੀਆ, ਕਰੀਜ਼, ਆਜ਼ਾਦ ਇੰਡੀਆ, ਅਨੰਦ ਇੰਡੀਆ, ਬੰਬੇ ਗਰੌਸਰ, ਪਟੇਲ ਬ੍ਰਦਰਜ਼, ਰਾਜਾ ਇੰਡੀਆ, ਨੀਵਾ ਗਰੌਸਰਜ਼; ਪੀ ਸੀ ਐਸ ਸ਼ਿਕਾਗੋ, ਪੀ ਐਚ ਓ ਸ਼ਿਕਾਗੋ, ਪੀ ਐਸ ਸੀ ਸੀ। (ਸਭ ਸਪਾਂਸਰਾਂ ਦਾ ਧੰਨਵਾਦ)

**ਅਤੇ ਸਾਰੇ ਕਲੱਬ ਮੈਂਬਰ**

***For more information, please call:***

Satinder Ghuman 513-746-8387
Swaran Sidhu 513-266-0885
Palwinder Singh Wraich 513-253-4007
Jasbir Deol 847-902-7957
Jasminder (Bunty) 513-253-2347
Kuldeep Singh 917-463-9100
Sukhvir Singh (Sukhi) 513-404-2493
Devinder Singh Happy 937-608-8386
Raghbir Singh 513-476-2562
Jagga Nagra 513-293-6334

email:punjabsportsclubohio@yahoo.com www.punjabsportsclubohio.com

Advisory Committee: Harmit Ghuman, Gurinder Dhillon, Gurjant Sekhon, Harbans Gill, Sukhchain Gill, Jagpal Grewal

# Punjab Sports & Cultural Club, Ohio

# ਪੰਜਾਬ: ਖਾਲੀ ਘੋੜੀ ਹਿਣਕਦੀ...



## ਐਨਿਆਂ 'ਚੋਂ ਕੋਈ ਉਠੇ ਸੂਰਮਾ

ਪੰਜਾਬ ਵਿਚ ਇਕ ਅਰਸੇ ਤੋਂ ਬੁਰਛਾਗਰਦੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਇਨ੍ਹਾਂ ਘਟਨਾਵਾਂ ਨੂੰ ਪੁਲਿਸ ਮੁਲਾਜ਼ਮ, ਸਿਆਸਤਦਾਨਾਂ ਦੇ ਲਠੈਤ ਅਤੇ ਨਸ਼ਿਆਂ 'ਤੇ ਅਪਰਾਧ ਨਾਲ ਜੁੜੇ ਲੋਕ ਸ਼ਰ੍ਹੇਆਮ ਅੰਜਾਮ ਦੇ ਰਹੇ ਹਨ। ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਬੁਰਛਿਆਂ ਖਿਲਾਫ ਕਿਸੇ ਪੱਧਰ ਉਤੇ ਕਿਸੇ ਵੀ ਪਾਸਿਓਂ ਕੋਈ ਮਿਸਾਲੀ ਕਾਰਵਾਈ ਨਹੀਂ ਕੀਤੀ ਜਾ ਰਹੀ। ਬੱਸ, ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਮੌਕੇ 'ਤੇ ਕੋਈ ਮਾੜੀ-ਮੋਟੀ ਗੱਲ ਕਰ ਦਿੱਤੀ ਜਾਂਦੀ ਹੈ। ਮਗਰੋਂ ਉਹੀ ਲੋਕ ਇਕ ਵਾਰ ਫਿਰ ਵਾਰਦਾਤ ਕਰਨ ਲਈ ਤਿਆਰ ਹੋ ਰਹੇ ਹੁੰਦੇ ਹਨ। ਅਣਖੀ ਪੰਜਾਬ ਦਾ ਸਾਰਾ ਲਾਣਾ ਆਏ ਦਿਨ ਨਜ਼ਰੀਂ ਪੈ ਰਹੇ ਇਹ ਦ੍ਰਿਸ਼ ਚੁੱਪ-ਚੁਪੀਤੇ ਦੇਖ ਰਿਹਾ ਹੈ। ਕਿਸੇ ਪਾਸਿਓਂ ਕੋਈ ਖਾਸ ਦਹਾੜ ਨਹੀਂ।...ਇਹ ਉਹੀ ਪੰਜਾਬੀ ਹਨ ਜਿਨ੍ਹਾਂ ਬਾਰੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਕਦੀ ਕਿਹਾ ਸੀ ਕਿ 'ਇਹ ਟੈਂ ਨਾ ਮੰਨਣ ਕਿਸੇ ਦੀ...।'

## ਕਿੱਥੋਂ ਲੱਭ ਕੇ ਲਿਆਈਏ ਭਗਤ ਸਿੰਘ ਇਕ ਹੋਰ!

**ਜਲੰਧਰ:** ਪਿਛਲੀ ਸਦੀ ਵਿਚ ਅੱਸੀਵਿਆਂ ਦੌਰਾਨ ਜਦੋਂ ਪੰਜਾਬ ਵੱਡੀ ਪੱਧਰ 'ਤੇ ਕਰਵਟਾਂ ਲੈ ਰਿਹਾ ਸੀ ਤਾਂ ਉਸ ਵੇਲੇ ਵੀ ਲੀਡਰਸ਼ਿਪ ਦੀ ਮਾਰ ਪਈ ਸੀ। ਉਦੋਂ ਰਵਾਇਤੀ ਅਕਾਲੀਆਂ ਦੀ ਦੱਬੂ ਸਿਆਸਤ ਦੇ ਬਰਾਬਰ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਰੰਗ ਬੰਨ੍ਹਣ ਦਾ ਯਤਨ ਤਾਂ ਕੀਤਾ ਅਤੇ ਲੋਕਾਂ ਦਾ ਹੁੰਗਾਰਾ ਵੀ ਖੂਬ ਰਿਹਾ, ਪਰ ਉਹ ਆਪ ਅਤੇ ਉਨ੍ਹਾਂ ਦੇ ਅਨਿੰਨ ਸ਼ਰਧਾਲੂ ਵੀ ਇਹ ਮੰਨਦੇ ਸਨ/ਹਨ ਕਿ ਸਿਆਸਤ ਉਨ੍ਹਾਂ ਦਾ ਖੇਤਰ ਨਹੀਂ ਸੀ, ਉਨ੍ਹਾਂ ਦਾ ਖੇਤਰ ਧਰਮ ਪ੍ਰਚਾਰ ਸੀ। ਇਸੇ ਕਰ ਕੇ ਜਦੋਂ ਤਪੇ ਹੋਏ ਪਿੜ ਵਿਚ ਸਿਆਸਤ ਦਾ ਡਗਾ ਲਾਉਣ ਦਾ ਵੇਲਾ ਆਇਆ ਤਾਂ ਗੱਲ ਤੋੜ ਤੱਕ ਨਾ ਜਾ ਸਕੀ।

ਸਿਆਸੀ ਮਾਹਿਰ ਮੰਨਦੇ ਹਨ ਅਤੇ ਇਤਿਹਾਸ ਵੀ ਇਹੀ ਗਵਾਹੀ ਦਿੰਦਾ ਹੈ ਕਿ ਬੌਧਿਕ ਬੁਲੰਦੀ ਅਤੇ ਠੋਸ ਸਰਗਰਮੀ ਦਾ ਸੁਮੇਲ ਹੀ ਸੰਕਟਾਂ ਨੂੰ ਟੱਕਰ ਦਿੰਦਾ ਹੈ। ਇਸ ਤਰ੍ਹਾਂ ਦੀ ਮੁਕੰਮਲ ਸ਼ਖਸੀਅਤ ਹੀ ਤੂਫਾਨਾਂ ਵਿਚ ਫਸੇ ਬੇੜੇ ਪਾਰ ਲਾਉਂਦੀ ਹੈ। ਇਸ ਦਾ ਕਾਰਨ





ਸ਼ਾਇਦ ਇਹੀ ਹੋਵੇ ਕਿ ਤੇਜ਼ੀ ਨਾਲ ਲਗਾਤਾਰ ਬਣ-ਵਿਗਸ ਰਹੇ ਹਾਲਾਤ ਦੇ ਮੁਤਾਬਕ, ਨਵਾਂ ਪਿੜ ਬੰਨ੍ਹਣ ਲਈ ਬਹੁਤ ਵਾਰ ਮੌਕੇ 'ਤੇ ਫੈਸਲੇ ਕਰਨੇ ਪੈਂਦੇ ਹਨ। ਅਜਿਹੇ ਫੈਸਲੇ ਬੌਧਿਕ ਬੁਲੰਦੀ ਤੋਂ ਬਗੈਰ ਸੰਭਵ ਨਹੀਂ। ਪੰਜਾਬ ਵਿਚ ਇਸ ਤਰ੍ਹਾਂ ਦਾ ਜਲਵਾ ਪਿਛਲੀ ਦੇ ਤੀਜੇ ਦਹਾਕੇ ਦੌਰਾਨ ਇਕ ਲਿਸ਼ਕੋਰ ਵਾਂਗ ਲੋਕਾਂ ਦੇ ਨਜ਼ਰੀਂ ਪਿਆ ਸੀ ਜਦੋਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਸਿਆਸਤ ਵਿਚ ਚੋਖਾ ਵੱਢ ਮਾਰਨ ਦਾ ਯਤਨ ਕੀਤਾ ਸੀ। ਇਸ ਦੀ ਗੂੰਜ ਉਸ ਵੇਲੇ ਕੌਮੀ ਸਿਆਸਤ ਵਿਚ ਛਾਏ ਮਹਾਤਮਾ ਗਾਂਧੀ ਨੂੰ ਵੀ ਸੁਣੀ ਸੀ। ਇਹ ਅਸਲ ਵਿਚ ਭਗਤ ਸਿੰਘ ਦੀ ਬੌਧਿਕ ਬੁਲੰਦੀ ਅਤੇ ਸਿਆਸੀ ਸਰਗਰਮੀ ਦਾ ਹੀ ਪ੍ਰਤਾਪ ਸੀ।

## ਕਿੱਥੇ ਨੇ ਕਾਮਰੇਡ?

**ਬਠਿੰਡਾ:** ਪੰਜਾਬ ਦੀ ਸਿਆਸਤ, ਸਮਾਜਕ ਖੇਤਰ ਅਤੇ ਜੁਝਾਰੂ ਅੰਦੋਲਨਾਂ ਵਿਚ ਕਮਿਊਨਿਸਟਾਂ ਦਾ ਚੰਗਾ ਦਖਲ ਰਿਹਾ ਹੈ ਅਤੇ ਇਹ ਵਧੀਕੀਆਂ ਖਿਲਾਫ ਅਕਸਰ ਉਠਦੇ ਰਹੇ ਹਨ। ਕਿਸੇ ਵੇਲੇ ਕਾਮਰੇਡ ਦਾ ਮਤਲਬ, ਕਹਿਰ ਨਾਲ ਮੱਥਾ ਲਾਉਣ ਦੇ ਬਰਾਬਰ ਹੁੰਦਾ ਸੀ। ਹੁਣ ਵੀ ਪੰਜਾਬ ਵਿਚ ਰਵਾਇਤੀ ਕਮਿਊਨਿਸਟ ਪਾਰਟੀਆਂ (ਸੀ.ਪੀ.ਆਈ ਤੇ ਸੀ.ਪੀ..ਐਮ) ਤੋਂ ਇਲਾਵਾ ਨਕਸਲਵਾਦੀਆਂ ਦੇ ਕਈ ਗਰੁੱਪ ਸਰਗਰਮ ਹਨ। ਇਹ ਆਪਣੇ ਵਿਤ ਮੁਤਾਬਕ ਅਜੇ ਵੀ ਸਰਗਰਮੀ ਕਰਦੇ ਹਨ ਪਰ ਅੱਜਕੱਲ੍ਹ ਸਿਆਸੀ ਬੁਰਛਾਗਰਦੀ ਖਿਲਾਫ ਜਿਹੜਾ ਪਿੜ ਬੱਝਣਾ ਚਾਹੀਦਾ ਸੀ, ਉਹ ਕਿਤੇ ਨਜ਼ਰੀਂ ਨਹੀਂ ਪੈ ਰਿਹਾ। ਇਹ ਸ਼ਾਇਦ ਤੀਲਾ-ਤੀਲਾ ਹੋਈ ਕਮਿਊਨਿਸਟ ਲਹਿਰ ਦੀ ਤਰਾਸਦੀ ਦੀ ਕੋਈ ਕਹਾਣੀ ਹੈ।

## ਖਾੜਕੂ ਖਾਮੋਸ਼!

**ਅੰਮ੍ਰਿਤਸਰ:** ਪੰਜਾਬ ਦੇ ਕੁਝ ਖਾਸ ਹਿੱਸਿਆਂ ਵਿਚ ਕਿਸੇ ਵੇਲੇ ਸਰਕਾਰ, ਪ੍ਰਸ਼ਾਸਨ ਅਤੇ ਹਰ ਕਿਸੇ ਨੂੰ ਭਾਜੜ ਪਵਾਉਣ ਵਾਲੇ ਖਾੜਕੂ ਅੱਜਕੱਲ੍ਹ ਖਾਮੋਸ਼ ਹਨ। ਗੁਰੂ ਦਾ ਖਾਲਸਾ ਸਦਾ ਵਧੀਕੀਆਂ ਖਿਲਾਫ ਖੜ੍ਹਦਾ ਰਿਹਾ ਹੈ ਅਤੇ ਖਾੜਕੂ ਲੀਡਰਸ਼ਿਪ ਦੇ ਦਾਅਵੇ ਵੀ ਇਹੀ ਸਨ, ਪਰ ਇਕ ਦੌਰ ਦੀ ਸਮਾਪਤੀ ਤੋਂ ਬਾਅਦ ਖਾੜਕੂ, ਪੰਜਾਬ ਦੀ ਸਿਆਸਤ ਵਿਚ ਕਿਤੇ ਪੈਰ ਅੜਾਉਣ ਵਿਚ ਵੀ ਅਸਫਲ ਰਹੇ ਹਨ। ਚੋਣ ਸਿਆਸਤ ਵਿਚੋਂ ਤਾਂ ਖੈਰ ਨਿਕਲਣਾ ਹੀ ਕੀ ਸੀ! ਇਹ ਤਾਂ ਅੰਨ੍ਹੀ ਗਲੀ ਸੀ ਜਿਸ ਵਿਚ ਟੱਕਰਾਂ ਮਾਰ-ਮਾਰ ਬਹੁਤ ਸਾਰੇ ਧੁਨੰਤਰ ਹਫ ਕੇ ਬੈਠ ਗਏ, ਪਰ ਪੰਜਾਬ ਦੀ ਅਜ਼ਮਤ ਦੀ ਲੜਾਈ ਤਾਂ ਹਰ ਮੋਰਚੇ 'ਤੇ ਲੜੀ ਜਾਣੀ ਸੀ। ਕਿਤੇ ਕੋਈ ਪੈੜ ਨਹੀਂ ਦਿਸ ਰਹੀ!

## ਕਾਂਗਰਸੀਆਂ ਤੇ ਅਕਾਲੀਆਂ ਦਾ ਪੰਜਾਬ?

**ਚੰਡੀਗੜ੍ਹ:** ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਸਿਆਸਤ ਵਿਚ ਸਿਆਸੀ ਗੋਲਬੰਦੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੁਆਲੇ ਹੋ ਰਹੀ ਹੈ। ਕਾਂਗਰਸੀ ਅਤੇ ਅਕਾਲੀ ਆਗੂ ਇਕ-ਦੂਜੀ ਪਾਰਟੀ ਵਿਚ ਆ-ਜਾ ਵੀ ਰਹੇ ਹਨ। ਸ. ਬਲਵੰਤ ਸਿੰਘ ਰਾਮੂਵਾਲੀਆਂ ਜਦੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਚੇਲੇ ਬਣੇ ਸਨ ਤਾਂ ਉਨ੍ਹਾਂ ਪੰਜਾਬ ਵਿਚ ਤੀਜੇ ਫਰੰਟ ਦੀ ਗੱਲ ਤੋਰੀ ਸੀ ਅਤੇ ਖੁਦ ਆਪਣੀ ਵੱਖਰੀ ਜਥੇਬੰਦੀ, ਲੋਕ ਭਲਾਈ ਪਾਰਟੀ, ਵੀ ਬਣਾਈ ਸੀ, ਪਰ ਆਖਰਕਾਰ ਉਨ੍ਹਾਂ ਵੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਦਰ ਜਾ ਕੇ ਮੱਥਾ ਟੇਕ ਦਿੱਤਾ। ਸ. ਮਨਪ੍ਰੀਤ ਸਿੰਘ ਬਾਦਲ ਤੀਜੀ ਤਾਕਤ ਉਸਾਰਨ ਲਈ ਅਹੁਲੇ, ਪਰ ਉਹ ਵੀ ਬੇੜੀ ਬੰਨ੍ਹੇ ਨਹੀਂ ਲਾ ਸਕੇ ਅਤੇ ਅੱਜਕੱਲ੍ਹ ਆਪ ਘੁੰਮਣਘੇਰੀ ਵਿਚ ਫਸੇ ਹੋਏ ਹਨ। ਹੁਣ ਲੈ-ਦੇ ਕੇ 'ਪੰਜਾਬ ਦੋਖੀ' ਕਾਂਗਰਸ ਅਤੇ 'ਲੋਕ ਦੋਖੀ' ਅਕਾਲੀ ਦਲ ਨੇ ਪਿੜ ਮੱਲਿਆ ਹੋਇਆ ਹੈ।

## ਉਸਮਾ ਕਾਂਡ: ਲੜਕੀ ਨੂੰ ਕੁੱਟਣ ਵਾਲੇ ਪੁਲਿਸ ਮੁਲਾਜ਼ਮ ਗ੍ਰਿਫ਼ਤਾਰ

**ਤਰਨ ਤਾਰਨ:** ਪਿੰਡ ਉਸਮਾ ਦੀ ਦਲਿਤ ਲੜਕੀ ਹਰਬਿੰਦਰ ਕੌਰ ਨੂੰ ਕੁੱਟਣ ਦੇ ਦੋਸ਼ ਵਿਚ ਹਵਾਲਦਾਰ ਦਵਿੰਦਰ ਕੁਮਾਰ ਅਤੇ ਸਿਪਾਹੀ ਸਾਰਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਨੇ ਇਨ੍ਹਾਂ ਨੂੰ ਛੇ ਦਿਨਾਂ ਲਈ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ ਹੈ। ਇਨ੍ਹਾਂ ਦੋਹਾਂ ਨੂੰ ਐਸ.ਪੀ. (ਟਰੈਫਿਕ) ਰਣਬੀਰ ਸਿੰਘ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਫੜਿਆ ਗਿਆ ਹੈ। ਮੁਲਜ਼ਮਾਂ ਨੂੰ ਵਿਭਾਗ ਵੱਲੋਂ ਪਹਿਲਾਂ ਹੀ ਮੁਅੱਤਲ ਕੀਤਾ ਹੋਇਆ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਮੈਜਿਸਟਰੇਟੀ ਜਾਂਚ ਵੀ ਕਰਵਾਈ ਜਾ ਰਹੀ ਹੈ ਅਤੇ ਏ.ਡੀ.ਜੀ.ਪੀ. (ਕਰਾਇਮ) ਵੀ ਵੱਖਰੇ ਤੌਰ 'ਤੇ ਮਾਮਲੇ ਦੀ ਪੁਣ-ਛਾਣ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਤਰਨ ਤਾਰਨ ਦੇ ਇੱਕ ਮੈਰਿਜ ਪੈਲੇਸ ਦੇ ਬਾਹਰ 4 ਮਾਰਚ ਨੂੰ ਪੁਲਿਸ ਕਰਮਚਾਰੀਆਂ ਨੇ ਲੜਕੀ ਅਤੇ ਉਸ ਦੇ ਪਿਤਾ ਕਸ਼ਮੀਰ ਸਿੰਘ ਦੀ ਕੁੱਟਮਾਰ ਕੀਤੀ ਸੀ। ਇਸ ਲੜਕੀ ਨਾਲ ਕੁਝ ਟੈਕਸੀ ਡਰਾਈਵਰਾਂ ਨੇ ਛੇੜਖਾਨੀ ਕੀਤੀ ਸੀ। ਕੁੜੀ ਨੇ ਪਰਿਵਾਰ ਨੂੰ ਦੱਸਿਆ। ਇਸ ਤੋਂ ਦੋਹਾਂ ਪਾਸਿਆਂ ਤੋਂ ਤਕਰਾਰ ਵਧ ਗਿਆ। ਇੰਨੇ ਨੂੰ ਡਰਾਈਵਰ ਸਾਹਿਬ ਸਿੰਘ ਨੇ ਫੋਨ ਕਰ ਕੇ ਆਪਣੇ ਜਾਣਕਾਰ ਪੁਲਿਸ ਕਰਮਚਾਰੀਆਂ ਨੂੰ ਸੱਦ ਲਿਆ ਅਤੇ ਪੁਲਿਸ ਕਰਮਚਾਰੀਆਂ ਨੇ ਪੀੜਤ ਪਰਿਵਾਰ ਦੀ ਗੱਲ ਸੁਣਨ ਦੀ ਥਾਂ ਕੁੱਟਮਾਰ ਸ਼ੁਰੂ ਕਰ ਦਿੱਤੀ।

ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਇਸ ਵਾਰਦਾਤ ਵਿਚ ਛੇ ਪੁਲੀਸ ਕਰਮਚਾਰੀ ਸ਼ਾਮਲ ਸਨ, ਇਸ ਲਈ ਸਾਰੇ ਛੇ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕੇਸ ਦਰਜ ਹੋਵੇ ਅਤੇ ਉਨ੍ਹਾਂ ਨੂੰ ਨੌਕਰੀਆਂ ਤੋਂ ਬਰਖ਼ਾਸਤ ਕੀਤਾ ਜਾਵੇ।

## ਜੱਜ ਵੀ ਤ੍ਰਾਹ-ਤ੍ਰਾਹ ਕਰ ਉਠੇ

**ਨਵੀਂ ਦਿੱਲੀ:** ਤਰਨ ਤਾਰਨ ਸ਼ਹਿਰ ਵਿਚ ਇਕ ਲੜਕੀ ਨੂੰ ਪੁਲਿਸ ਮੁਲਾਜ਼ਮਾਂ ਵੱਲੋਂ ਕੁੱਟਣ-ਮਾਰਨ ਦੀ ਘਟਨਾ ਦਾ ਸੁਪਰੀਮ ਕੋਰਟ ਨੇ ਆਪੇ ਕਾਰਵਾਈ ਕਰਦਿਆਂ ਗੰਭੀਰ ਨੋਟਿਸ ਲਿਆ ਹੈ। ਅਦਾਲਤ ਨੇ ਇਹ ਕਾਰਵਾਈ ਇਕ ਟੀ.ਵੀ. ਚੈਨਲ 'ਤੇ ਪੁਲਿਸ ਮੁਲਾਜ਼ਮਾਂ ਵੱਲੋਂ ਲੜਕੀ ਨੂੰ ਕੁੱਟਣ ਦੀ ਵੀਡੀਓ ਦੇਖ ਕੇ ਕੀਤੀ ਹੈ।

ਮੀਡੀਆ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਜਸਟਿਸ ਜੀ.ਐਸ. ਸਿੰਘਵੀ ਅਤੇ ਰੰਜਨਾ ਪ੍ਰਕਾਸ਼ ਦੇਸਾਈ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ ਪੁਲਿਸ ਦੀ ਵਹਿਸ਼ਤ ਦੇ ਦੋਸ਼ਾਂ ਬਾਰੇ ਜਵਾਬ ਦੇਣ ਲਈ ਕਿਹਾ। ਬੈਂਚ ਨੇ ਅਟਾਰਨੀ ਜਨਰਲ ਜੀ.ਈ. ਵਾਹਨਵਟੀ ਅਤੇ ਸੀਨੀਅਰ ਐਡਵੋਕੇਟ ਹਰੀਸ਼ ਸਾਲਵੇ ਨੂੰ ਇਸ ਮੁੱਦੇ ਨਾਲ ਸਿੱਝਣ ਲਈ ਅਦਾਲਤ ਦੀ ਮੱਦਦ ਕਰਨ ਲਈ ਆਖਿਆ। ਇਸੇ ਦੌਰਾਨ ਗ੍ਰਹਿ ਮਾਮਲਿਆਂ ਬਾਰੇ ਰਾਜ ਮੰਤਰੀ ਆਰ.ਪੀ.ਐਨ. ਸਿੰਘ ਨੇ ਕਿਹਾ ਹੈ ਕਿ ਕੇਂਦਰ ਨੇ ਤਰਨ ਤਾਰਨ ਸ਼ਹਿਰ ਵਿਚ ਇਕ ਲੜਕੀ ਦੀ ਪੁਲਿਸ ਕਰਮੀਆਂ ਵੱਲੋਂ ਕੁੱਟਮਾਰ ਕਰਨ ਬਾਰੇ ਪੰਜਾਬ ਸਰਕਾਰ ਤੋਂ ਵੀ ਰਿਪੋਰਟ ਮੰਗੀ ਹੈ। ਰਾਜ ਸਭਾ ਵਿਚ ਸਿਫਰ ਕਾਲ ਦੌਰਾਨ ਕਾਂਗਰਸੀ ਮੈਂਬਰ ਪ੍ਰਭਾ ਠਾਕੁਰ ਨੇ ਮੰਗ ਕੀਤੀ ਕਿ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਵਿਚ ਲੜਕੀ ਨੂੰ ਕੁੱਟਣ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਤੁਰੰਤ ਬਰਖਾਸਤ ਕੀਤਾ ਜਾਵੇ। ਉਨ੍ਹਾਂ ਦੀ ਇਸ ਮੰਗ ਦਾ ਹੋਰ ਪਾਰਟੀਆਂ ਦੇ ਮੈਂਬਰਾਂ ਨੇ ਵੀ ਸਮਰਥਨ ਕੀਤਾ। ਸਦਨ ਦੀ ਕਾਰਵਾਈ ਚਲਾ ਰਹੇ ਡਿਪਟੀ ਚੇਅਰਮੈਨ ਪੀ.ਜੇ. ਕੁਰੀਅਨ ਨੇ ਵੀ ਕਿਹਾ ਕਿ ਇਸ ਮੰਗ ਉਪਰ ਸਾਰਾ ਸਦਨ ਸਹਿਮਤ ਹੈ ਕਿ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਪੰਜਾਬ ਸਰਕਾਰ ਵਿਚ ਭਾਈਵਾਲ ਭਾਜਪਾ ਦੇ ਮੈਂਬਰ ਬਲਬੀਰ ਪੁੰਜ ਨੇ ਆਪਣਾ ਭਾਈਵਾਲੀ ਫਰਜ਼ ਨਿਭਾਉਂਦਿਆਂ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ ਅਤੇ ਦੱਸਿਆ ਕਿ ਦੋਵੇਂ ਪੁਲਿਸ ਮੁਲਾਜ਼ਮ ਮੁਅੱਤਲ ਕਰ ਦਿੱਤੇ ਗਏ ਹਨ। ਸ੍ਰੀਮਤੀ ਪ੍ਰਭਾ ਠਾਕੁਰ ਦਾ ਕਹਿਣਾ ਸੀ ਕਿ ਇੰਨੀ ਸਜ਼ਾ ਕਾਫੀ ਨਹੀਂ, ਮੁਲਜ਼ਮਾਂ ਨੂੰ ਬਰਖਾਸਤ ਕਰ ਕੇ ਕੇਸ ਚਲਾਇਆ ਜਾਵੇ।



## ਪੰਜਾਬ ਸਰਕਾਰ 'ਚ ਅੰਗਰੇਜ਼ਾਂ ਦੀ ਰੂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਪੁਲਿਸ ਦੇ ਮੁਖੀ ਤੋਂ ਹਫਤੇ ਦੇ ਅੰਦਰ-ਅੰਦਰ ਰਿਪੋਰਟ ਮੰਗੀ ਹੈ। ਮਾਮਲੇ ਦੀ ਸੁਣਵਾਈ ਪਹਿਲੀ ਅਪਰੈਲ 'ਤੇ ਪਾਉਂਦਿਆਂ ਜਸਟਿਸ ਜੀ.ਐਸ. ਸਿੰਘਵੀ ਤੇ ਜੋਸਫ ਕੁਰੀਅਨ ਨੇ ਕਿਹਾ ਕਿ ਪੰਜਾਬ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਬੜੇ ਵਧੀਆ ਢੰਗ ਨਾਲ ਦੱਬਣ ਲਈ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦੇਣ ਲਈ 'ਬਰਤਾਨਵੀ ਫਾਰਮੂਲੇ' ਵਰਤ ਰਹੀ ਹੈ। ਜੱਜਾਂ ਨੇ ਐਡੀਸ਼ਨਲ ਐਡਵੋਕੇਟ ਜਨਰਲ ਅਜੈ ਬਾਂਸਲ ਨੂੰ ਪੁੱਛਿਆ ਕਿ ਕੀ ਉਹ ਲੜਕੀ ਅਤਿਵਾਦੀ ਸੀ ਜੋ ਉਸ ਨੂੰ ਹਾਈਵੇਅ 'ਤੇ ਇਉਂ ਕੁੱਟਿਆ-ਮਾਰਿਆ ਗਿਆ?



ਸ੍ਰੀ ਬਾਂਸਲ ਨੇ ਅਦਾਲਤ ਨੂੰ ਦੱਸਿਆ ਸੀ ਕਿ ਪੰਜਾਬ ਸਰਕਾਰ ਨੇ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ ਜਿਸ ਦੀ ਰਿਪੋਰਟ 21 ਦਿਨ 'ਚ ਆ ਜਾਵੇਗੀ। ਬੈਂਚ ਨੇ ਪੰਜਾਬ ਪੁਲਿਸ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਜੇ ਪੰਜਾਬ ਸਰਕਾਰ 24 ਘੰਟਿਆਂ ਦੇ ਅੰਦਰ-ਅੰਦਰ ਸਖਤ ਕਦਮ ਚੁੱਕਦੀ ਤਾਂ ਪੁਲਿਸ ਵਾਲਿਆਂ ਨੂੰ ਵੀ ਕੰਨ ਹੋ ਜਾਣੇ ਸਨ। ਬੈਂਚ ਇਸ ਤੱਥ ਨਾਲ ਵੀ ਸਹਿਮਤ ਨਹੀਂ ਹੋਇਆ ਕਿ ਲੜਕੀ ਦੀ ਕੁੱਟਮਾਰ ਕਰਨ ਵਾਲੇ ਦੋਵੇਂ ਪੁਲਿਸ ਵਾਲੇ ਮੁਅੱਤਲ ਕਰ ਦਿੱਤੇ ਗਏ ਹਨ। ਬੈਂਚ ਨੇ ਸਖਤ ਰੁਖ ਅਖਤਿਆਰ ਕਰਦਿਆਂ ਕਿਹਾ ਕਿ ਤਿੰਨ ਮਹੀਨਿਆਂ ਮਗਰੋਂ ਇਹ ਮੁਲਾਜ਼ਮ ਬਹਾਲ ਕਰ ਦਿੱਤੇ ਜਾਣਗੇ ਅਤੇ ਫਿਰ 'ਬਹਾਦਰੀ' ਲਈ ਪੁਰਸਕਾਰ ਵੀ ਦੇ ਦਿੱਤੇ ਜਾਣਗੇ! ਜਦੋਂ ਐਡੀਸ਼ਨਲ ਐਡਵੋਕੇਟ ਜਨਰਲ ਅਜੈ ਬਾਂਸਲ ਨੇ ਕਿਹਾ ਕਿ ਘਟਨਾ ਵਾਪਰਦੀ ਦੇਖਣ ਵਾਲੇ ਗਵਾਹੀ ਲਈ ਅੱਗੇ ਨਹੀਂ ਆ ਰਹੇ ਤਾਂ ਬੈਂਚ ਨੇ ਕਿਹਾ ਕਿ ਟੀ.ਵੀ. 'ਤੇ ਲੱਖਾਂ ਲੋਕਾਂ ਨੇ ਇਹ ਘਟਨਾ ਦੇਖੀ ਹੈ, ਹੁਣ ਹੋਰ ਕੀ ਸਬੂਤ ਚਾਹੀਦਾ ਹੈ?

ਜੱਜਾਂ ਨੇ ਪੰਜਾਬ ਪੁਲਿਸ ਬਾਰੇ ਟਿੱਪਣੀ ਕੀਤੀ ਕਿ 1980ਵਿਆਂ 'ਚ ਅਤਿਵਾਦ ਨਾਲ ਲੜਦਿਆਂ ਇਸ ਦੀ 'ਵਿਸ਼ੇਸ਼ ਤਰ੍ਹਾਂ ਦੀ ਮਾਨਸਿਕਤਾ' ਬਣ ਗਈ ਸੀ ਜੋ ਹੁਣ ਵੀ ਬਰਕਰਾਰ ਹੈ। ਅਟਾਰਨੀ ਜਨਰਲ ਜੀ ਈ ਵਾਹਨਵਟੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਦੇ ਬੜੇ ਗੰਭੀਰ ਅਸਰ ਮਗਰੋਂ ਸਾਹਮਣੇ ਆਉਂਦੇ ਹਨ ਤੇ ਲੋਕ ਅਪਰਾਧੀਆਂ ਵਿਰੁੱਧ ਪੁਲਿਸ ਕੋਲ ਸ਼ਿਕਾਇਤਾਂ ਕਰਨ ਤੋਂ ਡਰਨ ਲੱਗ ਜਾਣਗੇ।

# ਪੰਜਾਬ ਸਰਕਾਰ ਨੇ ਜਥੇਦਾਰਾਂ ਦੀ ਸੁਰੱਖਿਆ ਘਟਾਈ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਅਕਾਲ ਤਖ਼ਤ ਦੇ ਮੌਜੂਦਾ ਤੇ ਸਾਬਕਾ ਜਥੇਦਾਰਾਂ ਦੀ ਸੁਰੱਖਿਆ ਛੱਤਰੀ ਛਾਂਗ ਦਿੱਤੀ ਗਈ ਹੈ। ਮਿਲੇ ਵੇਰਵਿਆਂ ਅਨੁਸਾਰ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਸੁਰੱਖਿਆ ਛੱਤਰੀ ਲਈ ਦਿੱਤੇ ਗਏ ਸੁਰੱਖਿਆ ਮੁਲਾਜ਼ਮਾਂ ਵਿਚੋਂ ਦੋ ਕਰਮਚਾਰੀ ਵਾਪਸ ਲੈ ਲਏ ਗਏ ਹਨ। ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਦਿੱਤੇ ਸਾਰੇ ਛੇ ਸੁਰੱਖਿਆ ਕਰਮਚਾਰੀ ਵਾਪਸ ਲੈ ਲਏ ਗਏ ਹਨ।

ਇਸੇ ਤਰ੍ਹਾਂ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਕੋਲੋਂ ਵੀ ਸੁਰੱਖਿਆ ਕਰਮਚਾਰੀ ਵਾਪਸ ਲਏ ਗਏ ਹਨ। ਇਸ ਦੀ ਪੁਸ਼ਟੀ ਕਰਦਿਆਂ ਪੁਲਿਸ ਕਮਿਸ਼ਨਰ ਰਾਮ ਸਿੰਘ ਨੇ ਦੱਸਿਆ ਕਿ ਵਧੀਕ ਡਾਇਰੈਕਟਰ ਜਨਰਲ (ਸਕਿਓਰਿਟੀ) ਦੇ ਆਦੇਸ਼ਾਂ ਅਨੁਸਾਰ ਸਮੇਂ-ਸਮੇਂ 'ਤੇ ਸੁਰੱਖਿਆ ਛੱਤਰੀ ਬਾਰੇ ਨਜ਼ਰਸਾਨੀ ਕੀਤੀ ਜਾਂਦੀ ਹੈ ਤੇ ਲੋੜ ਮੁਤਾਬਕ ਸੁਰੱਖਿਆ ਵਿੱਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ। ਇਸ ਦੌਰਾਨ ਸਾਬਕਾ ਜਥੇਦਾਰ ਵੇਦਾਂਤੀ ਦੇ ਨਿੱਜੀ ਸਕੱਤਰ ਨੇ ਆਖਿਆ ਕਿ ਪੁਲਿਸ ਵਿਭਾਗ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਪਹਿਲਾਂ ਵੀ ਉਨ੍ਹਾਂ ਦੀ ਸੁਰੱਖਿਆ ਡੇਰਾ ਸਿਰਸਾ ਮਾਮਲੇ ਕਾਰਨ ਮਜ਼ਬੂਤ ਕੀਤੀ ਗਈ ਸੀ।

ਦਸਮ ਗ੍ਰੰਥ ਮਾਮਲੇ ਵਿਚ ਵੀ ਕੁਝ ਧਿਰਾਂ ਵੱਲੋਂ ਉਨ੍ਹਾਂ ਦਾ ਵਿਰੋਧ ਹੋ ਰਿਹਾ ਹੈ। ਅਜਿਹੀ ਸਥਿਤੀ ਵਿੱਚ ਸੁਰੱਖਿਆ ਕਰਮਚਾਰੀ ਵਾਪਸ ਲੈਣ ਦਾ ਫੈਸਲਾ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਵੇਦਾਂਤੀ ਰਾਜਸਥਾਨ ਦੌਰੇ 'ਤੇ ਗਏ ਹੋਏ ਸਨ ਤੇ ਪਿਛੋਂ ਤਿੰਨ ਸੁਰੱਖਿਆ ਕਰਮਚਾਰੀਆਂ ਨੂੰ ਵਾਪਸ ਸੱਦ ਲਿਆ ਗਿਆ ਹੈ। ਬਾਕੀ ਤਿੰਨ ਸੁਰੱਖਿਆ ਕਰਮਚਾਰੀ ਜੋ ਉਨ੍ਹਾਂ ਦੇ ਨਾਲ ਹਨ, ਨੂੰ ਵੀ ਵਾਪਸ ਆਉਣ ਦੇ ਆਦੇਸ਼ ਦਿੱਤੇ ਗਏ ਹਨ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪੁਲਿਸ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਅਹਿਮ ਸ਼ਖ਼ਸੀਅਤਾਂ ਨੂੰ ਦਿੱਤੀ ਗਈ ਬੇਲੋੜੀ ਸੁਰੱਖਿਆ ਵਿਚ ਕਟੌਤੀ ਕਰਕੇ ਮੁਲਾਜ਼ਮਾਂ ਨੂੰ ਵਾਪਸ ਬੁਲਾ ਲਿਆ ਹੈ।

## ਨੇਹਾ ਦਾ ਆਈ ਕਿਊ ਆਇਨਸਟਾਈਨ ਤੋਂ ਵੱਧ

**ਲੰਡਨ:** ਬਰਤਾਨੀਆ ਵਿਚ 12 ਸਾਲ ਦੀ ਭਾਰਤੀ ਮੂਲ ਦੀ ਇਕ ਲੜਕੀ ਦਾ ਆਈ ਕਿਊ ਆਇਨਸਟਾਈਨ ਤੇ ਸਟੀਫਨ ਹਾਕਿੰਗ ਤੋਂ ਵੀ ਜ਼ਿਆਦਾ ਹੈ। ਭਾਰਤੀ ਮੂਲ ਦੀ ਡਾਕਟਰ ਜੋੜੀ ਦੀ ਧੀ ਨੇਹਾ ਰਾਮੂ ਨੇ ਮੈਨਸਾ ਆਈ ਕਿਊ ਟੈਸਟ ਵਿਚ 162 ਸਕੋਰ ਹਾਸਲ ਕੀਤਾ ਜੋ ਉਸ ਦੀ ਉਮਰ ਦੇ ਸੰਭਾਵਤ ਹਾਸਲ ਤੋਂ ਕਿਤੇ ਵੱਧ ਹੈ।

ਇਸ ਹਾਸਲ ਨਾਲ ਉਹ ਬਰਤਾਨੀਆ ਦੇ ਸਭ ਤੋਂ ਵੱਧ ਜ਼ਹੀਨ ਇਕ ਫੀਸਦੀ ਲੋਕਾਂ ਵਿਚ ਸ਼ਾਮਲ ਹੋ ਗਈ ਹੈ ਤੇ ਇਸ ਦਾ ਮਤਲਬ ਹੈ ਕਿ ਉਹ ਭੌਤਿਕ ਵਿਗਿਆਨੀ ਹਾਕਿੰਗ, ਮਾਈਕ੍ਰੋਸਾਫਟ ਦੇ ਬਾਨੀ ਬਿੱਲ ਗੇਟਸ ਤੇ ਵਿਗਿਆਨੀ ਐਲਬਰਟ ਆਈਨਸਟਾਈਨ ਨਾਲੋਂ ਵੀ ਹੁਸ਼ਿਆਰ ਹੈ ਜਿਨ੍ਹਾਂ ਦਾ ਆਈ ਕਿਊ 160 ਮੰਨਿਆ ਜਾਂਦਾ ਰਿਹਾ ਹੈ। ਕੈਟੈਲ ਆਈ ਆਈ ਆਈ ਬੀ ਟੈਸਟ ਵਿਚ ਨੇਹਾ ਨੇ 162 ਸਕੋਰ ਹਾਸਲ ਕੀਤਾ ਜਿਸ ਨਾਲ ਉਹ ਮੁਲਕ ਦੇ ਇਕ ਫੀਸਦ ਸਿਖਰਲੇ ਲੋਕਾਂ ਵਿਚ ਸ਼ਾਮਲ ਹੋ ਜਾਂਦੀ ਹੈ।

# ਦਿੱਲੀ ਜਬਰ ਜਨਾਹ ਕੇਸ ਦੇ ਮੁੱਖ ਮੁਲਜ਼ਮ ਵੱਲੋਂ ਖ਼ੁਦਕੁਸ਼ੀ

**ਨਵੀਂ ਦਿੱਲੀ:** ਦਿੱਲੀ ਦੇ ਸਮੂਹਿਕ ਬਲਾਤਕਾਰ ਕੇਸ ਦੇ ਮੁੱਖ ਮੁਲਜ਼ਮ ਰਾਮ ਸਿੰਘ ਨੇ ਤਿਹਾੜ ਜੇਲ੍ਹ ਵਿਚ ਸਥਿਤ ਆਪਣੇ ਉਚ ਸੁਰੱਖਿਆ ਵਾਲੇ ਸੈਲ ਵਿਚ ਭੇਤਭਰੇ ਢੰਗ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਸ ਨੇ ਆਪਣੇ ਕੱਪੜਿਆਂ ਦੀ ਮਦਦ ਨਾਲ ਖੁਦ ਨੂੰ ਸੈਲ ਦੀ ਇਕ ਗਰਿੱਲ ਨਾਲ ਫਾਹੇ ਟੰਗ ਲਿਆ। ਦੂਜੇ ਪਾਸੇ ਉਸ ਦੇ ਪਰਿਵਾਰਕ ਮੈਂਬਰਾਂ ਤੇ ਵਕੀਲ ਨੇ ਰਾਮ ਸਿੰਘ ਦੇ ਕਤਲ ਹੋਣ ਦਾ ਦੋਸ਼ ਲਾਉਂਦਿਆਂ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਦਿੱਲੀ ਸਰਕਾਰ ਨੇ ਮਾਮਲੇ ਦੀ ਜੁਡੀਸ਼ੀਅਲ ਮੈਜਿਸਟਰੇਟ ਰਾਹੀਂ ਜਾਂਚ ਦੇ ਹੁਕਮ ਦਿੱਤੇ ਹਨ।



ਗੌਰਤਲਬ ਹੈ ਕਿ 16 ਦਸੰਬਰ ਦੀ ਬਲਾਤਕਾਰ ਦੀ ਘਟਨਾ ਵਿਚ 35 ਸਾਲਾ ਰਾਮ ਸਿੰਘ ਦਾ ਸੱਜਾ ਹੱਥ ਟੁੱਟ ਗਿਆ ਸੀ ਤੇ ਇਹ ਸਹੀ ਕੰਮ ਨਹੀਂ ਸੀ ਕਰਦਾ। ਇਸ ਕਾਰਨ ਪਰਿਵਾਰਕ ਮੈਂਬਰ ਉਸ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੀ ਗੱਲ ਨੂੰ ਮੰਨਣ ਲਈ ਤਿਆਰ ਨਹੀਂ। ਦੂਜੇ ਪਾਸੇ ਤਿਹਾੜ ਜੇਲ੍ਹ ਦੀ ਡਾਇਰੈਕਟਰ ਜਨਰਲ ਵਿਮਲਾ ਮਹਿਰਾ ਸਣੇ ਹੋਰ ਉਚ-ਅਧਿਕਾਰੀਆਂ ਨੇ ਘਟਨਾ ਦੇ ਵੇਰਵੇ ਦੇਣ ਤੋਂ ਨਾਂਹ ਕਰਕੇ ਭੇਤ ਹੋਰ ਵਧਾ ਦਿੱਤਾ ਹੈ। ਉਧਰ, ਬਲਾਤਕਾਰ ਕਾਂਡ ਦੀ ਸ਼ਿਕਾਰ ਹੋਈ ਕੁੜੀ ਦੀ ਮਾਂ ਨੇ ਕਿਹਾ, 'ਇਨਸਾਫ ਦਾ ਚੱਕਰ ਚਲਣਾ ਸ਼ੁਰੂ ਹੋ ਗਿਆ ਹੈ। ਉਹ ਇਸੇ ਹੋਣੀ ਦਾ ਭਾਗੀ ਸੀ।' ਪਰਿਵਾਰ ਨੇ ਇਸ ਘਟਨਾ ਨੂੰ 'ਰੱਬੀ ਇਨਸਾਫ' ਕਰਾਰ ਦਿੱਤਾ ਹੈ।

# ਸਾਹਿਰ ਲੁਧਿਆਣਵੀ ਦੇ ਨਾਂ 'ਤੇ ਡਾਕ ਟਿਕਟ

**ਨਵੀਂ ਦਿੱਲੀ:** ਪ੍ਰਸਿੱਧ ਸ਼ਾਇਰ ਤੇ ਗੀਤਕਾਰ ਸਾਹਿਰ ਲੁਧਿਆਣਵੀ ਦੇ ਜਨਮ ਦਿਹਾੜੇ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਉਨ੍ਹਾਂ ਦੇ ਨਾਂ 'ਤੇ ਡਾਕ ਟਿਕਟ ਜਾਰੀ ਕਰਦਿਆਂ ਕਿਹਾ ਕਿ ਇਹ ਮਹਾਨ ਸ਼ਾਇਰ ਆਪਣੀਆਂ ਕਵਿਤਾਵਾਂ ਤੇ ਗੀਤਾਂ ਨਾਲ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਜਿਊਂਦਾ ਰਹੇਗਾ।

ਸਾਹਿਰ ਲੁਧਿਆਣਵੀ ਦੇ ਜਨਮ ਦਿਹਾੜੇ ਸਬੰਧੀ ਰਾਸ਼ਟਰਪਤੀ ਭਵਨ ਵਿਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਮੁਖਰਜੀ ਨੇ ਕਿਹਾ ਕਿ ਸਾਹਿਰ ਦੇ ਗੀਤ ਤੇ ਸ਼ਾਇਰੀ ਅੱਜ ਵੀ ਲੋਕਾਂ ਦੇ ਦਿਲਾਂ ਵਿਚ ਵਸਦੀ ਹੈ।

# ਨੇਤਰਹੀਣ ਪ੍ਰੋਫੈਸਰ ਨੇ ਕੀਤੀ ਪੀਐਚ. ਡੀ.

**ਚੰਡੀਗੜ੍ਹ:** ਪੰਜਾਬੀ ਯੂਨੀਵਰਸਿਟੀ ਦੀ ਨੇਤਰਹੀਣ ਅਸਿਸਟੈਂਟ ਪ੍ਰੋਫੈਸਰ ਕਿਰਨ ਕੁਮਾਰੀ ਨੇ ਸਮਾਜ ਵਿਗਿਆਨ ਵਿਚ ਪੀਐਚ. ਡੀ. ਕਰਕੇ ਮਿਹਨਤ ਤੇ ਹੌਂਸਲੇ ਦੀ ਮਿਸਾਲ ਕਾਇਮ ਕੀਤੀ ਹੈ। ਉਸ ਨੇ ਪੰਜਾਬ ਯੂਨੀਵਰਸਿਟੀ ਦੀ 62ਵੀਂ ਸਾਲਾਨਾ ਕਨਵੋਕੇਸ਼ਨ ਮੌਕੇ ਡਾਕਟਰੇਟ ਦੀ ਡਿਗਰੀ ਲਈ ਹੈ। ਉਸ ਦਾ ਦਾਅਵਾ ਹੈ ਕਿ ਸੋਸ਼ਿਆਲੋਜੀ ਵਿਚ ਪੀਐਚ. ਡੀ. ਕਰਨ ਵਾਲੀ ਉਹ ਪੰਜਾਬ ਦੀ ਪਹਿਲੀ ਨੇਤਰਹੀਣ ਮਹਿਲਾ ਹੈ। ਕੇਂਦਰੀ ਮਨੁੱਖੀ ਸ੍ਰੋਤ ਮੰਤਰੀ ਡਾ. ਐਮ. ਮੰਗਾਪਤੀ ਪੱਲਮ ਰਾਜੂ ਦੇ ਹੱਥੋਂ ਸਟੇਜ ਤੋਂ ਜਿਉਂ ਹੀ ਉਹ ਡਿਗਰੀ ਲੈਣ ਗਈ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਸ ਮੌਕੇ ਕਿਰਨ ਦਾ ਜੀਵਨ ਸਾਥੀ ਰਾਜਿੰਦਰ ਸਿੰਘ ਵੀ ਨਾਲ ਸੀ। ਉਸ ਨੇ ਪ੍ਰੋਫੈਸਰ ਮਧੁਰਿਮਾ ਦੀ ਅਗਵਾਈ ਵਿਚ 'ਨੇਤਰਹੀਣਾਂ ਨੂੰ ਸਮਾਜ ਦਾ ਸਹਾਰਾ' ਵਿਸ਼ੇ 'ਤੇ ਪੀਐਚ. ਡੀ. ਕੀਤੀ ਹੈ।


ੴ ਸਤਿਗੁਰ ਪ੍ਰਸਾਦਿ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

## ਬਰਸੀ ਸਮਾਗਮ

ਸਮੂਹ ਸਨੇਹੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਡੇ ਪੂਜਨੀਕ ਮਾਤਾ ਜੀ ਬੀਬੀ ਭਾਗ ਕੌਰ ਪਿਛਲੇ ਸਾਲ ਆਪਣੇ ਪਿੰਡ (ਨਵਾਂ ਸ਼ਹਿਰ, ਪੰਜਾਬ) ਵਿਚ ਅਕਾਲ ਪੁਰਖ ਵਲੋਂ ਬਖਸ਼ੀ ਆਰਜਾ ਭੋਗ ਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਦੀ ਪਹਿਲੀ ਬਰਸੀ 'ਤੇ ਸਹਿਜ ਪਾਠ ਦੇ ਭੋਗ ਉਪਰੰਤ ਅਰਦਾਸ ਸਮਾਗਮ 23 ਮਾਰਚ 2013 ਸਨਿਚਰਵਾਰ ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 6 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਹੋਣਗੇ। ਗੁਰੂ ਘਰ ਦੇ ਕੀਰਤਨੀ ਜਥੇ ਕੀਰਤਨ-ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਦਰਸ਼ਨ ਦੇ ਕੇ ਸਾਨੂੰ ਵਡਭਾਗੀ ਬਣਾਓ ਜੀ।

**ਬੇਨਤੀ ਕਰਤਾ: ਸੋਖੀ ਸਿੰਘ**

*(ਮੁੱਖ ਸੇਵਾਦਾਰ, ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ)*

**ਅਤੇ ਸਮੂਹ ਪਰਿਵਾਰ, ਦੀਵਾਨ ਐਵਨਿਊ, ਸ਼ਿਕਾਗੋ**








**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੇ ਪੰਜ ਦਹਾਕੇ ਪਾਣੀਆਂ ਦੇ ਲੇਖੇ ਲੱਗੇ

ਐਮ.ਏ.ਐਫ. ਪਾਣੀ ਕੱਢਿਆ ਜਾਂਦਾ ਹੈ। ਨਿਯਮਾਂ ਮੁਤਾਬਕ ਧਰਤੀ ਵਿਚੋਂ ਉਨਾ ਹੀ ਪਾਣੀ ਕੱਢਿਆ ਜਾ ਸਕਦਾ ਹੈ ਜਿੰਨਾ ਬਰਸਾਤ ਨਾਲ ਹੇਠਾਂ ਜਾਂਦਾ ਹੋਵੇ ਪਰ 145 ਫੀਸਦੀ ਪਾਣੀ ਹਰ ਸਾਲ ਕੱਢਿਆ ਜਾ ਰਿਹਾ ਹੈ।

ਪੰਜਾਬ ਵਿਧਾਨ ਸਭਾ ਨੇ ਵਾਟਰ ਟਰਮੀਨੇਸ਼ਨ ਐਕਟ ਬਣਾ ਕੇ ਹਰਿਆਣਾ ਤੇ ਰਾਜਸਥਾਨ ਨੂੰ ਹੋਰ ਪਾਣੀ ਦੇਣ ਤੋਂ ਕਾਨੂੰਨੀ ਤੌਰ 'ਤੇ ਰੋਕ ਲਾ ਦਿੱਤੀ ਸੀ। ਇਸ ਦੇ ਬਾਵਜੂਦ ਹਰਿਆਣਾ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਹਿੱਸੇ ਦਾ ਪਾਣੀ ਮੰਗਿਆ ਜਾ ਰਿਹਾ ਹੈ। ਇਸ ਕਾਨੂੰਨ ਨੂੰ ਵੀ ਹਰਿਆਣਾ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ। ਪੰਜਾਬ ਦੇ ਸਿੰਜਾਈ ਵਿਭਾਗ ਦੇ ਸਲਾਹਕਾਰ ਐਸ.ਕੇ. ਗੋਇਲ ਦਾ ਕਹਿਣਾ ਹੈ ਕਿ ਵਾਟਰ ਟਰਮੀਨੇਸ਼ਨ ਐਕਟ ਤੋਂ ਬਾਅਦ ਹਰਿਆਣਾ ਦਾ ਪੰਜਾਬ ਦੇ ਪਾਣੀਆਂ 'ਤੇ ਹੋਰ ਦਾਅਵਾ ਖ਼ਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਹੁਣ ਤਾਂ ਸੁਪਰੀਮ ਕੋਰਟ ਦੇ ਫੈਸਲੇ ਦਾ ਹੀ ਇੰਤਜ਼ਾਰ ਕਰਨਾ ਚਾਹੀਦਾ ਹੈ। ਰਾਜਸਥਾਨ ਨੂੰ ਰਾਜਸਥਾਨ ਫੀਡਰ ਤੋਂ ਇਲਾਵਾ ਫਿਰੋਜ਼ਪਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਰਾਹੀਂ ਦੋ ਹੋਰ ਨਹਿਰਾਂ ਰਾਹੀਂ ਵੀ ਪਾਣੀ ਜਾਂਦਾ ਹੈ। ਹਰਿਆਣਾ ਨੂੰ ਭਾਖੜਾ ਮੇਨ ਲਾਈਨ ਤੇ ਨਰਵਾਣਾ ਬਰਾਂਚ ਰਾਹੀਂ ਵੀ ਪਾਣੀ ਜਾਂਦਾ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਦੋਹਾਂ ਰਾਜਾਂ ਦਰਮਿਆਨ ਵੱਡੀ ਲੜਾਈ ਦਾ ਕਾਰਨ ਰਹੀ ਹੈ। ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਟੱਕ ਲਾਉਣ ਤੋਂ ਬਾਅਦ ਅਕਾਲੀਆਂ ਨੇ ਕਪੂਰੀ ਮੋਰਚਾ ਸ਼ੁਰੂ ਕਰ ਦਿੱਤਾ ਸੀ। ਇਸ ਨਹਿਰ ਦਾ ਕੰਮ ਖਾੜਕੂਵਾਦ ਦੇ ਸਮੇਂ ਰੁਕ ਗਿਆ ਸੀ ਜਦੋਂ ਖਾੜਕੂਆਂ ਨੇ ਐਸ.ਵਾਈ.ਐਲ. ਦੇ ਮੁੱਖ ਇੰਜੀਨੀਅਰ ਤੇ ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਸੀ। ਹਰਿਆਣਾ ਵੱਲੋਂ ਭਾਖੜਾ ਨਹਿਰ ਦੇ ਪਾਣੀ ਨੂੰ ਵੰਡਣ ਲਈ ਹਾਂਸੀ-ਬੁਟਾਣਾ ਨਹਿਰ ਕੱਢੀ ਗਈ। ਪੰਜਾਬ ਵੱਲੋਂ ਇਸ ਨਹਿਰ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਗਿਆ ਹੈ ਤੇ ਇਹ ਮਾਮਲਾ ਵੀ ਸੁਪਰੀਮ ਕੋਰਟ ਵਿਚ ਕਈ ਸਾਲਾਂ ਤੋਂ ਸੁਣਵਾਈ ਅਧੀਨ ਹੈ।

ਮਾਹਿਰਾਂ ਮੁਤਾਬਕ ਰਿਪੇਰੀਅਨ ਐਕਟ ਤਹਿਤ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਦਰਿਆਈ ਪਾਣੀਆਂ ਦੇ ਮਾਹਿਰ ਪ੍ਰੀਤਮ ਸਿੰਘ ਕੁਮੇਦਾਨ ਦਾ ਕਹਿਣਾ ਹੈ ਕਿ ਪੰਜਾਬ ਪੁਨਰਗਠਨ ਐਕਟ ਦਾ ਗਠਨ ਕਰਨ ਲੱਗਿਆਂ ਸੈਕਸ਼ਨ 78 ਸ਼ਾਮਲ ਕਰਨ ਨਾਲ ਪੰਜਾਬ ਦੇ ਪਾਣੀਆਂ 'ਤੇ ਡਾਕਾ ਪਿਆ ਹੈ। ਇਹ ਸੈਕਸ਼ਨ ਹੀ ਅਸਲ ਪੁਆੜੇ ਦੀ ਜੜ੍ਹ ਹੈ। ਇਸ ਸੈਕਸ਼ਨ ਮੁਤਾਬਕ ਪੰਜਾਬ ਤੇ ਹਰਿਆਣਾ ਪਾਣੀਆਂ ਦੇ ਮਸਲੇ ਨੂੰ ਮਿਲ ਬੈਠ ਕੇ ਨਿਬੇੜਨਗੇ ਤੇ ਜੇ ਸਮਝੌਤੇ ਰਾਹੀਂ ਮਸਲੇ ਦਾ ਹੱਲ ਨਹੀਂ ਹੁੰਦਾ ਤਾਂ ਕੇਂਦਰ ਸਰਕਾਰ ਹੱਲ ਕਰੇਗਾ। ਕਾਨੂੰਨਨ ਪਾਣੀਆਂ 'ਤੇ ਹੱਕ ਹੀ ਪੰਜਾਬ ਦਾ ਹੈ। ਇਸ ਲਈ ਕੇਂਦਰ ਦੇ ਦਖਲ ਦੀ ਤਾਂ ਕੋਈ ਤੁਕ ਹੀ ਨਹੀਂ। ਦੱਖਣੀ ਸੂਬਿਆਂ ਦਾ ਪੁਨਰਗਠਨ ਕਰਨ ਲੱਗਿਆਂ ਵੀ ਇਹ ਸੈਕਸ਼ਨ ਸ਼ਾਮਲ ਕੀਤਾ ਗਿਆ ਸੀ ਪਰ ਦੱਖਣੀ ਸੂਬਿਆਂ ਤੇ ਪੰਜਾਬ ਦੀ ਭੂਗੋਲਿਕ ਹਾਲਤ ਨੂੰ ਇੱਕ ਤਰ੍ਹਾਂ ਨਾਲ ਨਹੀਂ ਦੇਖਿਆ ਜਾ ਸਕਦਾ। ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਦੇ ਬਜਟ ਸੈਸ਼ਨ ਸ਼ੁਰੂ ਹੋਣ ਸਮੇਂ ਰਾਜਪਾਲ ਦੇ ਭਾਸ਼ਣ ਵਿਚ ਦੋਹਾਂ ਰਾਜਾਂ ਵੱਲੋਂ ਪਾਣੀਆਂ ਦਾ ਮਾਮਲਾ ਜ਼ੋਰ-ਸ਼ੋਰ ਨਾਲ ਉਠਾਇਆ ਜਾਂਦਾ ਹੈ।

## ਪਾਣੀ ਨੂੰ ਸੰਘੀ ਸੂਚੀ 'ਚ ਸ਼ਾਮਲ ਕਰਨ ਤੋਂ ਨਾਂਹ

**ਨਵੀਂ ਦਿੱਲੀ:** ਸਰਕਾਰ ਨੇ ਪਾਣੀ ਨੂੰ ਸੰਘੀ ਸੂਚੀ ਵਿਚ ਸ਼ਾਮਲ ਕਰਨ ਦੇ ਸੁਝਾਅ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਹੈ ਕਿ ਇਸ ਨਾਲ ਨਵਾਂ ਵਿਵਾਦ ਖੜ੍ਹਾ ਹੋ ਜਾਵੇਗਾ ਕਿਉਂਕਿ ਸਿਆਸੀ ਪਾਰਟੀਆਂ ਤੇ ਰਾਜ ਆਪਣੇ ਅਧਿਕਾਰਾਂ ਬਾਰੇ ਬਹੁਤ ਸੰਵੇਦਨਸ਼ੀਲ ਹਨ।

ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਨੇ ਲੋਕ ਸਭਾ ਵਿਚ ਕਿਹਾ ਕਿ ਰਾਜ ਸਰਕਾਰਾਂ ਕਦੇ ਵੀ ਪਾਣੀ ਬਾਰੇ ਵਿਵਾਦ 'ਤੇ ਸਹਿਮਤ ਨਹੀਂ ਹੋਣਗੀਆਂ। ਇਸ ਲਈ ਪਾਣੀ ਨੂੰ ਕੌਮੀ ਜਾਇਦਾਦ ਕਰਾਰ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 40 ਸਾਲ ਪਹਿਲਾਂ ਦਰਿਆਵਾਂ ਨੂੰ ਜੋੜਨ ਦਾ ਮੁੱਦਾ ਉਠਿਆ ਸੀ ਤੇ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ, ਉਸ ਵੇਲੇ ਇਸ ਉਪਰ ਕੁੱਲ ਹਿੰਦ ਸਿੰਜਾਈ ਮੰਤਰੀਆਂ ਦੀ ਕਾਨਫਰੰਸ ਵਿਚ ਇਸ 'ਤੇ ਚਰਚਾ ਹੋਈ ਸੀ। ਵਿਹਾਰਕ ਤੌਰ 'ਤੇ ਇਹ ਅਸੰਭਵ ਹੈ ਕਿ ਜਲ ਵਿਵਾਦ 'ਤੇ ਰਾਜਾਂ ਵਿਚ ਸਹਿਮਤੀ ਹੋ ਜਾਵੇ। ਇਸ ਲਈ ਉਹ ਚਾਹੁੰਦੇ ਹਨ ਕਿ ਸਰਕਾਰ ਸੰਵਿਧਾਨ ਵਿਚ ਸੋਧ ਕਰਕੇ ਪਾਣੀ ਨੂੰ ਸੰਘੀ ਸੂਚੀ ਵਿਚ ਸ਼ਾਮਲ ਕਰ ਲਏ।

ਇਸ ਦੇ ਜਵਾਬ ਵਿਚ ਜਲ ਸਰੋਤਾਂ ਬਾਰੇ ਮੰਤਰੀ ਹਰੀਸ਼ ਰਾਵਤ ਨੇ ਕਿਹਾ ਕਿ ਸ੍ਰੀ ਗੌੜਾ ਦਾ ਸੁਝਾਅ ਠੀਕ ਹੈ ਪਰ ਅਜਿਹਾ ਕਰਨ ਨਾਲ ਨਵਾਂ ਵਿਵਾਦ ਖੜ੍ਹਾ ਹੋ ਜਾਵੇਗਾ ਕਿਉਂਕਿ ਰਾਜਾਂ ਨੂੰ ਲੱਗੇਗਾ ਕਿ ਕੇਂਦਰ ਨੇ ਉਨ੍ਹਾਂ ਦੇ ਅਧਿਕਾਰਾਂ 'ਤੇ ਛਾਪਾ ਮਾਰ ਲਿਆ ਹੈ। ਇਸ ਬਾਰੇ ਜੇ ਸਾਰੀਆਂ ਪਾਰਟੀਆਂ ਕੋਈ ਤਜਵੀਜ਼ ਪੇਸ਼ ਕਰਨ ਤਾਂ ਫੇਰ ਸਰਕਾਰ ਇਸ ਬਾਰੇ ਵਿਚਾਰ ਕਰ ਸਕਦੀ ਹੈ।

## ਲੈਫਟੀਨੈਂਟ ਗਵਰਨਰ ਬਣਨ ਲਈ ਡਟੇ ਚੋਪੜਾ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਤੇ ਅਮਰੀਕਾ ਦੇ ਪਹਿਲੇ ਮੁੱਖ ਤਕਨਾਲੋਜੀ ਅਧਿਕਾਰੀ ਅਨੀਸ਼ ਪੌਲ ਚੋਪੜਾ ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਬਣਨ ਦੀ ਦੌੜ ਵਿਚ ਰਸਮੀ ਤੌਰ 'ਤੇ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਬੀਤੇ ਦਿਨ ਆਪਣੇ ਇਸ ਦਾਅਵੇ ਲਈ 20,630 ਦਸਤਾਖਤਾਂ ਵਾਲਾ ਪੱਤਰ ਆਪਣੀ ਡੈਮੋਕਰੇਟਿਕ ਪਾਰਟੀ ਨੂੰ ਸੌਂਪਿਆ। ਉਮੀਦਵਾਰ ਬਣਨ ਲਈ ਘੱਟੋ-ਘੱਟ 10,000 ਲੋਕਾਂ ਦੇ ਸਮਰਥਕਾਂ ਦੀ ਲੋੜ ਸੀ ਪਰ ਸ੍ਰੀ ਚੋਪੜਾ ਨੇ ਉਸ ਤੋਂ ਦੋਗੁਣੇ ਦਸਤਖਤ ਕਰਵਾ ਦਿੱਤੇ। ਵਰਜੀਨੀਆ ਦਾ ਭਾਰਤੀ ਭਾਈਚਾਰਾ ਉਨ੍ਹਾਂ ਨਾਲ ਖੜ੍ਹਾ ਹੋ ਗਿਆ ਹੈ।

# ਭਾਰਤ ਸਰਕਾਰ ਨੂੰ ਸਤਾ ਰਿਹੈ ਖਾੜਕੂਵਾਦ ਦਾ ਖ਼ੌਫ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਜਿਹੀਆਂ ਪਾਬੰਦੀਸ਼ੁਦਾ ਖਾੜਕੂ ਜਥੇਬੰਦੀਆਂ ਮੁੜ ਖਾੜਕੂਵਾਦ ਲਿਆਉਣ ਲਈ ਯਤਨਸ਼ੀਲ ਹਨ। ਖੁਫ਼ੀਆ ਰਿਪੋਰਟਾਂ ਦੇ ਹਵਾਲੇ ਨਾਲ ਗ੍ਰਹਿ ਮਾਮਲਿਆਂ ਬਾਰੇ ਰਾਜ ਮੰਤਰੀ ਆਰ ਪੀ ਐਨ ਸਿੰਘ ਨੇ ਲੋਕ ਸਭਾ ਵਿਚ ਲਿਖਤੀ ਜਵਾਬ ਦਿੰਦਿਆਂ ਦੱਸਿਆ ਕਿ ਖੁਫ਼ੀਆ ਰਿਪੋਰਟਾਂ ਮਿਲੀਆਂ ਹਨ ਕਿ ਯੂ ਕੇ ਵਿਚ ਬੀ ਕੇ ਆਈ ਜਿਹੀਆਂ ਜਥੇਬੰਦੀਆਂ ਮੁੜ ਖਾੜਕੂਵਾਦ ਦੇ ਉਭਾਰ ਲਈ ਜੂਝ ਰਹੀਆਂ ਹਨ ਤੇ ਸਰਕਾਰ ਇਨ੍ਹਾਂ ਦੀਆਂ ਸਰਗਰਮੀਆਂ 'ਤੇ ਪੂਰੀ ਨਿਗ੍ਹਾ ਰੱਖ ਰਹੀ ਹੈ।

ਰਾਜ ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਆਪਣੀ ਇਹ ਫਿਕਰਮੰਦੀ ਬਰਤਾਨਵੀ ਸਰਕਾਰ ਕੋਲ ਕਈ ਵਾਰ ਵੱਖ-ਵੱਖ ਮੌਕਿਆਂ 'ਤੇ ਰੱਖੀ ਹੈ ਤੇ ਪਿਛਲੇ ਮਹੀਨੇ ਹੋਏ ਭਾਰਤ-ਬਰਤਾਨੀਆ ਸਿਖਰ ਸੰਮੇਲਨ ਮੌਕੇ ਦੋਵੇਂ ਧਿਰਾਂ ਇਸ ਬਾਰੇ ਤਾਲਮੇਲ ਤੇ ਸਹਿਯੋਗ ਵਧਾਉਣ ਲਈ ਸਹਿਮਤ ਹੋਈਆਂ ਸਨ। ਕੇਂਦਰ ਨੇ ਗ਼ੈਰ-ਕਾਨੂੰਨੀ ਸਰਗਰਮੀਆਂ (ਰੋਕੂ) ਸੋਧ ਐਕਟ 2004 ਅਧੀਨ ਬੀਕੇਆਈ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਖਾਲਿਸਤਾਨ ਕਮਾਂਡੋ ਫੋਰਸ ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ 'ਤੇ ਪਾਬੰਦੀ ਲਾ ਦਿੱਤੀ ਸੀ। ਮੰਤਰੀ ਨੇ ਦੱਸਿਆ ਕਿ ਪੰਜਾਬ ਵਿਚ ਖਾੜਕੂਵਾਦ ਦੀ ਮੁੜ ਸੁਰਜੀਤੀ ਲਈ ਯਤਨਸ਼ੀਲ ਸਮਝੀਆਂ ਜਾ ਰਹੀਆਂ ਜਥੇਬੰਦੀਆਂ 'ਤੇ ਕਰੜੀ ਨਿਗ੍ਹਾ ਰੱਖੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿਚ ਬੈਠੇ ਗਰਮ ਖਿਆਲੀਆਂ ਦੀ ਸਰਗਰਮੀ ਭਾਰਤ ਸਰਕਾਰ ਨੂੰ ਸਤਾ ਰਹੀ ਹੈ। ਖੁਫੀਆ ਏਜੰਸੀਆਂ ਮੰਨ ਰਹੀਆਂ ਹਨ, ਵਿਦੇਸ਼ਾਂ ਵਿਚ ਬੈਠੇ ਖਾੜਕੂ ਮੁੜ ਪੰਜਾਬ ਦੀ ਨਾਜ਼ੁਕ ਹਾਲਤ ਦਾ ਲਾਹਾ ਲੈ ਕੇ ਵੱਡੀ ਮੁਸੀਬਤ ਖੜ੍ਹੀ ਕਰ ਸਕਦੇ ਹਨ। ਏਜੰਸੀਆਂ ਦਾ ਖਿਆਲ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਵਾਪਰੀਆਂ ਕਈ ਘਟਨਾਵਾਂ ਨੇ ਗਰਮ ਖਿਆਲੀਆਂ ਨੂੰ ਮੁੜ ਉਤਸ਼ਾਹਿਤ ਕੀਤਾ ਹੈ ਤੇ ਉਹ ਇਸ ਵੇਲੇ ਪੰਜਾਬ ਨੂੰ ਪੂਰੀ ਤਰ੍ਹਾਂ ਤਿਆਰ ਮੈਦਾਨ ਵਜੋਂ ਵੇਖ ਰਹੇ ਹਨ। ਸੂਤਰਾਂ ਅਨੁਸਾਰ ਖਾੜਕੂਆਂ ਦੀਆਂ ਸਰਗਰਮੀਆਂ ਤੋਂ ਪੰਜਾਬ ਸਰਕਾਰ ਵੀ ਭੈਅ ਭੀਤ ਤੇ ਇਸ ਲਈ ਪਿਛਲੇ ਸਮੇਂ ਦੌਰਾਨ ਭਾਈ ਦਲਜੀਤ ਸਿੰਘ ਬਿੱਟੂ ਸਣੇ ਚੋਟੀ ਦੇ ਗਰਮ ਖਿਆਲੀਏ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਹੈ।

ਉਂਜ ਵੀ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਪੰਜਾਬੀ ਨੌਜਵਾਨੀ ਵਿਚ ਬੇਹੱਦ ਬੇਚੈਨੀ ਪਾਈ ਜਾ ਰਹੀ ਹੈ ਤੇ ਉਨ੍ਹਾਂ ਨੂੰ ਕੋਈ ਰਾਹ ਨਜ਼ਰ ਨਹੀਂ ਆ ਰਿਹਾ। ਕੇਂਦਰੀ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਹਨ ਕਿ ਖਾੜਕੂ ਕਲਾਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨਾਲ ਸੰਪਰਕ ਬਣ ਕੇ ਉਨ੍ਹਾਂ ਨੂੰ ਹਥਿਆਬੰਦ ਲੜਾਈ ਲਈ ਲਾਮਬੰਦ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਪੰਜਾਬ ਵਿਚੋਂ ਫੜੀ ਗਈ ਆਰਡੀਐਕਸ ਤੇ ਹਥਿਆਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

# ਖਿਡਾਰੀਆਂ ਦਾ ਨਾਂ ਨਸ਼ਿਆਂ ਨਾਲ ਜੁੜਨ ਤੋਂ ਸਭ ਹੱਕੇ-ਬੱਕੇ

ਤੇ ਉਸ ਦਾ ਟਾਲ ਮਟੋਲ ਵਾਲਾ ਰਵੱਈਆ ਮਾਮਲੇ ਨੂੰ ਹੋਰ ਉਲਝਾ ਗਿਆ ਹੈ। ਵਿਜੇਂਦਰ ਦੀ ਪਤਨੀ ਅਰਚਨਾ ਦੀ ਕਾਰ ਪੁਲਿਸ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਐਨ.ਆਰ.ਆਈ. ਅਨੂਪ ਸਿੰਘ ਕਾਹਲੋਂ ਦੇ ਘਰ ਨੇੜਿਓਂ ਮਿਲੀ ਸੀ ਜਿਸ ਕਰ ਕੇ ਇਹ ਮਾਮਲਾ ਗੰਭੀਰ ਬਣ ਗਿਆ ਹੈ।

ਯਾਦ ਰਹੇ ਕਿ ਛੱਬੀ ਕਿਲੋ ਹੈਰੋਇਨ ਜ਼ੀਰਕਪੁਰ ਸ਼ਹਿਰ ਵਿਚੋਂ ਪਰਵਾਸੀ ਭਾਰਤੀ ਕਾਹਲੋਂ ਦੇ ਘਰੋਂ ਫੜੀ ਗਈ ਸੀ। ਵਿਜੇਂਦਰ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਵੱਲੋਂ ਫੜੇ ਗਏ ਐਨ.ਆਰ.ਆਈ. ਅਨੂਪ ਸਿੰਘ ਕਾਹਲੋਂ ਨਾਲ ਉਸ ਦੇ ਕੋਈ ਸਬੰਧ ਨਹੀਂ ਹਨ। ਹੈਰੋਇਨ ਦੀ ਇਸ ਖੇਪ ਦੀ ਕੌਮਾਂਤਰੀ ਮੰਡੀ ਵਿਚ ਕੀਮਤ 130 ਕਰੋੜ ਰੁਪਏ ਬਣਦੀ ਹੈ। ਪੁਲਿਸ ਨੇ ਕਾਹਲੋਂ ਤੋਂ ਇਲਾਵਾ ਉਸ ਦੇ ਡਰਾਈਵਰ ਕੁਲਵਿੰਦਰ ਸਿੰਘ ਉਰਫ ਰੌਕੀ (ਪਿੰਡ ਬਡਾਲਾ, ਨਵਾਂ ਸ਼ਹਿਰ) ਤੇ ਉਸ ਦੇ ਚਾਰ ਸਾਥੀ ਫੜੇ ਹਨ ਜਿਨ੍ਹਾਂ ਦੀ ਪਛਾਣ ਕੁਲਦੀਪ, ਸੰਦੀਪ, ਗੱਬਰ ਤੇ ਮਨੀ ਵਜੋਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਪੁੱਛ-ਪੜਤਾਲ ਦੌਰਾਨ ਕਾਹਲੋਂ ਨੇ ਦੋਸ਼ ਲਾਏ ਸਨ ਕਿ ਵਿਜੇਂਦਰ ਸਿੰਘ ਤੇ ਰਾਮ ਸਿੰਘ ਉਸ ਦੇ 'ਗਾਹਕ' ਸਨ ਤੇ ਅਕਸਰ ਉਸ ਕੋਲ ਆਉਂਦੇ ਸਨ। ਰਾਮ ਸਿੰਘ ਪੰਜਾਬ ਪੁਲਿਸ ਵਿਚ ਇੰਸਪੈਕਟਰ ਹੈ ਤੇ ਕੱਲ੍ਹ ਤੱਕ ਐਨ.ਆਈ.ਐਸ. ਪਟਿਆਲਾ ਵਿਚ ਆ ਰਹੀਆਂ ਖੇਡਾਂ ਦੀ ਤਿਆਰੀ ਕਰ ਰਿਹਾ ਸੀ। ਹੁਣ ਉਸ ਨੂੰ ਉਥੋਂ ਕੱਢ ਦਿੱਤਾ ਗਿਆ ਹੈ।



ਰਾਮ ਸਿੰਘ



ਵਿਜੇਂਦਰ ਸਿੰਘ

ਪੁਲਿਸ ਅਨੁਸਾਰ ਕਾਹਲੋਂ ਨੇ ਪੁੱਛ-ਪੜਤਾਲ ਦੌਰਾਨ ਭਲਵਾਨ ਜਗਦੀਸ਼ ਭੋਲਾ ਦਾ ਨਾਂ ਲਿਆ ਜੋ ਇਸ ਗਰੋਹ ਦਾ ਮੁਖੀ ਹੈ। ਭੋਲਾ ਪੰਜਾਬ ਪੁਲੀਸ ਵਿਚੋਂ ਕੱਢਿਆ ਗਿਆ ਡੀ.ਐਸ.ਪੀ. ਹੈ ਤੇ ਉਹ ਮੁਹਾਲੀ ਦੇ 10 ਫੇਜ਼ ਵਿਚ ਰਹਿੰਦਾ ਹੈ। ਉਸ ਦੇ ਘਰ ਛਾਪੇ ਵਿਚ ਪੁਲਿਸ ਨੇ 10 ਕਿਲੋ ਰਸਾਇਣਕ ਪਾਊਡਰ, 8.70 ਲੱਖ ਰੁਪਏ ਦੀ ਨਕਦੀ ਤੇ ਕੁਝ ਪੈਕਿੰਗ ਸਮੱਗਰੀ ਬਰਾਮਦ ਕੀਤੀ ਹੈ। ਮਗਰੋਂ ਪੁਲਿਸ ਨੇ ਦੱਸਿਆ ਕਿ ਭੋਲੇ ਦੇ ਘਰੋਂ 10 ਕਰੋੜ ਰੁਪਏ ਦੇ ਮੁੱਲ ਦੀ ਦੋ ਕਿਲੋ ਹੈਰੋਇਨ ਵੀ ਮਿਲੀ ਹੈ।

ਉਧਰ, ਵਿਜੇਂਦਰ ਦੇ ਸਾਥੀ ਮੁੱਕੇਬਾਜ਼ ਅਤੇ ਮਿੱਤਰ ਰਾਮ ਸਿੰਘ ਦੇ ਬਿਆਨਾਂ ਮੁਤਾਬਕ ਦੋਵਾਂ ਨੇ ਪੰਜ-ਛੇ ਵਾਰੀ ਕੌਮਾਂਤਰੀ ਸਮਗਲਰ ਅਨੂਪ ਸਿੰਘ ਕਾਹਲੋਂ ਕੋਲੋਂ ਹੈਰੋਇਨ ਖ਼ਰੀਦੀ ਸੀ ਤੇ ਵਿਜੇਂਦਰ ਸਿੰਘ ਨੂੰ ਸਮਗਲਿੰਗ ਦਾ ਵੀ ਇਲਮ ਸੀ। ਪੁਲਿਸ ਸੂਤਰਾਂ ਅਨੁਸਾਰ ਰਾਮ ਸਿੰਘ ਨੇ ਤਫ਼ਤੀਸ਼ਕਾਰਾਂ ਨੂੰ ਦੱਸਿਆ ਕਿ ਉਹ ਕਾਹਲੋਂ ਨੂੰ ਕਾਫੀ ਸਮੇਂ ਤੋਂ ਜਾਣਦਾ ਸੀ ਪਰ ਉਸ ਦੀਆਂ ਅਪਰਾਧਕ ਕਾਰਵਾਈਆਂ ਬਾਰੇ ਉਸ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਕਾਹਲੋਂ ਨੇ ਪਹਿਲੀ ਵਾਰ ਦਸੰਬਰ ਮਹੀਨੇ ਉਸ ਨੂੰ ਬਿਨਾਂ ਕੋਈ ਰਕਮ ਲਏ ਦੋ ਗ੍ਰਾਮ ਹੈਰੋਇਨ ਦਿੱਤੀ ਸੀ। ਉਸ ਤੋਂ ਬਾਅਦ ਉਸ ਨੇ ਤੇ ਵਿਜੇਂਦਰ ਨੇ ਚਾਰ-ਪੰਜ ਵਾਰ ਹੈਰੋਇਨ ਲਈ ਸੀ। ਇਹ ਕੁਝ ਉਨ੍ਹਾਂ ਨੇ ਤਜਰਬੇ ਦੇ ਤੌਰ 'ਤੇ ਕੀਤਾ ਸੀ। ਇਹ ਡਰੱਗ ਲੈਣ ਤੋਂ ਬਾਅਦ ਦੋਵਾਂ ਨੇ ਮੁਕਾਬਲਿਆਂ ਵਿਚ ਹਿੱਸਾ ਲੈਣ ਤੋਂ ਗੁਰੇਜ਼ ਕੀਤਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਡਾ. ਰਣਜੀਤ ਧਾਲੀਵਾਲ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਮਿਲਕਰੀਕ ਰਹਿੰਦੇ ਡਾ. ਰਣਜੀਤ ਸਿੰਘ ਧਾਲੀਵਾਲ ਲੰਘੀ 3 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ। ਡਾ. ਦਲੀਪ ਸਿੰਘ ਧਾਲੀਵਾਲ ਅਤੇ ਸਰਦਾਰਨੀ ਸੁਰਿੰਦਰ ਕੌਰ ਧਾਲੀਵਾਲ ਦੇ ਸਪੁੱਤਰ ਡਾ. ਰਣਜੀਤ ਧਾਲੀਵਾਲ 65 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਦੋ ਧੀਆਂ-ਆਨਾ ਧਾਲੀਵਾਲ (ਵੀਅਤਨਾਮ) ਅਤੇ ਓਲੀਵੀਆ ਧਾਲੀਵਾਲ (ਬੋਸਟਨ), ਦੋ ਪੁੱਤਰ-ਸਮਸ਼ੇਰ ਸਿੰਘ ਧਾਲੀਵਾਲ ਅਤੇ ਦਵਿੰਦਰਪਾਲ ਸਿੰਘ ਧਾਲੀਵਾਲ (ਐਰੀ, ਪੈਨਸਿਲਵੇਨੀਆ), ਦੋ ਭਰਾ-ਵਰਿੰਦਰਜੀਤ ਧਾਲੀਵਾਲ ਅਤੇ ਗੁਰਦੀਪ ਧਾਲੀਵਾਲ (ਕੈਲੀਫੋਰਨੀਆ) ਤੋਂ ਇਲਾਵਾ ਤਿੰਨ ਭੈਣਾਂ-ਸੁਰਜੀਤ ਸੰਘਾ ਤੇ ਰਣਜੀਤ ਟਿਵਾਣਾ (ਇੰਡੀਆ) ਅਤੇ ਮਨਜੀਤ ਭਾਗਵਤ (ਕੈਲੀਫੋਰਨੀਆ) ਛੱਡ ਗਏ ਹਨ।


*ਡਾ. ਰਣਜੀਤ ਸਿੰਘ ਧਾਲੀਵਾਲ*

ਡਾ. ਰਣਜੀਤ ਧਾਲੀਵਾਲ ਨੇ ਮੈਡੀਕਲ ਦੀ ਡਿਗਰੀ ਕ੍ਰਿਸ਼ਚਨ ਮੈਡੀਕਲ ਕਾਲਜ, ਲੁਧਿਆਣਾ ਤੋਂ ਹਾਸਲ ਕੀਤੀ ਅਤੇ ਫਿਰ ਅਮਰੀਕਾ ਆ ਗਏ। ਯੂਨੀਵਰਸਿਟੀ ਆਫ ਕੈਲੀਫੋਰਨੀਆ, ਡੈਵਿਸ ਵਿਚ ਉਹ ਪੜ੍ਹਾਉਂਦੇ ਰਹੇ ਅਤੇ ਫਿਰ 1974 ਵਿਚ ਪੈਨਸਿਲਵੇਨੀਆ ਦੇ ਸ਼ਹਿਰ ਐਰੀ ਮੂਵ ਹੋ ਗਏ ਜਿਥੇ ਉਹ ਰਿਜਨਲ ਕੈਂਸਰ ਸੈਂਟਰ ਵਿਚ ਡਾਕਟਰ ਦੇ ਤੌਰ 'ਤੇ ਕੰਮ ਕਰਦੇ ਰਹੇ। ਐਰੀ ਇਲਾਕੇ 'ਚ ਉਹ ਰੇਡੀਏਸ਼ਨ ਆਨਕਾਲੋਜੀ ਦੇ ਨਾਮੀ ਮਾਹਰ ਸਨ।

ਡਾ. ਰਣਜੀਤ ਧਾਲੀਵਾਲ ਨਮਿੱਤ ਅੰਤਮ ਅਰਦਾਸ ਐਤਵਾਰ 17 ਮਾਰਚ ਨੂੰ ਇਥੇ ਗੁਰਦੁਆਰਾ ਸੱਚ ਖੰਡ, ਰੋਜ਼ਵਿਲ (ਫੋਨ: 916-773-4812) ਵਿਖੇ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਸੰਪਰਕ ਬਰਿੰਦਰਜੀਤ ਸਿੰਘ ਧਾਲੀਵਾਲ ਫੋਨ 916-616-2800 ਰਾਹੀਂ ਕੀਤਾ ਜਾ ਸਕਦਾ ਹੈ।

# ਲਾਹੌਰ ਵਿਚ ਈਸਾਈ ਭਾਈਚਾਰੇ 'ਤੇ ਕਹਿਰ

**ਲਾਹੌਰ (ਬਿਊਰੋ):** ਪਾਕਿਸਤਾਨ ਦੇ ਇਸ ਪੂਰਬੀ ਸ਼ਹਿਰ ਵਿਚ ਕਥਿਤ ਕਾਫਰ ਦੀ ਭਾਲ ਕਰਦਿਆਂ ਘੱਟ ਗਿਣਤੀ ਈਸਾਈ ਭਾਈਚਾਰੇ ਦੇ 150 ਤੋਂ ਵੱਧ ਘਰਾਂ ਨੂੰ ਅੱਗ ਲਗਾਉਣ ਦੇ ਦੋਸ਼ ਹੇਠ ਪੁਲਿਸ ਨੇ ਤਕਰੀਬਨ 50 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਦੋ ਹਜ਼ਾਰ ਤੋਂ ਵਧੇਰੇ ਮੁਸਲਮਾਨਾਂ ਨੇ ਜੋਸਫ ਕਲੋਨੀ ਨੂੰ ਘੇਰ ਲਿਆ ਤੇ ਈਸਾਈਆਂ ਦੇ ਘਰਾਂ ਉਪਰ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ।

ਇਸ ਹਜੂਮ ਦੀ ਅਗਵਾਈ ਸ਼ਫੀਕ ਅਹਿਮਦ ਨਾਮੀ ਵਿਅਕਤੀ ਕਰ ਰਿਹਾ ਸੀ ਜਿਸ ਦਾ ਦਾਅਵਾ ਸੀ ਕਿ ਉਸ ਨੇ ਸਾਵਨ ਮਸੀਹ ਨਾਮੀ ਵਿਅਕਤੀ ਨੂੰ ਪੈਗੰਬਰ ਮੁਹੰਮਦ ਦਾ ਅਪਮਾਨ ਕਰਦਿਆਂ ਦੇਖਿਆ ਹੈ। ਇਸ ਦੌਰਾਨ ਕੁਝ ਵਿਅਕਤੀਆਂ ਨੇ ਮਸੀਹ ਦੇ 65 ਸਾਲਾ ਪਿਤਾ ਚਮਨ ਮਸੀਹ ਨੂੰ ਧੂਹ ਲਿਆਂਦਾ ਤੇ ਉਸ ਦੀ ਕੁੱਟਮਾਰ ਕੀਤੀ। ਇਸ ਪਿੱਛੋਂ ਮਸੀਹ ਦੇ ਘਰ ਨੂੰ ਅੱਗ ਲਾ ਦਿੱਤੀ ਗਈ।

ਇਸ ਘਟਨਾ ਪਿੱਛੋਂ ਇਲਾਕੇ ਵਿਚ ਪੁਲਿਸ ਤਾਇਨਾਤ ਕਰ ਦਿੱਤੀ ਗਈ ਤੇ ਪੁਲਿਸ ਨੇ ਪੈਗੰਬਰ ਦਾ ਅਪਮਾਨ ਕਰਨ ਦੇ ਦੋਸ਼ ਹੇਠ ਮਸੀਹ ਖਿਲਾਫ ਹੀ ਪਰਚਾ ਦਰਜ ਕਰ ਲਿਆ।

## Matrimonials

### ਵਰ ਦੀ ਲੋੜ ਹੈ

ਰਾਮਦਾਸੀਆ ਸਿੱਖ, ਪੰਜਾਬ ਰਹਿੰਦੀ, 26 ਸਾਲ, 5'-5", ਰੰਗ ਸਾਫ, ਬੀ.ਐਸਸੀ (ਨਾਨਮੈਡੀਕਲ) ਐਮ. ਐਸ ਸੀ ਮੈਥ, ਬੀ.ਐਡ, ਅੰਮ੍ਰਿਤਧਾਰੀ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਤਾਇਆ ਤੇ ਭੂਆ ਪਰਿਵਾਰ ਅਮਰੀਕਾ ਦੇ ਪੱਕੇ ਬਾਸ਼ਿੰਦੇ। ਪੂਰੇ ਵੇਰਵੇ ਤੇ ਫੋਟੋ ਸਹਿਤ ਸੰਪਰਕ ਕਰੋ, ਈਮੇਲ: doabasatluj@gmail.com

### ਕੰਨਿਆ ਦੀ ਲੋੜ ਹੈ

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

---

ਸੋਹਣੇ ਸੁਨੱਖੇ ਜੱਟ ਸਿੱਖ ਅਮਰੀਕੀ ਸਿਟੀਜ਼ਨ ਲੜਕੇ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-704-2588 ਜਾਂ ਈਮੇਲ ਕਰੋ: matrimonial.1986@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

---

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com

---

### Companion Wanted

Wanted a Punjabi lady live in help to take care of my household needs. I am a senior retiree, age 80, healthy, widower, living alone, US citizen, busy writing a book in Philadelphia, PA. Write to PO Box 342, Plainsboro, NJ 08536

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਆਂਗ ਸੂ ਕੀ ਫਿਰ ਬਣੀ ਪਾਰਟੀ ਦੀ ਨੇਤਾ

**ਯੰਗੂਨ:** ਮਿਆਂਮਾਰ ਦੀ ਵਿਰੋਧੀ ਪਾਰਟੀ ਨੇ ਆਪਣੀ ਪਹਿਲੀ ਇਤਿਹਾਸਕ ਕਾਂਗਰਸ ਵਿਚ ਨੋਬਲ ਪੁਰਸਕਾਰ ਜੇਤੂ ਆਂਗ ਸਾਨ ਸੂ ਕੀ ਨੂੰ ਫਿਰ ਤੋਂ ਨੇਤਾ ਨਿਯੁਕਤ ਕਰ ਲਿਆ। ਪਾਰਟੀ ਨੂੰ 2015 ਵਿਚ ਹੋਣ ਵਾਲੀਆਂ ਚੋਣਾਂ ਵਿਚ ਜਿੱਤ ਮਿਲਣ ਦੀ ਉਮੀਦ ਹੈ। ਲੰਬਾ ਸਮਾਂ ਸਿਆਸੀ ਕੈਦੀ ਰਹੀ ਸੂ ਕੀ ਪਿਛਲੇ ਸਾਲ ਸੰਸਦ ਮੈਂਬਰ ਬਣੀ ਸੀ। ਇਸ ਸੰਮੇਲਨ ਲਈ ਸੂ ਕੀ ਦੀ ਪਾਰਟੀ ਦੇ ਸੈਂਕੜੇ ਕਾਰਕੁਨ ਸਿਆਸੀ ਸ਼ਕਤੀ ਦਾ ਮੁਜਾਹਰਾ ਕਰਨ ਯੰਗੂਨ ਆਏ। ਇਸ ਪਾਰਟੀ ਵਿਚ ਗੁੱਟਬੰਦੀ ਸ਼ਾਮਲ ਹੋਣ ਕਰਕੇ ਚਾਰ ਮੈਂਬਰਾਂ ਦੀ ਬੈਠਕ ਵਿਚ ਸ਼ਾਮਲ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਦੇਸ਼ ਵਿਚ 2015 ਨੂੰ ਚੋਣਾਂ ਹੋਣ ਦੀ ਉਮੀਦ ਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਿੱਜੀ ਭਾਵਨਾਵਾਂ ਨਾਲ ਦੇਸ਼ ਦੇ ਭਵਿੱਖ ਨੂੰ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ।

# ਅਨੂ ਪੇਸ਼ਾਵਰੀਆ ਵਲੋਂ ਪਰਵਾਸੀਆਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦਾ ਸੱਦਾ

**ਬੌਦੈਲ, ਵਾਸ਼ਿੰਗਟਨ (ਬਿਊਰੋ):** ਉਘੀ ਇਮੀਗ੍ਰੇਸ਼ਨ ਵਕੀਲ ਅਨੂ ਪੇਸ਼ਾਵਰੀਆ ਨੇ ਸਥਾਨਕ ਗੁਰਦੁਆਰਾ ਸਾਹਿਬ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਪਰਵਾਸੀਆਂ ਵਜੋਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦਾ ਸੱਦਾ ਦਿੰਦਿਆਂ ਅਮਰੀਕਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਬਾਰੇ ਉਨ੍ਹਾਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਇਸ ਮੌਕੇ ਘਰੇਲੂ ਹਿੰਸਾ ਦੇ ਮਾਮਲਿਆਂ ਬਾਰੇ ਵੀ ਵੱਖ ਵੱਖ ਪੱਖਾਂ ਤੋਂ ਗੱਲ ਕੀਤੀ। ਉਨ੍ਹਾਂ ਆਖਿਆ ਕਿ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤ ਦੇ ਕਿਸੇ ਮੈਂਬਰ ਨੂੰ ਵੀ ਜੇ ਕਿਸੇ ਮਾਮਲੇ 'ਤੇ ਕਾਨੂੰਨੀ ਜਾਣਕਾਰੀ ਦੀ ਲੋੜ ਹੋਵੇ ਤਾਂ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


*ਅਨੂ ਪੇਸ਼ਾਵਰੀਆ*

ਜ਼ਿਕਰਯੋਗ ਹੈ ਕਿ ਅਨੂ ਪੇਸ਼ਾਵਰੀਆ ਕੈਲੀਫੋਰਨੀਆ ਵਿਚ ਇਕ ਨਾਮੀ ਵਕੀਲ ਹਨ ਅਤੇ ਹਾਲ ਹੀ ਵਿਚ ਉਨ੍ਹਾਂ ਸਿਆਟਲ ਵਿਚ ਆਪਣਾ ਦਫਤਰ ਖੋਲ੍ਹਿਆ ਹੈ। ਉਨ੍ਹਾਂ ਦਾ ਇਕ ਦਫਤਰ ਇੰਡੀਆ ਵਿਚ ਵੀ ਹੈ। ਗੁਰਦੁਆਰਾ ਸਾਹਿਬ ਉਹ ਪ੍ਰਬੰਧਕ ਕਮੇਟੀ ਦੇ ਸੱਦੇ ਉਤੇ ਪਹੁੰਚੇ। ਉਹ ਹੁਣ ਤੱਕ ਅਮਰੀਕਾ ਵਿਚ ਪਰਵਾਸੀਆਂ ਦੇ ਹੱਕਾਂ ਬਾਰੇ ਕਈ ਪੁਸਤਕਾਂ ਵੀ ਲਿਖ ਚੁਕੇ ਹਨ। ਅੰਗਰੇਜ਼ੀ ਵਿਚ ਲਿਖੀ ਉਨ੍ਹਾਂ ਦੀ ਪੁਸਤਕ 'ਲਾਈਵਜ਼ ਆਨ ਦਾ ਬ੍ਰਿੰਕ' ਭਾਰਤੀ ਅਮਰੀਕਨ ਕਾਨੂੰਨਾਂ ਬਾਰੇ ਲਾਹੇਵੰਦ ਪੁਸਤਕ ਗਿਣੀ ਜਾਂਦੀ ਹੈ। ਉਨ੍ਹਾਂ ਸਿਖਿਆ, ਪਰਵਾਸ ਅਤੇ ਕਾਨੂੰਨੀ ਹੱਕਾਂ ਬਾਰੇ ਇਕ ਗੈਰਮੁਨਾਫਾ ਸੰਸਥਾ 'ਇੰਡੀਆ ਵਿਜ਼ਨ ਫਾਊਂਡੇਸ਼ਨ ਵੀ ਬਣਾਈ ਹੋਈ ਹੈ ਜਿਸ ਰਾਹੀਂ ਘਰੇਲੂ ਹਿੰਸਾ, ਪਰਿਵਾਰਕ ਮਾਮਲਿਆਂ, ਪਰਵਾਸ ਮਾਮਲਿਆਂ ਅਤੇ ਮਨੁੱਖੀ ਅਧਿਕਾਰ ਮੁੱਦਿਆਂ ਬਾਰੇ ਲੋੜਵੰਦਾਂ ਨੂੰ ਸਲਾਹ ਮਸ਼ਵਰਾ ਦਿੱਤਾ ਜਾਂਦਾ ਹੈ।

ਅਨੂ ਪੇਸ਼ਾਵਰੀਆ ਨਾਲ ਸੰਪਰਕ ਫੋਨ 510-299-1907 ਜਾਂ 510-353-0102 ਰਾਹੀਂ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com
Balbir (Bill) Grewal, Loan Officer
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.
Loans Available In Most States!

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only


Madan Khatri
Wish you Happy New Year
ਸਮੂਹ ਸਰਪ੍ਰਸਤਾਂ ਨੂੰ
ਨਵਾਂ ਸਾਲ 2013 ਮੁਬਾਰਕ
Madan Khatri 1-847-530-1550
A Broker who can work with you from Beginning to End, Call Now!
Top Producer in 2011 at the Prudential Office!
Interest Rates are below 3.75% and PRICES are DOWN 30% ! Buy A Home anywhere in Metro NOW !!
Prudential at 25 Turner Ave., Elk Grove Village, IL
www.PropertyZoo.com

# ਸੰਸਦ 'ਚ ਸਰਕਾਰ ਤੇ ਵਿਰੋਧੀ ਧਿਰ ਦੇ ਮਿਹਣੇ ਤੇ ਸਿੱਠਣੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਦੇਸ਼ ਦੀ ਦੌਲਤ ਕਿਹੜੀ ਨਾਲੀ ਦੇ ਗੰਦੇ ਵਹਿਣ ਵਿਚ ਵਗੀ ਜਾ ਰਹੀ ਹੈ ਤੇ ਜੇ ਉਸ ਨੂੰ ਪਤਾ ਨਹੀਂ ਲੱਗਦਾ ਜਾਂ ਉਹ ਰੋਕ ਨਹੀਂ ਸਕਦਾ ਤਾਂ ਉਹ ਉਥੇ ਕਿਹੜੀ ਨੀਰੋ ਵਾਲੀ ਬੰਸਰੀ ਵਜਾਉਣ ਲਈ ਬੈਠਾ ਹੋਇਆ ਹੈ? ਅੱਜ ਦਾ ਪ੍ਰਧਾਨ ਮੰਤਰੀ ਜਦੋਂ ਨਰਸਿਮਹਾ ਰਾਓ ਦੇ ਨਾਲ ਖਜ਼ਾਨਾ ਮੰਤਰੀ ਸੀ, ਉਸ ਦੀ ਆਰਥਿਕ ਮੁਹਾਰਤ ਅਤੇ ਬੈਂਕਿੰਗ ਪ੍ਰਣਾਲੀ ਦੀ ਪ੍ਰਬੰਧਕੀ ਯੋਗਤਾ ਦੇ ਬਾਵਜੂਦ ਭਾਰਤ ਦੀ ਸਟਾਕ ਐਕਸਚੇਂਜ ਦਾ ਸਭ ਤੋਂ ਵੱਡਾ ਘੋਟਾਲਾ ਉਦੋਂ ਹੋਇਆ ਸੀ। ਜਦੋਂ ਉਸ ਨੂੰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲ ਗਿਆ ਤਾਂ ਘੋਟਾਲਿਆਂ ਦੀ ਲੜੀ ਬੱਝ ਗਈ। ਟੈਲੀਕਾਮ ਦਾ ਘੋਟਾਲਾ ਵੀ ਇਸ ਪ੍ਰਧਾਨ ਮੰਤਰੀ ਦੇ ਹੁੰਦਿਆਂ ਹੋਇਆ ਤੇ ਕਾਮਨਵੈੱਲਥ ਖੇਡਾਂ ਵਾਲਾ ਘਾਲਾ-ਮਾਲਾ ਵੀ ਇਸੇ ਦੀ ਸਰਕਾਰ ਹੁੰਦਾ ਵੇਖਦੀ ਰਹੀ। ਕੋਲੇ ਦੀਆਂ ਖਾਣਾਂ ਦੀ ਬਾਂਦਰ-ਵੰਡ ਦਾ ਰੌਲਾ ਭਾਵੇਂ ਪਹਿਲਾਂ ਤੋਂ ਪੈਂਦਾ ਆਇਆ ਸੀ, ਪਰ ਖਿਲਾਰਾ ਬਹੁਤਾ ਮਨਮੋਹਨ ਸਿੰਘ ਦੀ ਸਰਕਾਰ ਦੇ ਹੁੰਦਿਆਂ ਇਸ ਲਈ ਪਿਆ ਕਿ ਅੰਨ੍ਹੇ ਵਾਂਗ ਸ਼ੀਰਣੀਆਂ ਵੰਡਣ ਵਿਚ ਕਾਂਗਰਸ ਪਾਰਟੀ ਦੇ ਆਗੂ ਸ਼ਰਮ ਦਾ ਛਿੱਕਾ ਲਾਹ ਕੇ ਜੁੱਟ ਗਏ ਸਨ।***

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅੱਜ ਕੱਲ੍ਹ ਸ਼ੇਅਰ ਬੋਲਣ ਦਾ ਸ਼ੌਕੀਨ ਹੁੰਦਾ ਜਾ ਰਿਹਾ ਹੈ। ਬੀਤੀ ਛੇ ਮਾਰਚ ਦੇ ਦਿਨ ਪਾਰਲੀਮੈਂਟ ਵਿਚ ਰਾਸ਼ਟਰਪਤੀ ਦੇ ਭਾਸ਼ਣ ਲਈ ਧੰਨਵਾਦ ਦੇ ਮਤੇ ਉਤੇ ਬਹਿਸ ਵੇਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵਿਰੋਧੀ ਧਿਰ ਤੋਂ ਮੰਗਿਆ ਗਿਆ ਸਹਿਯੋਗ ਨਾ ਮਿਲਣ ਕਰ ਕੇ ਇੱਕ ਸ਼ੇਅਰ ਪੜ੍ਹਿਆ ਕਿ 'ਹਮ ਕੋ ਹੈ ਉਨ ਸੇ ਵਫਾ ਕੀ ਉਮੀਦ, ਜੋ ਨਹੀਂ ਜਾਨਤੇ ਕਿ ਵਫਾ ਕਿਆ ਹੈ।' ਜਵਾਬ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਵੀ ਇੱਕ ਸ਼ੇਅਰ ਪੜ੍ਹ ਦਿੱਤਾ ਕਿ 'ਕੁਛ ਤੋ ਮਜਬੂਰੀਆਂ ਰਹੀ ਹੋਂਗੀ ਆਖਰ, ਯੂੰ ਹੀ ਤੋ ਨਹੀਂ ਕੋਈ ਬੇਵਫਾ



*ਸੁਸ਼ਮਾ ਸਵਰਾਜ*

ਹੋਤਾ।' ਭਾਰਤ ਦੀ ਰਾਜਨੀਤੀ ਵਿਚ ਇਨ੍ਹਾਂ ਦੋਵਾਂ ਸ਼ੇਅਰਾਂ ਦਾ ਅਰਥ ਬਹੁਤ ਗੁੱਝਾ ਹੈ।

ਪਹਿਲੀ ਗੱਲ ਤਾਂ ਸਮਝ ਵਿਚ ਆਉਂਦੀ ਹੈ ਕਿ ਪ੍ਰਧਾਨ ਮੰਤਰੀ ਨੂੰ ਵਿਰੋਧੀ ਧਿਰ ਤੋਂ ਸਹਿਯੋਗ ਨਹੀਂ ਮਿਲਿਆ ਤੇ ਉਸ ਨੂੰ ਇਸ ਦਾ ਦੁੱਖ ਹੈ। ਇਹ ਦੁੱਖ ਕਿਹੜੀ ਸਰਕਾਰ ਦੇ ਮੁਖੀ ਨੂੰ ਨਹੀਂ ਹੁੰਦਾ? ਹੁਣੇ ਜਿਹੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਬਦਲੀ ਹੈ ਤੇ ਮੁੱਖ ਮੰਤਰੀ ਦੀ ਕੁਰਸੀ ਤੋਂ ਉਠ ਕੇ ਵਿਰੋਧੀ ਧਿਰ ਵਿਚ ਆਏ ਭਾਜਪਾ ਆਗੂ ਪ੍ਰੇਮ ਕੁਮਾਰ ਧੂਮਲ ਨੇ ਨਵੇਂ ਕਾਂਗਰਸੀ ਮੁੱਖ ਮੰਤਰੀ ਅੱਗੇ ਮੰਗ ਰੱਖ ਦਿੱਤੀ ਹੈ ਕਿ ਵਿਧਾਨ ਸਭਾ ਵਿਚ ਡਿਪਟੀ ਸਪੀਕਰ ਵਿਰੋਧੀ ਧਿਰ ਵਿਚੋਂ ਹੋਣਾ ਚਾਹੀਦਾ ਹੈ। ਕਾਂਗਰਸੀ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਅੱਗੋਂ ਇਹ ਕਹਿ ਦਿੱਤਾ ਹੈ ਕਿ ਪਿਛਲੀ ਵਾਰੀ ਅਸੀਂ ਵੀ ਇਹ ਮੰਗ ਕੀਤੀ ਸੀ, ਜੇ ਪ੍ਰੇਮ ਕੁਮਾਰ ਧੂਮਲ ਨੇ ਉਦੋਂ ਮੰਨੀ ਸੀ ਤਾਂ ਅਸੀਂ ਵੀ ਮੰਨ ਲੈਂਦੇ ਹਾਂ, ਪਰ ਧੂਮਲ ਨੇ ਤਾਂ ਸਾਡੇ ਵਿਰੋਧੀ ਧਿਰ ਦਾ ਆਗੂ ਹੋਣ ਦੀ ਪ੍ਰਵਾਨਗੀ ਵੀ ਰੋਕ ਲਈ ਸੀ। ਪੰਜਾਬ ਵਿਚ ਵੀ ਸਹਿਯੋਗ ਨਾ ਮਿਲਣ ਦੇ ਏਦਾਂ ਦੇ ਕਈ ਮਿਹਣੇ ਅਕਾਲੀਆਂ ਨੇ ਕਾਂਗਰਸੀਆਂ ਨੂੰ ਮਾਰੇ ਹੋਏ ਹਨ ਤੇ ਜਦੋਂ ਕਾਂਗਰਸ ਦਾ ਰਾਜ ਸੀ, ਉਸ ਦੇ ਆਗੂ ਵੀ ਏਦਾਂ ਦਾ ਮਿਹਣਾ ਅਕਾਲੀਆਂ ਨੂੰ ਮਾਰ ਦਿੰਦੇ ਰਹੇ ਸਨ। ਪ੍ਰਧਾਨ ਮੰਤਰੀ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਵਿਰੋਧੀ ਧਿਰ ਵਲੋਂ ਜੇ ਸਹਿਯੋਗ ਨਹੀਂ ਮਿਲਿਆ ਤਾਂ ਇਹ ਵੀ ਕੋਈ ਨਵੀਂ ਗੱਲ ਨਹੀਂ ਕਹੀ ਜਾ ਸਕਦੀ।

ਜਿੱਥੋਂ ਤੱਕ ਬੇਵਫਾਈ ਦਾ ਸਬੰਧ ਹੈ, ਉਹ ਸਿਰਫ ਇੱਕ ਦੂਸਰੇ ਨਾਲ ਸਹਿਯੋਗ ਕਰਨ ਦੇ ਮਾਮਲੇ ਵਿਚ ਨਹੀਂ, ਹੋਰ ਵੀ ਕਈ ਗੱਲਾਂ ਵਿਚ ਲੱਭਦੀ ਹੈ। ਮਿਸਾਲ ਵਜੋਂ ਵਿਰੋਧੀ ਧਿਰ ਦੀ ਜਿਸ ਆਗੂ ਸੁਸ਼ਮਾ ਸਵਰਾਜ ਨੇ ਇਹ ਕਹਿ ਦਿੱਤਾ ਹੈ ਕਿ 'ਕੁਛ ਤੋ ਮਜਬੂਰੀਆਂ ਰਹੀ ਹੋਂਗੀ ਆਖਰ, ਯੂੰ ਹੀ ਤੋ ਨਹੀਂ ਕੋਈ ਬੇਵਫਾ ਹੋਤਾ', ਉਹ ਪਹਿਲਾਂ ਭਾਰਤੀ ਜਨਤਾ ਪਾਰਟੀ ਬਣਾਉਣ ਦੀ ਵੀ ਵਿਰੋਧੀ ਹੁੰਦੀ ਸੀ ਤੇ ਭਾਜਪਾ ਦੇ ਬਣਨ ਤੋਂ ਬਾਅਦ ਵੀ ਅੱਠ ਸਾਲ ਉਸ ਦੇ ਵਿਰੋਧ ਦੀ ਧਿਰ ਨਾਲ ਖੜੀ ਰਹੀ ਸੀ। ਉਸ ਦੀ ਮਜਬੂਰੀ ਇਹ ਸੀ ਕਿ ਹਰਿਆਣੇ ਵਿਚ ਉਸ ਦੇ ਪੈਰ ਨਹੀਂ ਸਨ ਲੱਗ ਰਹੇ ਤੇ ਜਦੋਂ ਉਹ ਭਾਜਪਾ ਨਾਲ ਜਾ ਖੜੀ ਹੋਈ ਤਾਂ ਇੱਕ ਵਾਰ ਤਿੰਨ ਮਹੀਨੇ ਲਈ ਦਿੱਲੀ ਦੀ 'ਪਹਿਲੀ ਮਹਿਲਾ ਮੁੱਖ ਮੰਤਰੀ' ਬਣ ਗਈ ਤੇ ਫਿਰ ਤਰੱਕੀ ਕਰਦੀ ਹੁਣ ਦੇਸ਼ ਦੀ ਵਿਰੋਧੀ ਧਿਰ ਦੀ ਮੁੱਖ ਆਗੂ ਬਣ ਕੇ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਵੀ ਦਾਅਵੇਦਾਰ ਬਣੀ ਹੋਈ ਹੈ। ਸੱਤਾ ਦੀ ਪੌੜੀ ਚੜ੍ਹਨ ਦੀ ਇਸ ਖਾਹਿਸ਼ ਨੂੰ 'ਕੁਛ ਤੋ ਮਜਬੂਰੀਆਂ ਰਹੀ ਹੋਂਗੀ' ਕਹਿ ਦੇਣ ਨਾਲ ਉਹ ਆਪਣੀ ਦਲ-ਬਦਲੀ ਤੇ ਫਿਰ ਕਰਨਾਟਕਾ ਦੇ ਖਾਣ-ਮਾਫੀਆ ਅਖਵਾਉਂਦੇ ਰੈਡੀ-ਬ੍ਰਦਰਜ਼ ਤੱਕ ਦੀ ਗਾਡ-ਮਦਰ ਦੀ ਭੂਮਿਕਾ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੀ ਸਮਝ ਲੈਣੀ ਚਾਹੀਦੀ ਹੈ।

ਦੂਸਰੇ ਪਾਸੇ ਡਾ. ਮਨਮੋਹਨ ਸਿੰਘ ਹੈ, ਉਹ ਵੀ ਕੋਈ ਪੱਕਾ ਕਾਂਗਰਸੀ ਨਹੀਂ ਸੀ ਹੁੰਦਾ। ਜਦੋਂ ਹਾਲੇ ਕਾਲਜ ਦੇ ਵਿਦਿਆਰਥੀਆਂ ਨੂੰ ਆਰਥਿਕਤਾ ਦੇ ਲੈਕਚਰ ਦਿੰਦਾ ਹੁੰਦਾ ਸੀ, ਉਦੋਂ ਉਹ ਭਾਰਤੀ ਪੂੰਜੀਵਾਦ ਦੇ ਮਾਡਲ ਅਤੇ ਸਾਮਰਾਜਵਾਦ ਦੇ ਵਿਰੋਧ ਵਿਚ ਸਮਾਜਵਾਦ ਦੀਆਂ ਗੱਲਾਂ ਕਰਦਾ ਰਿਹਾ ਸੀ। ਇੱਕ ਵਾਰ ਨਕਸਲੀ ਲਹਿਰ ਦੇ ਇੱਕ ਆਗੂ ਨੇ ਆਪਣੀ ਬੁੱਢੇ-ਵਾਰੇ ਦਿੱਤੀ ਇੰਟਰਵਿਊ ਵਿਚ ਇਹ ਭੇਦ ਖੋਲ੍ਹਿਆ ਸੀ ਕਿ ਫੜੇ ਜਾਣ ਵੇਲੇ ਪੁਲਿਸ ਵਾਲੇ ਉਸ ਤੋਂ ਜੋ ਕੁਝ ਮਨਮੋਹਨ ਸਿੰਘ ਬਾਰੇ ਪੁੱਛਦੇ ਸਨ, ਜੇ ਉਹ ਸਾਰਾ ਕੁਝ ਦੱਸ ਦਿੰਦਾ ਤਾਂ ਭਾਰਤ ਦੇ ਲੋਕ ਅੱਜ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀਆਂ ਨੀਤੀਆਂ ਨੂੰ ਭੁਗਤਣ ਤੋਂ ਬਚ ਜਾਣੇ ਸਨ। ਉਸ ਸਮੇਂ ਦਾ ਸਮਾਜਵਾਦੀ ਲਹਿਰ ਦਾ ਏਡਾ ਹਮਦਰਦ ਮਨਮੋਹਨ ਸਿੰਘ ਅੱਜ ਜਾਰਜ ਬੁਸ਼ ਅਤੇ ਬਰਾਕ ਓਬਾਮਾ ਨਾਲ ਬਗਲਗੀਰ ਹੋ ਕੇ ਇਹ ਕਹਿੰਦਾ ਹੈ ਕਿ ਭਾਰਤ ਦੇ ਲੋਕ ਤੁਹਾਨੂੰ ਬੜਾ ਪਿਆਰ ਕਰਦੇ ਹਨ। ਇਸ ਪਿੱਛੇ ਡਾ. ਮਨਮੋਹਨ ਸਿੰਘ ਦੀਆਂ ਵੀ ਕੁਝ ਮਜਬੂਰੀਆਂ ਹੋ ਸਕਦੀਆਂ ਹਨ। ਹੋਰ ਕੁਝ ਨਹੀਂ ਤਾਂ ਇਹੋ ਮਜਬੂਰੀ ਹੋਵੇਗੀ ਕਿ ਭਾਵੇਂ ਸਰਕਾਰ ਕੋਈ ਪਿਛਲੀ ਸੀਟ ਉਤੇ ਬੈਠਾ ਚਲਾਈ ਜਾਂਦਾ ਹੋਵੇ ਤੇ ਬੇਗਾਨੇ ਕੀਤੇ ਨੂੰ ਆਪਣੇ ਸਿਰ ਲੈਣ ਨੂੰ ਉਸ ਨੂੰ ਅੱਗੇ ਲਾ ਰੱਖਿਆ ਹੋਵੇ, ਫਿਰ ਵੀ ਇਤਿਹਾਸ ਵਿਚ ਇਹੋ ਲਿਖਿਆ ਜਾਣਾ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਤੋਂ ਬਾਅਦ ਸਭ ਤੋਂ ਵੱਧ ਰਾਜ ਕਰਨ ਵਾਲੇ ਬੰਦੇ ਦਾ ਨਾਂ ਮਨਮੋਹਨ ਸਿੰਘ ਸੀ। ਇਹ ਵੀ ਛੋਟੀ ਖਾਹਿਸ਼ ਦੀ ਮਜਬੂਰੀ ਤਾਂ ਨਹੀਂ।

ਕੁਝ ਮਜਬੂਰੀਆਂ ਰਾਜ ਕਰਦੀ ਪਾਰਟੀ ਅਤੇ ਉਸ ਦੇ ਪ੍ਰਧਾਨ ਮੰਤਰੀ ਦੀਆਂ ਹੋਣਗੀਆਂ ਤੇ ਕੁਝ ਵਿਰੋਧੀ ਧਿਰ ਦੇ ਸੁਸ਼ਮਾ ਸਵਰਾਜ ਵਰਗੇ ਆਗੂਆਂ ਦੀਆਂ, ਪਰ ਇੱਕ ਮਜਬੂਰੀ ਸਭ ਤੋਂ ਵੱਡੀ ਇਸ ਦੇਸ਼ ਦੇ ਲੋਕਾਂ ਦੀ ਹੈ। ਪੰਜਾਬੀ ਦਾ ਮੁਹਾਵਰਾ ਹੈ ਕਿ 'ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ।' ਵੱਡੀਆਂ ਕੁਰਸੀਆਂ ਵੱਲ ਝਾਕਣ ਤੋਂ ਪੈਦਾ ਹੋ ਗਈਆਂ ਮਜਬੂਰੀਆਂ ਲੀਡਰਾਂ ਦੀਆਂ ਹਨ, ਉਨ੍ਹਾਂ ਲਈ ਲੜਾਈ ਵੱਡੇ ਲੀਡਰਾਂ ਦੀ ਹੈ, ਪਰ ਖਮਿਆਜ਼ਾ ਇਸ ਦਾ ਦੇਸ਼ ਦੇ ਉਨ੍ਹਾਂ ਲੋਕਾਂ ਨੂੰ ਭੁਗਤਣਾ ਪੈਂਦਾ ਹੈ, ਜਿਹੜੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹਨ, ਔਖੇ-ਸੌਖੇ ਦਿਨ ਗੁਜ਼ਾਰਦੇ ਹਨ ਤੇ ਜਾਣ ਤੋਂ ਪਹਿਲਾਂ ਇਨ੍ਹਾਂ ਲੀਡਰਾਂ ਨੂੰ ਵੋਟਾਂ ਪਾਉਣ ਜੋਗੇ ਵੋਟਰ ਹੋਰ ਪੈਦਾ ਕਰ ਕੇ ਜਾਂਦੇ ਹਨ।

ਮਜਬੂਰੀਆਂ ਵਿਚ ਫਸੇ ਹੋਏ ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਦੇਸ਼ ਦੀ ਦੌਲਤ ਕਿਹੜੀ ਨਾਲੀ ਦੇ ਗੰਦੇ ਵਹਿਣ ਵਿਚ ਵਗੀ ਜਾ ਰਹੀ ਹੈ ਤੇ ਜੇ ਉਸ ਨੂੰ ਪਤਾ ਨਹੀਂ ਲੱਗਦਾ ਜਾਂ ਉਹ ਰੋਕ ਨਹੀਂ ਸਕਦਾ ਤਾਂ ਉਹ ਉਥੇ ਕਿਹੜੀ ਨੀਰੋ ਵਾਲੀ ਬੰਸਰੀ ਵਜਾਉਣ ਲਈ ਬੈਠਾ ਹੋਇਆ ਹੈ? ਅੱਜ ਦਾ ਪ੍ਰਧਾਨ ਮੰਤਰੀ ਜਦੋਂ ਨਰਸਿਮਹਾ ਰਾਓ ਦੇ ਨਾਲ ਖਜ਼ਾਨਾ ਮੰਤਰੀ ਸੀ, ਉਸ ਦੀ ਆਰਥਿਕ ਮੁਹਾਰਤ ਅਤੇ ਬੈਂਕਿੰਗ ਪ੍ਰਣਾਲੀ ਦੀ ਪ੍ਰਬੰਧਕੀ ਯੋਗਤਾ ਦੇ ਬਾਵਜੂਦ ਭਾਰਤ ਦੀ ਸਟਾਕ ਐਕਸਚੇਂਜ ਦਾ ਸਭ ਤੋਂ ਵੱਡਾ ਘੋਟਾਲਾ ਉਦੋਂ ਹੋਇਆ ਸੀ। ਜਦੋਂ ਉਸ ਨੂੰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲ ਗਿਆ ਤਾਂ ਘੋਟਾਲਿਆਂ ਦੀ ਲੜੀ ਬੱਝ ਗਈ। ਟੈਲੀਕਾਮ ਦਾ ਘੋਟਾਲਾ ਵੀ ਇਸ ਪ੍ਰਧਾਨ ਮੰਤਰੀ ਦੇ ਹੁੰਦਿਆਂ ਹੋਇਆ ਤੇ ਕਾਮਨਵੈੱਲਥ ਖੇਡਾਂ ਵਾਲਾ ਘਾਲਾ-ਮਾਲਾ ਵੀ ਇਸੇ ਦੀ ਸਰਕਾਰ ਹੁੰਦਾ ਵੇਖਦੀ ਰਹੀ। ਕੋਲੇ ਦੀਆਂ ਖਾਣਾਂ ਦੀ ਬਾਂਦਰ-ਵੰਡ ਦਾ ਰੌਲਾ ਭਾਵੇਂ ਪਹਿਲਾਂ ਤੋਂ ਪੈਂਦਾ ਆਇਆ ਸੀ, ਪਰ ਖਿਲਾਰਾ ਬਹੁਤਾ ਮਨਮੋਹਨ ਸਿੰਘ ਦੀ ਸਰਕਾਰ ਦੇ ਹੁੰਦਿਆਂ ਇਸ ਲਈ ਪਿਆ ਕਿ ਅੰਨ੍ਹੇ ਵਾਂਗ ਸ਼ੀਰਣੀਆਂ ਵੰਡਣ ਵਿਚ ਕਾਂਗਰਸ ਪਾਰਟੀ ਦੇ ਆਗੂ ਸ਼ਰਮ ਦਾ ਛਿੱਕਾ ਲਾਹ ਕੇ ਜੁੱਟ ਗਏ ਸਨ। ਜਿਹੜੇ ਅੰਬਾਨੀਆਂ ਨੂੰ ਇੰਦਰਾ ਗਾਂਧੀ ਨੇ ਚੁੱਕਿਆ ਸੀ, ਉਹ ਸਮਾਂ ਪਾ ਕੇ ਕਾਂਗਰਸ ਪਾਰਟੀ



*ਡਾ. ਮਨਮੋਹਨ ਸਿੰਘ*

ਦੇ ਵਿਰੋਧ ਦੀ ਧਿਰ ਨਾਲ ਜਾ ਜੁੜੇ ਸਨ ਤੇ ਜਿਹੜੇ ਵਿਜੇ ਦਰੜਾ ਵਰਗਿਆਂ ਨੂੰ ਮਨਮੋਹਨ ਸਿੰਘ ਨੇ ਆਣ ਕੇ ਮੌਕਾ ਬਖਸ਼ਿਆ, ਉਹ ਹੁਣ ਨਰਿੰਦਰ ਮੋਦੀ ਦੇ ਗੁਣ ਗਾਉਂਦੇ ਫਿਰਦੇ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਉਸ ਦੇ ਸਾਥੀ ਕਾਂਗਰਸੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਲੋਕਾਂ ਦੇ ਹਿੱਤਾਂ ਨਾਲ ਇਹ ਬੇਵਫਾਈ ਕਦੋਂ ਕੁ ਤੱਕ ਜਾਰੀ ਰੱਖਣੀ ਹੈ?

ਹੁਣੇ-ਹੁਣੇ ਦੋ ਵੱਡੇ ਘਪਲੇ ਹੋਰ ਹੋ ਗਏ ਹਨ। ਇੱਕ ਤਾਂ ਆਗਸਤਾ ਵੈਸਟਲੈਂਡ ਹੈਲੀਕਾਪਟਰ ਦੀ ਖਰੀਦ ਵਿਚ ਹੋ ਗਿਆ ਹੈ। ਇਸ ਵਿਚ ਭਾਰਤੀ ਜਨਤਾ ਪਾਰਟੀ ਦੇ ਅਟਲ ਬਿਹਾਰੀ ਵਾਜਪਾਈ ਵਾਲੀ ਸਰਕਾਰ ਵੀ ਬਰਾਬਰ ਗੁਨਾਹ ਵਿਚ ਸ਼ਾਮਲ ਲੱਗਦੀ ਹੈ। ਦੂਸਰਾ ਮਾਮਲਾ ਸਿਰਫ ਮਨਮੋਹਨ ਸਿੰਘ ਦੀ ਸਰਕਾਰ ਦੇ ਨਾਂ ਲੱਗਦਾ ਹੈ। ਪਿਛਲੀ ਵਾਰੀ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਇਸ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਗਰੀਬੀ ਦੇ ਮਾਰੇ ਕਿਸਾਨਾਂ ਦੇ ਕਰਜ਼ੇ ਮੁਆਫ ਕਰ ਦੇਣ ਦੀ ਸਕੀਮ ਚਲਾਈ ਗਈ ਸੀ। ਕੁੱਲ ਬਵੰਜਾ ਹਜ਼ਾਰ ਕਰੋੜ ਰੁਪਏ ਦੀ ਇਹ ਕਰਜ਼ਾ ਮੁਆਫੀ ਸਕੀਮ ਸੀ। ਦੇਸ਼ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ, ਜਿਸ ਨੂੰ 'ਕੈਗ' ਕਿਹਾ ਜਾਂਦਾ ਹੈ, ਨੇ ਇਸ ਦੀ ਪੁਣ-ਛਾਣ ਕਰਨ ਵੇਲੇ ਇਹ ਸੱਚ ਉਘਾੜ ਕੇ ਪੇਸ਼ ਕਰ ਦਿੱਤਾ ਕਿ ਜਿਨ੍ਹਾਂ ਕਿਸਾਨਾਂ ਲਈ ਇਹ ਸਕੀਮ ਬਣਾਈ ਗਈ ਸੀ, ਉਨ੍ਹਾਂ ਤੱਕ ਪਹੁੰਚੀ ਹੀ ਨਹੀਂ ਤੇ ਪੈਸਾ ਉਨ੍ਹਾਂ ਨੂੰ ਦੇ ਦਿੱਤਾ ਗਿਆ, ਜਿਨ੍ਹਾਂ ਨੂੰ ਇਹ ਦਿੱਤਾ ਜਾਣਾ ਬਣਦਾ ਹੀ ਨਹੀਂ ਸੀ। ਭਾਰਤ ਦੇ ਕਿਸਾਨਾਂ ਦੀਆਂ ਕਈ ਤਹਿਆਂ ਵਿਚ ਇੱਕ ਉਸ ਕਿਸਮ ਦੇ 'ਕਿਸਾਨ' ਵੀ ਹਨ, ਜਿਹੜੇ ਖੇਤੀ ਨਹੀਂ ਕਰਦੇ, ਖੇਤੀ ਦੇ ਨਾਂ ਉਤੇ ਥੋੜ੍ਹੀ-ਬਹੁਤ ਜ਼ਮੀਨ ਲੈ ਕੇ ਖੇਤੀ ਕਰਨ ਦਾ ਵਿਖਾਵਾ ਕਰਦੇ ਹਨ ਤੇ ਭ੍ਰਿਸ਼ਟਾਚਾਰ ਨਾਲ ਕਮਾਈਆਂ ਰਕਮਾਂ ਨੂੰ ਖੇਤਾਂ ਦੀ ਕਮਾਈ ਆਖ ਕੇ ਕਾਲੀ ਤੋਂ ਚਿੱਟੀ ਕਰ ਲੈਂਦੇ ਹਨ। ਜਦੋਂ ਕੋਈ ਸਬਸਿਡੀ ਆਵੇ, ਉਹ ਵੀ ਸਭ ਤੋਂ ਪਹਿਲਾਂ ਇਨ੍ਹਾਂ ਦੇ ਖਾਤੇ ਵਿਚ ਪੈ ਜਾਂਦੀ ਹੈ। ਇਸ ਕਰਜ਼ਾ ਮੁਆਫੀ ਸਕੀਮ ਵੇਲੇ ਵੀ ਇਹੋ ਕੁਝ ਹੋਇਆ ਸੁਣੀਂਦਾ ਹੈ।

ਜਦੋਂ ਇਸ ਬਾਰੇ ਕੈਗ ਦੀ ਰਿਪੋਰਟ ਸਾਹਮਣੇ ਆਈ ਤਾਂ ਕੇਂਦਰੀ ਮੰਤਰੀ ਅੰਬਿਕਾ ਸੋਨੀ ਨੇ ਇਸ ਨੂੰ ਰੱਦ ਕਰ ਕੇ ਇਹ ਕਹਿ ਦਿੱਤਾ ਕਿ ਕਿਸਾਨਾਂ ਨੇ ਪਿਛਲੀ ਵਾਰੀ ਵੋਟਾਂ ਪਾ ਕੇ ਸਾਡੀ ਸਰਕਾਰ ਬਣਾਈ ਸੀ, ਇਸ ਤੋਂ ਸਾਫ ਹੈ ਕਿ ਪੈਸਾ ਉਨ੍ਹਾਂ ਤੱਕ ਪਹੁੰਚ ਗਿਆ ਹੋਵੇਗਾ। ਇਸ ਦਲੀਲ ਨੂੰ ਕਿਸੇ ਨੇ ਉਂਜ ਵੀ ਨਹੀਂ ਸੀ ਮੰਨਣਾ, ਪਰ ਹੁਣ ਰਿਜ਼ਰਵ ਬੈਂਕ ਨੇ ਹੀ ਬੀਬੀ ਅੰਬਿਕਾ ਦੀ ਗੱਲ ਉਤੇ ਕਾਟਾ ਮਾਰ ਦਿੱਤਾ ਹੈ। ਜਿਹੜੇ ਬੈਂਕਾਂ ਦੇ ਰਾਹੀਂ ਕਿਸਾਨਾਂ ਨੂੰ ਪੈਸਾ ਭੇਜਿਆ ਗਿਆ ਤੇ ਗਲਤ ਹੱਥਾਂ ਵਿਚ ਜਾਂਦਾ ਰਿਹਾ ਸੀ, ਰਿਜ਼ਰਵ ਬੈਂਕ ਨੇ ਉਨ੍ਹਾਂ ਬੈਂਕਾਂ ਦੀ ਬਾਂਹ ਨੂੰ ਮਰੋੜਾ ਚਾੜ੍ਹ ਦਿੱਤਾ ਹੈ ਕਿ ਕੈਗ ਦੀ ਰਿਪੋਰਟ ਆਉਣ ਦੇ ਬਾਅਦ ਉਹ ਸਾਰਾ ਪੈਸਾ ਵਾਪਸ ਕਰਵਾਓ ਜਾਂ ਸਿੱਟੇ ਭੁਗਤਣ ਲਈ ਤਿਆਰ ਹੋ ਜਾਓ। ਇਸ ਦੇ ਨਤੀਜੇ ਵਜੋਂ ਹੁਣ ਬੈਂਕਾਂ ਵਾਲੇ ਹੀ ਡੁੱਲ੍ਹੇ ਹੋਏ ਬੇਰਾਂ ਨੂੰ ਚੁਣਨ ਵਾਲੇ ਪਾਸੇ ਤੁਰਨ ਨੂੰ ਮਜਬੂਰ ਹੋ ਗਏ ਹਨ, ਤੇ ਕੇਂਦਰ ਦੀ ਮੰਤਰੀ ਬੀਬੀ ਆਖਦੀ ਹੈ ਕਿ ਕਿਸਾਨਾਂ ਨੂੰ ਪੈਸੇ ਪਹੁੰਚ ਗਏ ਤੇ ਉਨ੍ਹਾਂ ਨੇ ਸਾਨੂੰ ਵੋਟਾਂ ਪਾ ਦਿੱਤੀਆਂ ਸਨ।

ਸਾਨੂੰ ਬੀਬੀ ਅੰਬਿਕਾ ਸੋਨੀ ਦੇ ਬਿਆਨ ਉਤੇ ਹੈਰਾਨੀ ਬਹੁਤੀ ਨਹੀਂ, ਸਗੋਂ ਇਸ ਤੋਂ ਅਗਲੀ ਕਹਾਣੀ ਉਤੇ ਹੈ। ਪਾਰਲੀਮੈਂਟ ਵਿਚ ਇਸ ਬਾਰੇ ਰੌਲਾ ਪਿਆ ਤਾਂ ਮਸਾਂ ਦੋ ਸਾਈਕਲਾਂ ਦੀ ਸੜਕ ਉਤੇ ਜਾਂਦਿਆਂ ਟੱਕਰ ਹੋਈ ਤੋਂ ਜਿੰਨਾ ਕੁ ਦੋ ਜਣੇ ਲੜ ਪੈਂਦੇ ਹਨ, ਉਸ ਤੋਂ ਵੱਧ ਨਹੀਂ ਪੈ ਸਕਿਆ। ਪ੍ਰਧਾਨ ਮੰਤਰੀ ਨੇ ਆਣ ਕੇ ਕਹਿ ਦਿੱਤਾ ਕਿ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ ਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਵਿਰੋਧੀ ਧਿਰ ਚੁੱਪ ਕੀਤੀ ਰਹੀ। ਉਸ ਨੇ ਦੇਸ਼ ਦੇ ਲੋਕਾਂ, ਖਾਸ ਕਰ ਕੇ ਕਿਸਾਨਾਂ, ਦੇ ਹੱਕ ਦਾ ਇਹ ਮੁੱਦਾ ਕਿਉਂ ਨਹੀਂ ਉਠਾਇਆ ਤੇ ਉਨ੍ਹਾਂ ਨਾਲ ਵਫਾ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਬੇਵਫਾਈ ਕਿਉਂ ਕੀਤੀ? ਇਸ ਦੇ ਸਬੰਧ ਵਿਚ ਫਿਰ ਉਹੋ ਸੁਸ਼ਮਾ ਸਵਰਾਜ ਵਾਲਾ ਸ਼ੇਅਰ ਕੰਮ ਸਾਰ ਦੇਵੇਗਾ ਕਿ 'ਕੁਛ ਤੋ ਮਜਬੂਰੀਆਂ ਰਹੀ ਹੋਂਗੀ ਆਖਰ, ਯੂੰ ਹੀ ਤੋ ਨਹੀਂ ਕੋਈ ਬੇਵਫਾ ਹੋਤਾ।' ਇਹ ਮਜਬੂਰੀਆਂ ਉਹ ਨਾ ਵੀ ਦੱਸਣ ਤਾਂ ਲੋਕਾਂ ਨੂੰ ਪਤਾ ਲੱਗ ਜਾਣੀਆਂ ਚਾਹੀਦੀਆ ਹਨ ਕਿ ਜੇ ਵਿਰੋਧੀ ਧਿਰ ਇਸ ਦੇਸ਼ ਦੇ ਲੋਕਾਂ ਨਾਲ ਵਫਾ ਪਾਲਣੀ ਸ਼ੁਰੂ ਕਰ ਦੇਵੇ ਤਾਂ ਉਸ ਦੀ ਆਪਣੀ ਬੁੱਕਲ ਦੇ ਚੋਰ ਵੀ ਨੰਗੇ ਹੋ ਜਾਂਦੇ ਹਨ।

ਟੈਲੀਕਾਮ ਦਾ ਘੋਟਾਲਾ ਹੋਵੇ ਜਾਂ ਕੋਲੇ ਦੀਆਂ ਖਾਣਾਂ ਦਾ, ਹੈਲੀਕਾਪਟਰ ਦੀ ਖਰੀਦ ਵਿਚ ਰਿਸ਼ਵਤ ਦਾ ਕਿੱਸਾ ਹੋਵੇ ਜਾਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ ਆਈ ਰਕਮ ਵਿਚ ਘਾਲੇ-ਮਾਲੇ ਦਾ, ਜਦੋਂ ਹਰ ਗੱਲ ਵਿਚ ਦੋਵੇਂ ਪੱਖਾਂ ਦੀਆਂ ਕੇਂਦਰੀ ਤੇ ਰਾਜਾਂ ਦੀਆਂ ਸਰਕਾਰਾਂ ਸ਼ਾਮਲ ਨਿਕਲ ਰਹੀਆਂ ਹਨ ਤਾਂ ਉਹ ਲੋਕਾਂ ਨਾਲ ਵਫਾ ਕਿਵੇਂ ਕਰ ਸਕਦੇ ਹਨ? ਇੱਕ ਦੂਸਰੇ ਨਾਲ ਬੇਵਫਾਈ ਦੇ ਮਿਹਣੇ ਐਵੇਂ ਵਿਆਹ ਵਿਚ ਨਾਨਕੀਆਂ-ਦਾਦਕੀਆਂ ਦੇ ਹਾਸੇ-ਠੱਠੇ ਵਾਂਗ ਸਿੱਠਣੀਆਂ ਹਨ, ਅਸਲ ਬੇਵਫਾਈ ਤਾਂ ਇਸ ਲੋਕ-ਰਾਜ ਵਿਚ ਲੋਕਾਂ ਨਾਲ ਕੀਤੀ ਜਾ ਰਹੀ ਹੈ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

Radio CK, PO Box 296, Fremont, CA 94537

# ਵਿਆਹੁਤਾ ਦੇ ਕਤਲ ਕੇਸ ਵਿਚ ਪਤੀ, ਸੱਸ ਤੇ ਸਹੁਰੇ ਨੂੰ ਕੈਦ

**ਸੰਗਰੂਰ:** ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਫਾਸਟ ਟਰੈਕ ਅਦਾਲਤ ਵੱਲੋਂ ਵਿਆਹੁਤਾ ਨੂੰ ਦਾਜ ਖਾਤਰ ਮਾਰ ਦੇਣ ਦੇ ਦੋਸ਼ ਹੇਠ ਮ੍ਰਿਤਕਾ ਦੇ ਪਤੀ, ਸੱਸ ਤੇ ਸਹੁਰੇ ਨੂੰ ਦਸ-ਦਸ ਸਾਲ ਦੀ ਕੈਦ ਤੇ ਇਕ-ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਪੁਲਿਸ ਕੇਸ ਅਨੁਸਾਰ ਮ੍ਰਿਤਕਾ ਦੇ ਭਰਾ ਰਣਜੀਤ ਸਿੰਘ ਵਾਸੀ ਲੌਂਗੋਵਾਲ ਨੇ ਸੁਨਾਮ ਪੁਲਿਸ ਕੋਲ 19 ਅਗਸਤ, 2011 ਨੂੰ ਬਿਆਨ ਦਰਜ ਕਰਵਾਇਆ ਸੀ ਕਿ ਉਸ ਦੀ ਭੈਣ ਗੁਰਜੀਤ ਕੌਰ ਦੀ ਸ਼ਾਦੀ ਹਰਵਿੰਦਰ ਸਿੰਘ ਉਰਫ ਹੈਪੀ ਵਾਸੀ ਸੁਨਾਮ ਨਾਲ 5 ਮਈ, 2011 ਨੂੰ ਹੋਈ ਸੀ।

ਵਿਆਹ ਤੋਂ ਮਹੀਨਾ ਬਾਅਦ ਹੀ ਉਸ ਦੀ ਭੈਣ ਦੇ ਸੱਸ-ਸਹੁਰਾ ਤੇ ਪਤੀ ਨੇ ਦਾਜ ਵਿਚ ਮੋਟਰਸਾਈਕਲ ਨਾ ਲਿਆਉਣ ਕਾਰਨ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ 19 ਅਗਸਤ ਨੂੰ ਫੋਨ ਆਇਆ ਕਿ ਅਚਾਨਕ ਗੈਸ ਲੀਕ ਹੋਣ ਤੇ ਅੱਗ ਲੱਗਣ ਕਾਰਨ ਉਸ ਦੀ ਭੈਣ ਦੀ ਸੜਨ ਨਾਲ ਮੌਤ ਹੋ ਗਈ ਹੈ। ਜਦੋਂ ਉਹ ਰਿਸ਼ਤੇਦਾਰਾਂ ਸਮੇਤ ਉਸ ਦੇ ਘਰ ਸੁਨਾਮ ਪੁੱਜੇ ਤਾਂ ਘਰ ਦੀ ਛੱਤ 'ਤੇ ਬਣੀ ਰਸੋਈ ਵਿਚ ਉਸ ਦੀ ਭੈਣ ਸੜਨ ਕਾਰਨ ਮਰੀ ਪਈ ਸੀ।

ਸਿਟੀ ਪੁਲਿਸ ਸੁਨਾਮ ਨੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਮ੍ਰਿਤਕਾ ਦੇ ਪਤੀ ਪਰਮਜੀਤ ਸਿੰਘ ਉਰਫ਼ ਹਰਵਿੰਦਰ ਸਿੰਘ ਉਰਫ਼ ਹੈਪੀ, ਸਹੁਰਾ ਹਰਨੇਕ ਸਿੰਘ ਤੇ ਸੱਸ ਅਮਰਜੀਤ ਕੌਰ ਵਾਸੀਆਨ ਸੁਨਾਮ ਖ਼ਿਲਾਫ਼ ਜ਼ੇਰ ਦਫ਼ਾ 304-ਬੀ, 34 ਆਈ.ਪੀ.ਸੀ. ਦੇ ਤਹਿਤ ਕੇਸ ਦਰਜ ਕਰ ਲਿਆ ਸੀ। ਕੇਸ ਦੀ ਸੁਣਵਾਈ ਮੁਕੰਮਲ ਹੋਣ 'ਤੇ ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਅਦਾਲਤ ਵੱਲੋਂ ਦਾਜ ਦਹੇਜ ਪਿੱਛੇ ਵਿਆਹੁਤਾ ਨੂੰ ਮਾਰਨ ਦੇ ਦੋਸ਼ ਹੇਠ ਪਤੀ, ਸੱਸ ਤੇ ਸਹੁਰੇ ਨੂੰ ਦਸ-ਦਸ ਸਾਲ ਦੀ ਕੈਦ ਤੇ ਇਕ-ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

## ਸਰਪੰਚ ਦਾ ਕਤਲ

**ਗੜ੍ਹਸ਼ੰਕਰ:** ਨਜ਼ਦੀਕੀ ਪਿੰਡ ਪਾਰੋਵਾਲ ਦੇ ਮੌਜੂਦਾ ਸਰਪੰਚ ਸੱਜਣ ਸਿੰਘ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਸਰਪੰਚ ਸੱਜਣ ਸਿੰਘ ਰੋਜ਼ਾਨਾ ਵਾੜੇ ਵਿਚ ਹੀ ਸੌਂਦਾ ਸੀ। ਉਸ ਦੀ ਪਤਨੀ ਜੋਗਿੰਦਰ ਕੌਰ ਨੇ ਦੱਸਿਆ ਕਿ ਜਦੋਂ ਵਾੜੇ ਵਿਚ ਮੱਝਾਂ ਚੋਣ ਲਈ ਉਹ ਸਵੇਰੇ ਆਈ ਤਾਂ ਸਰਪੰਚ ਮ੍ਰਿਤਕ ਹਾਲਤ ਵਿਚ ਕਮਰੇ ਵਿਚ ਮੰਜੇ ਤੋਂ ਹੇਠਾਂ ਪਿਆ ਸੀ। ਉਸ ਦੇ ਸਿਰ 'ਤੇ ਕਿਸੇ ਭਾਰੀ ਹਥਿਆਰ ਨਾਲ ਹਮਲਾ ਕੀਤਾ ਗਿਆ ਸੀ। ਪੁਲਿਸ ਵੱਲੋਂ ਪਿੰਡ ਦੇ ਹੀ ਦੋ ਨੌਜਵਾਨਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਹੈ।

## ਪਤੀ ਨਾਲ ਲੜ ਕੇ ਪਤਨੀ ਵੱਲੋਂ ਬੱਚਿਆਂ ਦੀ ਹੱਤਿਆ

**ਮੁਹਾਲੀ:** ਸੈਕਟਰ-70 ਪਿੰਡ ਮਟੌਰ ਵਿਚ ਰਹਿੰਦੀ ਇਕ ਔਰਤ ਨੇ ਪਤੀ ਵੱਲੋਂ ਮਾਰੇ ਥੱਪੜ ਮਗਰੋਂ ਗੁੱਸੇ ਵਿਚ ਪਹਿਲਾਂ ਆਪਣੇ ਦੋ ਮਾਸੂਮ ਬੱਚਿਆਂ ਦੀ ਚੁੰਨੀ ਨਾਲ ਗਲਾ ਘੋਟ ਕੇ ਹੱਤਿਆ ਕਰ ਦਿੱਤੀ ਤੇ ਬਾਅਦ ਵਿਚ ਖੁਦਕੁਸ਼ੀ ਕਰ ਲਈ।

ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਔਰਤ ਦਾ ਪਤੀ ਉੱਤਮ ਕੁਮਾਰ ਘਰ ਤੋਂ ਬਾਹਰ ਗਿਆ ਹੋਇਆ ਸੀ। ਇਹ ਪਰਿਵਾਰ ਮਟੌਰ ਦੇ ਵਸਨੀਕ ਜੋਧ ਸਿੰਘ ਦੇ ਮਕਾਨ ਵਿਚ ਕਿਰਾਏ 'ਤੇ ਰਹਿੰਦਾ ਸੀ। ਮ੍ਰਿਤਕਾ ਦੀ ਪਛਾਣ ਬਿੰਦੂ (22) ਉਸ ਦੀ ਵੱਡੀ ਬੇਟੀ ਰਾਧਿਕਾ (6) ਤੇ ਬੇਟਾ ਰਚਿਤ (4) ਵਜੋਂ ਹੋਈ ਹੈ। ਰਾਧਿਕਾ ਪਹਿਲੀ ਕਲਾਸ ਵਿਚ ਪੜ੍ਹਦੀ ਸੀ ਜਦੋਂਕਿ ਰਚਿਤ ਕੇਜੀ ਵਿਚ ਪੜ੍ਹਦਾ ਸੀ। ਉੱਤਮ ਕੁਮਾਰ ਸਫੈਦੀ ਤੇ ਰੰਗ ਰੋਗਨ ਕਰਦਾ ਹੈ। ਲੰਘੀ ਰਾਤ ਪਤੀ-ਪਤਨੀ ਵਿਚ ਪੈਸਿਆਂ ਦੇ ਲੈਣ-ਦੇਣ 'ਤੇ ਤਕਰਾਰ ਹੋਈ ਸੀ ਤੇ ਇਸ ਦੌਰਾਨ ਉੱਤਮ ਨੇ ਪਤਨੀ ਬਿੰਦੂ ਦੇ ਥੱਪੜ ਮਾਰਿਆ ਸੀ ਪਰ ਸੂਤਰਾਂ ਦਾ ਕਹਿਣਾ ਹੈ ਕਿ ਉੱਤਮ ਨੇ ਪਤਨੀ ਨੂੰ ਕਾਫੀ ਕੁੱਟਿਆ ਸੀ।

## ਹੈਰੋਇਨ ਕਾਂਡ ਵਿਚ ਆਈ ਪੀ ਐਸ ਅਫਸਰ ਨੂੰ 13 ਸਾਲ ਕੈਦ

**ਚੰਡੀਗੜ੍ਹ:** ਨਾਰਕੋਟਿਕਸ ਕੰਟਰੋਲ ਬਿਊਰੋ ਚੰਡੀਗੜ੍ਹ ਦੇ ਡਾਇਰੈਕਟਰ ਰਹੇ ਆਈ ਪੀ ਐਸ ਅਧਿਕਾਰੀ ਸਾਜੀ ਮੋਹਨ ਤੇ ਬਿਊਰੋ ਦੇ ਸੁਪਰਡੈਂਟ ਬਲਵਿੰਦਰ ਕੁਮਾਰ ਨੂੰ ਚੰਡੀਗੜ੍ਹ



ਜ਼ਿਲ੍ਹਾ ਅਦਾਲਤ ਨੇ ਸਮਗਲਰਾਂ ਤੋਂ ਫੜੀ ਗਈ ਹੈਰੋਇਨ ਵਿਚ ਹੇਰ-ਫੇਰ ਕਰਨ ਦੇ ਦੋਸ਼ ਹੇਠ 13-13 ਸਾਲ ਕੈਦ ਤੇ 3-3 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦਕਿ ਸਾਜੀ ਮੋਹਨ ਦੇ ਨਿੱਜੀ ਸੁਰੱਖਿਆ ਗਾਰਡ ਜੰਮੂ-ਕਸ਼ਮੀਰ ਪੁਲਿਸ ਦੇ ਸਿਪਾਹੀ ਨਵੀਨ ਕੁਮਾਰ ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਇਸੇ ਮਾਮਲੇ ਵਿਚ ਸਮਗਲਰ ਨਸੀਬ ਚੰਦ ਨੂੰ 10 ਸਾਲ ਕੈਦ ਤੇ ਤਿੰਨ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਹੈ। ਸਾਜੀ ਮੋਹਨ ਦੇ ਹੀ ਸੁਰੱਖਿਆ ਮੁਲਾਜ਼ਮ ਜੰਮੂ-ਕਸ਼ਮੀਰ ਪੁਲਿਸ ਦੇ ਸਿਪਾਹੀ ਦਵਿੰਦਰਪਾਲ ਸਿੰਘ ਨੂੰ ਅਦਾਲਤ ਪਹਿਲਾਂ ਹੀ ਬਰੀ ਕਰ ਚੁੱਕੀ ਹੈ।

ਇਸਤਗਾਸੇ ਅਨੁਸਾਰ ਅਗਸਤ 2009 ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਚੰਡੀਗੜ੍ਹ ਦੇ ਤਤਕਾਲੀ ਨਿਰਦੇਸ਼ਕ ਸਾਜੀ ਮੋਹਨ ਤੇ ਬਿਊਰੋ ਦੇ 4 ਹੋਰ ਮੁਲਾਜ਼ਮਾਂ ਵਿਰੁਧ ਜੰਮੂ-ਕਸ਼ਮੀਰ ਸਰਹੱਦ ਤੋਂ ਫੜੀ ਗਈ ਹੈਰੋਇਨ ਨੂੰ ਮਾਲਖਾਨੇ ਵਿਚੋਂ ਖੁਰਦ-ਬੁਰਦ ਕਰਕੇ ਵੇਚਣ ਦੇ ਦੋਸ਼ ਹੇਠ ਪਰਚਾ ਦਰਜ ਕੀਤਾ ਗਿਆ ਸੀ ਕਿਉਂਕਿ ਇਸ ਤੋਂ ਪਹਿਲਾਂ ਜਨਵਰੀ 2009 ਨੂੰ ਐਂਟੀ ਟੈਰੋਰਿਸਟ ਸਕੁਐਡ ਮੁੰਬਈ ਨੇ ਸਾਜੀ ਮੋਹਨ ਨੂੰ ਮੁੰਬਈ ਵਿਚ 12 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ।

# ਐਸ ਐਸ ਪੀ ਸਣੇ ਚਾਰ ਪੁਲਿਸ ਅਫ਼ਸਰਾਂ ਨੂੰ ਦਸ-ਦਸ ਸਾਲ ਕੈਦ

**ਪਟਿਆਲਾ:** ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਇਕ ਨੌਜਵਾਨ ਨੂੰ ਅਗਵਾ ਕਰ ਕੇ ਲਾਪਤਾ ਕਰਨ ਦੇ ਦੋ ਦਹਾਕੇ ਪਹਿਲਾਂ ਦਰਜ ਕੇਸ ਦਾ ਫੈਸਲਾ ਸੁਣਾਉਂਦਿਆਂ ਅੰਮ੍ਰਿਤਸਰ (ਦਿਹਾਤੀ) ਦੇ ਮੌਜੂਦਾ ਐਸ ਐਸ ਪੀ ਪ੍ਰੀਤਪਾਲ ਸਿੰਘ ਵਿਰਕ, ਮੁਹਾਲੀ ਦੇ ਡੀ ਐਸ ਪੀ ਰਾਜਿੰਦਰ ਸਿੰਘ ਸੋਹਲ ਤੇ ਇਕ ਸੇਵਾ ਮੁਕਤ ਡੀ ਐਸ ਪੀ ਸਮੇਤ ਛੇ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਤਿੰਨ ਤੋਂ ਦਸ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਹੈ।

ਇਹ ਕੇਸ ਸੀ ਬੀ ਆਈ ਜਾਂਚ ਪਿੱਛੋਂ ਦਰਜ ਕੀਤਾ ਗਿਆ ਸੀ। ਅਗਵਾ ਕੀਤੇ ਗਏ ਨੌਜਵਾਨ ਦੀ ਅੱਜ ਤੱਕ ਕੋਈ ਉਘ-ਸੁਘ ਨਹੀਂ ਮਿਲੀ। ਵਿਸ਼ੇਸ਼ ਜੱਜ ਹੇਮੰਤ ਗੋਪਾਲ ਦੀ ਅਦਾਲਤ ਨੇ ਚਾਰ ਜਣਿਆਂ ਨੂੰ ਦਸ-ਦਸ ਸਾਲਾਂ ਦੀ ਕੈਦ ਜਦੋਂਕਿ ਮੁਹਾਲੀ ਵਿਖੇ ਡੀ ਐਸ ਪੀ ਰਾਜਿੰਦਰ ਸਿੰਘ ਸੋਹਲ ਤੇ ਗੰਡਾ ਸਿੰਘ ਨਾਮੀ ਇਕ ਹੋਰ ਪੁਲਿਸ ਮੁਲਜ਼ਮ ਨੂੰ 3-3 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀ ਬੀ ਆਈ ਵੱਲੋਂ ਕੀਤੀ ਗਈ ਜਾਂਚ ਉਪਰੰਤ ਦਰਜ ਕੀਤਾ ਗਿਆ ਸੀ। ਜਾਂਚ ਅਨੁਸਾਰ ਸੁਨਾਮ ਵਾਸੀ ਤੇਜਿੰਦਰ ਸਿੰਘ ਤੇ ਉਸ ਦੇ ਪਿਤਾ ਬੁੱਧ ਸਿੰਘ ਸਮੇਤ ਉਨ੍ਹਾਂ ਦੇ ਘਰੇਲੂ ਨੌਕਰ ਨੂੰ ਮਈ 1993 ਵਿਚ ਸੰਗਰੂਰ ਪੁਲਿਸ ਨੇ ਚੁੱਕ ਲਿਆ ਸੀ। ਉਸ ਵਕਤ ਵਿਰਕ ਸੰਗਰੂਰ ਵਿਚ ਐਸ ਪੀ (ਡੀ) ਸੀ, ਜਦਕਿ ਸ਼ਮਸ਼ੇਰ ਸਿੰਘ ਸੀ ਆਈ ਏ ਸਟਾਫ ਭਵਾਨੀਗੜ੍ਹ ਦਾ ਇੰਚਾਰਜ ਤੇ ਸੋਹਲ ਥਾਣਾ ਮਲੇਰਕੋਟਲਾ ਦਾ ਐਸ ਐਚ ਓ ਤੇ ਬਾਕੀ ਤਿੰਨੇ ਮੁਜਰਮ ਪੁਲਿਸ ਲਾਈਨ ਸੰਗਰੂਰ ਤਾਇਨਾਤ ਸਨ। ਉਹ ਤਿੰਨਾਂ ਨੂੰ ਘਰੋਂ ਚੁੱਕ ਕੇ ਲੈ ਗਏ ਤੇ ਕਈ ਦਿਨਾਂ ਤੱਕ ਨਾਜਾਇਜ਼ ਹਿਰਾਸਤ ਵਿਚ ਰੱਖਿਆ।

ਤੇਜਿੰਦਰ ਸਿੰਘ 'ਤੇ ਤਸ਼ੱਦਦ ਕਰਨ ਦੀ ਗੱਲ ਵੀ ਆਖੀ ਗਈ ਹੈ ਪਰ ਉਸ ਨੂੰ ਚਾਰ ਹਫਤਿਆਂ ਬਾਅਦ ਛੱਡ ਦਿਤਾ ਗਿਆ ਤਾਂ ਪਰਿਵਾਰ ਨੇ ਉਸ ਨੂੰ ਕੋਲਕਾਤਾ ਰਹਿੰਦੇ ਉਸ ਦੇ ਭਰਾ ਦੇ ਕੋਲ ਭੇਜ ਦਿੱਤਾ ਪਰ ਪੁਲਿਸ ਦੋ ਮਹੀਨੇ ਬਾਅਦ ਜੁਲਾਈ 1993 ਵਿਚ ਉਸ ਨੂੰ ਕੋਲਕਾਤਾ ਤੋਂ ਵੀ ਚੁੱਕ ਲਿਆਈ। ਇਸ ਵਿਚ ਸੋਹਲ ਤੇ ਗੰਡਾ ਸਿੰਘ ਮੌਜੂਦ ਨਹੀਂ ਸਨ ਜਿਸ ਕਾਰਨ ਉਨ੍ਹਾਂ ਨੂੰ ਸਜ਼ਾ ਵੀ ਘੱਟ ਹੋਈ ਹੈ।

ਇਸ ਤੋਂ ਇਕ ਸਾਲ ਬਾਅਦ ਪੀੜਤ ਪਰਿਵਾਰ ਨੇ 7 ਜੁਲਾਈ, 1994 ਨੂੰ ਇਨਸਾਫ ਲਈ ਹਾਈ ਕੋਰਟ ਦਾ ਬੂਹਾ ਖੜਕਾਇਆ। ਹਾਈ ਕੋਰਟ ਦੇ ਆਦੇਸ਼ 'ਤੇ ਇਸ ਮਾਮਲੇ ਦੀ ਪਹਿਲਾਂ ਇੱਕ ਜੱਜ ਦੀ ਅਗਵਾਈ ਹੇਠਾਂ ਘੋਖ ਕੀਤੀ ਗਈ ਜਿਸ ਵੱਲੋਂ 30 ਜਨਵਰੀ, 1995 ਨੂੰ ਦਿੱਤੀ ਰਿਪੋਰਟ ਵਿਚ ਤੇਜਿੰਦਰ ਸਿੰਘ ਨੂੰ ਪੁਲਿਸ ਵੱਲੋਂ ਚੁੱਕ ਕੇ ਲਿਆਉਣ ਸਮੇਤ ਕਈ ਹੋਰ ਪੱਖਾਂ ਦੀ ਪੁਸ਼ਟੀ ਹੋਈ। ਇਸ ਤੋਂ ਬਾਅਦ 21 ਜੁਲਾਈ, 1995 ਨੂੰ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿਤੀ ਤੇ ਜਾਂਚ ਪੂਰੀ ਕਰਨ ਉਪਰੰਤ ਸੀ ਬੀ ਆਈ ਨੇ ਇਨ੍ਹਾਂ ਪੁਲਿਸ ਵਾਲਿਆਂ ਦੇ ਖਿਲਾਫ ਵੱਖ ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰ ਲਿਆ। ਐਸ ਐਸ ਪੀ ਵਜੋਂ ਤਾਇਨਾਤੀ ਤੋਂ ਪਹਿਲਾਂ ਵਿਰਕ ਪਟਿਆਲਾ ਵਿਖੇ ਕਾਊਂਟਰ ਇੰਟੈਲੀਜੈਂਸੀ ਵਿਚ ਏ ਆਈ ਜੀ ਸੀ ਅਤੇ ਇਸੇ ਸਾਲ ਉਸ ਦੀ ਰਿਟਾਇਰਮੈਂਟ ਵੀ ਹੈ।

## ਅਫਜ਼ਲ ਦੀ ਦੇਹ ਪਰਿਵਾਰ ਨੂੰ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਸੰਸਦੀ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਦੀ ਮ੍ਰਿਤਕ ਦੇਹ ਉਸ ਦੇ ਪਰਿਵਾਰ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ ਹੈ।

ਸ੍ਰੀ ਸ਼ਿੰਦੇ ਨੇ ਦੱਸਿਆ ਕਿ ਅਫਜ਼ਲ ਦਾ ਪਰਿਵਾਰ ਤਿਹਾੜ ਜੇਲ੍ਹ ਵਿਚ ਆ ਕੇ ਕਬਰ ਉਪਰ ਸ਼ਰਧਾ ਦੇ ਫੁੱਲ ਭੇਟ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਅਫਜ਼ਲ ਨੂੰ ਫਾਹੇ ਲਾਉਣ ਤੋਂ ਬਾਅਦ ਜੇਲ੍ਹ ਵਿਚ ਹੀ ਉਸ ਦੀ ਦੇਹ ਨੂੰ ਦਫਨਾ ਦਿੱਤਾ ਗਿਆ ਸੀ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No minimums

Call Paul at 1-800-705-3863

Transportation Funding Group, Inc.

Minneapolis , MN 55426

ਪੰਜਾਬ ਟਾਈਮਜ਼

*ਸਨਿਚਰਵਾਰ, 16 ਮਾਰਚ 2013*

## ਨਸ਼ਿਆਂ ਦੀ ਖੇਡ

ਉਲੰਪੀਅਨ ਮੁੱਕੇਬਾਜ਼ ਵਿਜੇਂਦਰ ਸਿੰਘ ਦਾ ਨਾਂ ਨਸ਼ਿਆਂ ਦੇ ਵਪਾਰ ਵਿਚ ਜੁੜਨ ਨਾਲ ਸਾਰਿਆਂ ਦੇ ਮੂੰਹ ਵਿਚ ਉਂਗਲਾਂ ਪੈ ਗਈਆਂ ਹਨ। ਹੁਣ ਤੱਕ ਖਿਡਾਰੀਆਂ ਬਾਰੇ ਸਾਰੀ ਚਰਚਾ ਇਨ੍ਹਾਂ ਉਤੇ ਤਾਕਤ-ਵਧਾਊ ਦਵਾਈਆਂ ਖਾਣ ਦੇ ਦੋਸ਼ਾਂ ਤੱਕ ਸੀਮਤ ਰਹੀ ਹੈ ਪਰ ਹੈਰੋਇਨ ਦੀ 26 ਕਿਲੋ ਦੀ ਵੱਡੀ ਖੇਪ ਫੜੇ ਜਾਣ ਤੋਂ ਬਾਅਦ ਮਸਲਾ ਬਹੁਤ ਅਗਾਂਹ ਨਿਕਲ ਗਿਆ ਹੈ। ਇਸ ਨੇ ਨਸ਼ਿਆਂ ਦੇ ਵਪਾਰ ਨੂੰ ਜਾ ਹੱਥ ਲਾਇਆ ਹੈ। ਉਂਜ ਇਕ ਵਾਰ ਫਿਰ, ਇਹ ਦਿਨ ਦੇ ਚਾਨਣ ਵਾਂਗ ਸਾਫ ਹੋ ਗਿਆ ਹੈ ਕਿ ਪੰਜਾਬ ਵਿਚ ਕਿੰਨੀ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਆ ਰਹੇ ਹਨ ਅਤੇ ਅਗਾਂਹ ਨੌਜਵਾਨਾਂ ਦੇ ਢਿੱਡਾਂ ਵਿਚ ਪੈ ਰਹੇ ਹਨ। ਕੁਝ ਮਹੀਨੇ ਪਹਿਲਾਂ ਜਦੋਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਹਿ ਦਿੱਤਾ ਸੀ ਕਿ ਪੰਜਾਬ ਵਿਚ 70 ਫੀਸਦੀ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ ਤਾਂ ਅੱਜਕੱਲ੍ਹ ਪੰਜਾਬ ਅਤੇ ਪੰਥ ਦੇ ਸਭ ਕੁਝ ਬਣੇ ਬਾਦਲਾਂ ਨੇ ਉਸ ਦਾ ਮਜ਼ਾਕ ਉਡਾਇਆ ਸੀ; ਹਾਲਾਂਕਿ ਅੰਕੜਿਆਂ ਮੁਤਾਬਕ ਸਾਰਾ ਕੁਝ ਸੱਚ ਦੇ ਬਹੁਤ ਨੇੜੇ ਸੀ। ਅਸਲ ਵਿਚ ਸਿਆਸਤਦਾਨਾਂ ਨੇ ਹਰ ਮਸਲਾ ਨਿਰੋਲ ਸਿਆਸਤ ਨਾਲ ਜੋੜ ਦਿੱਤਾ ਹੈ ਅਤੇ ਕੋਈ ਵੀ ਕਾਰਵਾਈ ਮਸਲਿਆਂ ਨੂੰ ਆਧਾਰ ਬਣਾ ਕੇ ਨਹੀਂ, ਸਿਆਸੀ ਗਿਣਤੀਆਂ-ਮਿਣਤੀਆਂ ਮੁਤਾਬਕ ਕੀਤੀ ਜਾਂਦੀ ਹੈ। ਕੱਲ੍ਹ ਤੱਕ ਬੜ੍ਹਕਾਂ ਮਾਰ ਰਿਹਾ ਪੰਜਾਬ ਅੱਜ ਜੇ ਹਰ ਖੇਤਰ ਵਿਚ ਬੁਰੀ ਤਰ੍ਹਾਂ ਪਛੜ ਰਿਹਾ ਹੈ ਤਾਂ ਇਸ ਦਾ ਮੁੱਖ ਕਾਰਨ ਇਹ ਸਿਆਸੀ ਗਿਣਤੀਆਂ-ਮਿਣਤੀਆਂ ਹੀ ਹਨ। ਹੌਲੀ-ਹੌਲੀ ਇਨ੍ਹਾਂ ਗਿਣਤੀਆਂ-ਮਿਣਤੀਆਂ ਵਿਚੋਂ ਆਮ ਬੰਦਾ ਉੱਕਾ ਹੀ ਗਾਇਬ ਹੋ ਗਿਆ ਹੈ। ਉਸ ਦੀ ਸੱਦ-ਪੁੱਛ ਤਾਂ ਕੀ ਹੋਣੀ ਹੈ, ਉਸ ਨੂੰ ਗੌਲਿਆ ਵੀ ਨਹੀਂ ਜਾ ਰਿਹਾ।

ਜਦੋਂ ਫੜੀ ਗਈ ਖੇਪ ਦਾ ਮੁੱਖ ਸੂਤਰਧਾਰ ਭਲਵਾਨ ਜਗਦੀਸ਼ ਸਿੰਘ ਭੋਲਾ ਘਰ ਪਏ ਪੁਲਿਸ ਦੇ ਛਾਪੇ ਦੇ ਬਾਵਜੂਦ ਸੁਰੱਖਿਅਤ ਬਚ ਨਿਕਲਿਆ ਤਾਂ ਜਾਹਰ ਹੋ ਗਿਆ ਕਿ ਨਸ਼ਿਆਂ ਦੀ ਵੰਡ-ਵੰਡਾਈ ਅਤੇ ਮੁਜਰਮਾਂ ਦੀਆਂ ਵਾਗਾਂ ਖੁੱਲ੍ਹੀਆਂ ਛੱਡਣ ਵਿਚ ਪੁਲਿਸ ਤੇ ਪ੍ਰਸ਼ਾਸਨ ਦਾ ਕਿੰਨਾ ਵੱਡਾ ਹੱਥ ਹੈ। ਭਲਵਾਨ ਜਗਦੀਸ਼ ਸਿੰਘ ਭੋਲਾ ਕਿਸੇ ਵੇਲੇ ਭਲਵਾਨੀ ਦੇ ਅਖਾੜਿਆਂ ਦਾ ਸ਼ਿੰਗਾਰ ਹੁੰਦਾ ਸੀ ਅਤੇ ਉਹ ਪੁਲਿਸ ਦੀ ਨੌਕਰੀ ਵੀ ਕਰਦਾ ਸੀ, ਪਰ ਪੈਸੇ ਰੜਕੇ ਨਾਲ ਹੂੰਝਣ ਦੀ ਇੱਛਾ ਲੈ ਕੇ ਨਸ਼ਿਆਂ ਦੇ ਵਪਾਰ ਵਿਚ ਪੈ ਗਿਆ। ਉਸ ਨੂੰ ਜੇਲ੍ਹ ਵੀ ਹੋਈ। ਉਸ ਨੇ ਭਲਵਾਨਾਂ ਦੇ ਪਸੀਨੇ ਨਾਲ ਭਿੱਜੀ, ਅਖਾੜਿਆਂ ਦੀ ਸੁੱਚੀ ਮਿੱਟੀ ਦਾਗਦਾਰ ਕੀਤੀ। ਜੇਲ੍ਹ ਵਿਚੋਂ ਰਿਹਾਈ ਤੋਂ ਬਾਅਦ ਉਹ ਫਿਰ ਇਸੇ ਧੰਦੇ ਵਿਚ ਪਿਆ ਰਿਹਾ। ਪਤਾ ਨਹੀਂ ਕਿੰਨੇ ਨੌਜਵਾਨਾਂ ਦੀ ਜਵਾਨੀ ਅਤੇ ਘਰ, ਉਸ ਵੱਲੋਂ ਧੜਾ-ਧੜ ਵੰਡੇ ਨਸ਼ਿਆਂ ਨੇ ਗਾਲੇ ਹੋਣਗੇ। ਇੱਥੇ ਵਿਚਾਰਨ ਵਾਲਾ ਮੁੱਦਾ ਅਤੇ ਮੁੱਖ ਸਵਾਲ ਇਹ ਹੈ ਕਿ ਕਾਂਗਰਸੀ ਆਗੂ ਦੇ ਪੰਜਾਬ ਬਾਰੇ ਬਿਆਨ ਤੋਂ ਖਫਾ-ਖੂਨ ਹੋਏ ਬਾਦਲਾਂ ਨੇ ਅੱਜ ਤੱਕ ਨਸ਼ਿਆਂ ਦੀ ਰੋਕਥਾਮ ਲਈ ਕੀ ਕੀਤਾ ਹੈ? ਨਸ਼ੇ ਪੰਜਾਬ ਦੀਆਂ ਜੜ੍ਹਾਂ ਵਿਚ ਜਾ ਬੈਠੇ ਹਨ, ਪਰ ਇਨ੍ਹਾਂ ਨੇ ਨਸ਼ਿਆਂ ਨੂੰ ਠੱਲ੍ਹਣ ਲਈ ਕਦੀ ਕੁਝ ਨਹੀਂ ਕੀਤਾ। ਦੋਸ਼ ਤਾਂ ਇਹ ਵੀ ਹੈ ਕਿ ਇਹ ਤਾਂ ਸਗੋਂ ਚੋਣਾਂ ਵੀ ਨਸ਼ਿਆਂ ਦੇ ਦਰਿਆ ਵਹਾ ਕੇ ਜਿੱਤਦੇ ਰਹੇ ਹਨ। ਇਨ੍ਹਾਂ ਨੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਦੌਰਾਨ ਵੀ ਵੋਟਾਂ ਵੱਟੇ ਨਸ਼ੇ ਵੰਡਣ ਦਾ ਅਪਰਾਧ ਕੀਤਾ। ਹੁਣੇ-ਹੁਣੇ ਹੋਈਆਂ ਦਿੱਲੀ ਗੁਰਦੁਆਰਾ ਚੋਣਾਂ ਅਤੇ ਮੋਗਾ ਜ਼ਿਮਨੀ ਚੋਣ ਵਿਚ ਵੀ ਇਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ।

ਨਸ਼ਿਆਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਉਤੇ ਵੀ ਸਿੱਧੇ-ਅਸਿੱਧੇ ਢੰਗ ਨਾਲ ਸਵਾਲੀਆ ਨਿਸ਼ਾਨ ਲਗਦੇ ਰਹੇ ਹਨ। ਇਸ ਕਮੇਟੀ ਦਾ ਮੁੱਖ ਕਾਰਜ ਭਾਵੇਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਧਰਮ ਪ੍ਰਚਾਰ ਹੀ ਹੈ, ਪਰ ਨਸ਼ਿਆਂ ਵਿਚ ਰੁੜ੍ਹੇ ਜਾ ਰਹੇ ਨੌਜਵਾਨਾਂ ਦੀ ਬਾਂਹ ਫੜਨੀ ਕੀ ਕਮੇਟੀ ਦੇ ਕਾਰਜਾਂ ਵਿਚ ਨਹੀਂ ਆਉਂਦਾ? ਜੇ ਰਤਾ ਕੁ ਗਹਿਰਾਈ ਵਿਚ ਜਾ ਕੇ ਵਿਚਾਰ ਕੀਤੀ ਜਾਵੇ ਤਾਂ ਧਰਮ ਪ੍ਰਚਾਰ ਅਤੇ ਨਸ਼ਿਆਂ ਦੀ ਰੋਕਥਾਮ ਲਈ ਉਪਰਾਲੇ ਦੋ ਵੱਖ-ਵੱਖ ਨਹੀਂ, ਸਗੋਂ ਇਕ ਹੀ ਮੁੱਦੇ ਦੇ ਦੋ ਪਹਿਲੂ ਪ੍ਰਤੀਤ ਹੁੰਦੇ ਹਨ; ਪਰ ਅਜਿਹੀਆਂ ਲੀਹਾਂ ਉਤੇ ਭਲਾ ਸੋਚਦਾ ਕੌਣ ਹੈ! ਇਸ ਧਾਰਮਿਕ ਸੰਸਥਾ ਵਿਚ ਤਾਂ ਸਿਆਸਤ ਹੀ ਇੰਨੀ ਭਾਰੂ ਹੈ ਕਿ ਧਰਮ ਪ੍ਰਚਾਰ ਦਾ ਏਜੰਡਾ ਤਾਂ ਹੁਣ ਬਹੁਤ ਪਿਛਾਂਹ ਛੁੱਟ ਗਿਆ ਜਾਪਦਾ ਹੈ। ਕਹਿਰ ਤਾਂ ਉਦੋਂ ਹੁੰਦਾ ਹੈ ਜਦੋਂ ਸ਼੍ਰੋਮਣੀ ਕਮੇਟੀ ਦੇ 'ਬੀਬੇ' ਮੈਂਬਰਾਂ ਕੋਲੋਂ ਹੀ ਭੁੱਕੀਆਂ ਦੀਆਂ ਬੋਰੀਆਂ ਫੜੀਆਂ ਜਾਂਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਬਚਾਅ ਲਈ ਜਿਸ ਤਰ੍ਹਾਂ ਸਿਆਸੀ ਦੌੜ ਲਗਦੀ ਹੈ, ਉਹੀ ਇਕ ਕਾਰਨ ਹੈ ਜੋ ਪੰਜਾਬ ਵਿਚ ਨਸ਼ਿਆਂ ਦੀ ਇੰਨੀ ਵੱਡੀ ਪੱਧਰ ਉਤੇ ਹੋ ਰਹੀ ਆਮਦ ਦਾ ਸਬੱਬ ਬਣਦਾ ਹੈ। ਸਿੱਧੀ ਅਤੇ ਸਾਧਾਰਨ ਜਿਹੀ ਗੱਲ ਹੈ ਕਿ ਜੇ ਨਸ਼ਿਆਂ ਦੇ ਵਗ ਰਹੇ ਦਰਿਆ ਉਤੇ ਕਿਸੇ ਪਾਸਿਓਂ ਕੋਈ ਬੰਨ੍ਹ ਹੀ ਨਹੀਂ ਲੱਗਣਾ ਤਾਂ ਇਸ ਨੇ ਮੌਲ ਰਹੀ ਨੌਜਵਾਨੀ ਨੂੰ ਫਿਰ ਤਬਾਹ ਹੀ ਕਰਨਾ ਹੈ! ਇਸ ਮੋੜ ਉਤੇ ਪੁੱਜ ਕੇ ਮਸਲਾ ਮਹਿਜ਼ ਬਹਿਸ ਦਾ ਨਹੀਂ ਰਹਿ ਜਾਂਦਾ, ਕੁਝ ਕਰ ਗੁਜ਼ਰਨ ਦਾ ਬਣ ਜਾਂਦਾ ਹੈ। ਇਸ ਮਾਮਲੇ ਵਿਚ ਸਭ ਤੋਂ ਵੱਡੀ ਜ਼ਿੰਮੇਵਾਰੀ ਸੂਬੇ ਦੀਆਂ ਸਭ ਸੰਜੀਦਾ ਧਿਰਾਂ ਉਤੇ ਪੈਂਦੀ ਹੈ। ਇਹ ਕੋਈ ਅਲੋਕਾਰ ਗੱਲ ਨਹੀਂ ਹੈ। ਇਸ ਦੀ ਮਿਸਾਲ ਪੰਜਾਬ ਦੀਆਂ ਧੀਆਂ ਨੇ ਪਹਿਲਾਂ ਹੀ ਪੇਸ਼ ਕਰ ਦਿੱਤੀ ਹੈ। ਪੰਜਾਬੀ ਗੀਤਕਾਰ ਅਤੇ ਗਾਇਕ ਜਿਸ ਤਰ੍ਹਾਂ ਬੇਸ਼ਰਮ ਹੋ ਕੇ ਲੋਕਾਂ ਅੱਗੇ ਅਸ਼ਲੀਲਤਾ ਪਰੋਸ ਰਹੇ ਸਨ, ਉਸ ਦਾ ਜਵਾਬ ਕੁੜੀਆਂ ਅਤੇ ਔਰਤਾਂ ਨੇ ਜਥੇਬੰਦ ਹੋ ਕੇ ਕੀਤਾ। ਪਹਿਲਾਂ-ਪਹਿਲ ਇਨ੍ਹਾਂ ਦੀ ਤਾਕਤ ਭਾਵੇਂ ਥੋੜ੍ਹੀ ਸੀ, ਪਰ ਇਹ ਰਾਹ-ਦਸੇਰਾ ਜ਼ਰੂਰ ਬਣੀਆਂ ਅਤੇ ਹੁਣ ਅਸ਼ਲੀਲਤਾ ਦੇ ਖਿਲਾਫ ਉਠ ਰਹੀ ਲਹਿਰ ਦੀ ਪੈੜਚਾਲ ਸੁਣੀ ਜਾ ਸਕਦੀ ਹੈ। ਸੰਜੀਦਾ ਲੋਕ ਅਤੇ ਸੰਸਥਾਵਾਂ ਜੇ ਇਸੇ ਤਰ੍ਹਾਂ ਨਸ਼ਿਆਂ ਨੂੰ ਡੱਕਣ ਲਈ ਅੱਗੇ ਆਉਣ ਤਾਂ ਦਿਨ-ਬਦਿਨ ਗੰਭੀਰ ਹੋ ਰਹੀ ਇਸ ਸਮੱਸਿਆ ਉਤੇ ਕਿਸੇ ਨਾ ਕਿਸੇ ਦਿਨ ਕਾਬੂ ਪਾਇਆ ਜਾ ਸਕਦਾ ਹੈ। ਇਸ ਪਹਿਲਕਦਮੀ ਲਈ ਕਿਸੇ ਸਿਆਸਤ ਦੀ ਲੋੜ ਨਹੀਂ ਹੈ, ਲੋੜ ਸਿਰਫ ਆਪਣਾ ਸਾਰਾ ਸਿਦਕ ਅਤੇ ਸਿਰੜ ਇਕੱਠਾ ਕਰ ਕੇ ਸਹੀ ਦਿਸ਼ਾ ਵਿਚ ਲਾਉਣ ਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਉਦਾਸੀ ਦਾ ਆਲਮ !*

ਜਦੋਂ ਕਿਸੇ ਇਲੈਕਸ਼ਨ ਦਾ ਬਿਗਲ ਵੱਜੇ, ਜਿੱਤੇ ਹੋਰ ਕੋਈ ਆਪਾਂ ਤਾਂ ਹਰੀ ਜਾਈਏ।
ਵਰਕਾ ਪਾੜ ਕੇ ਦੂਰ-ਦ੍ਰਿਸ਼ਟੀਆਂ ਦਾ, ਹਾਮੀ ਚੋਰਾਂ ਦੀ ਹੁੱਬ ਕੇ ਭਰੀ ਜਾਈਏ।
ਨਾਨੀ ਖਸਮ ਬੇਖੌਫ਼ ਹੋ ਬਦਲ ਲੈਂਦੀ, ਦੋਹਤੇ ਵਾਂਗਰਾਂ ਚੱਟੀਆਂ ਭਰੀ ਜਾਈਏ।
ਫੁੱਟੇ ਚਿਣਗ ਨਾ ਅਣਖ ਤੇ ਗ਼ੈਰਤਾਂ ਦੀ, ਜ਼ੁਲਮੋ-ਸਿਤਮ ਨੂੰ ਹੱਸ ਕੇ ਜਰੀ ਜਾਈਏ।
ਪੰਗਾ ਡਾਢਿਆਂ ਨਾਲ ਨਾ ਕਿਤੇ ਪੈ ਜੇ, ਸੱਚ ਬੋਲਣ ਤੇ ਲਿਖਣ ਤੋਂ ਡਰੀ ਜਾਈਏ।
ਆਸ ਰੱਖ ਕੇ ਭਲੇ ਦਿਨ ਆਵਣੇ ਦੀ, ਦੜ ਵੱਟ ਕੇ ਦਿਨ-ਕਟੀ ਕਰੀ ਜਾਈਏ!

# ਆਲਮੀ ਕਾਰਪੋਰੇਟ ਧੌਂਸ ਨੂੰ ਲਲਕਾਰ ਸੀ ਹਿਊਗੋ ਸ਼ਾਵੇਜ਼

*ਹਿਊਗੋ ਸ਼ਾਵੇਜ਼ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਤਿੱਖੇ ਝਟਕਿਆਂ ਨਾਲ ਤਬਾਹੀ ਦੇ ਰਾਹ ਪਏ ਲਾਤੀਨੀ ਅਮਰੀਕਾ ਦੀ ਆਸ ਸੀ। ਉਹ ਹਮੇਸ਼ਾ ਆਖਦਾ ਸੀ ਕਿ ਉਹ ਨਿਰਪੱਖ ਹੋਣ ਦਾ ਢੌਂਗ ਕਦੀ ਵੀ ਨਹੀਂ ਕਰੇਗਾ, ਕਿਉਂਕਿ ਉਹ ਤਾਂ ਗੁਰਬਤ ਦੀ ਮਾਰ ਝੱਲ ਰਹੇ ਲੋਕਾਂ ਵਾਲੇ ਪਾਸੇ ਹੈ ਅਤੇ ਧਨਾਢਾਂ ਦੇ ਖਿਲਾਫ ਹੈ। ਆਪਣੇ 14 ਸਾਲ ਦੇ ਸ਼ਾਸਨ ਦੌਰਾਨ ਉਸ ਨੇ ਅਜਿਹਾ ਕਰ ਕੇ ਵੀ ਦਿਖਾਇਆ। ਉਸ ਨੇ ਦੇਸ਼ ਦਾ ਸਰਮਾਇਆ, ਧਨਾਢਾਂ ਦੀਆਂ ਜੇਬਾਂ ਵਿਚ ਨਹੀਂ ਜਾਣ ਦਿੱਤਾ, ਸਗੋਂ ਇਸ ਦਾ ਮੂੰਹ ਆਮ ਲੋਕਾਂ ਦੇ ਘਰਾਂ ਵੱਲ ਕੀਤਾ। ਹਿਊਗੋ ਸ਼ਾਵੇਜ਼ ਆਪਣੀ ਮਿਸਾਲ ਆਪ ਸੀ। ਵਿਰੋਧੀ ਹਾਲਾਤ ਦੇ ਬਾਵਜੂਦ ਉਸ ਨੇ ਵੱਡੀਆਂ ਮੱਲਾਂ ਮਾਰੀਆਂ। ਉਸ ਦੀ ਪਹੁੰਚ ਸਿੱਧੀ, ਸਪਸ਼ਟ ਸੀ।*

ਬੂਟਾ ਸਿੰਘ
ਫੋਨ: 91-94634-74342

ਆਲਮੀ ਕਾਰਪੋਰੇਟ ਸਰਮਾਏਦਾਰੀ ਦੀ ਅੱਖ ਦਾ ਰੋੜ ਹਿਊਗੋ ਸ਼ਾਵੇਜ਼ ਆਖ਼ਰ 5 ਮਾਰਚ ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਉਸ ਦੀ ਮੌਤ ਸੁਣਾਉਣੀ ਸਾਰੇ ਹੀ ਸੱਚੇ ਇਨਸਾਨਾਂ ਲਈ ਸਦਮੇ ਵਾਲੀ ਖ਼ਬਰ ਸੀ; ਚਾਹੇ ਉਹ ਧਰਤੀ ਦੇ ਕਿਸੇ ਵੀ ਹਿੱਸੇ, ਕਿਸੇ ਵੀ ਮੁਲਕ ਦੇ ਬਾਸ਼ਿੰਦੇ ਹੋਣ। ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਉਸ ਨੇ ਜਿਸ ਹਿੰਮਤ ਤੇ ਦਲੇਰੀ ਨਾਲ ਆਲਮੀ ਕਾਰਪੋਰੇਟ ਸਲਤਨਤ ਦੇ ਸਦਰ ਮੁਕਾਮ ਨੂੰ ਵੰਗਾਰਿਆ, ਉਹ ਤਵਾਰੀਖ਼ ਦਾ ਸੁਨਹਿਰੀ ਪੰਨਾ ਹੋ ਨਿੱਬੜਿਆ। ਆਲਮੀ ਕਾਰਪੋਰੇਟ ਖ਼ੇਮੇ, ਖ਼ਾਸ ਕਰ ਕੇ ਇਸ ਖੇਮੇ ਵਿਚ ਮੋਹਰੀ ਭੂਮਿਕਾ ਨਿਭਾਅ ਰਹੇ ਅਮਰੀਕਾ ਦਾ ਕੱਟੜ ਵੈਰੀ ਸੀ ਇਤਿਹਾਸ, ਫਿਕਸ਼ਨ ਤੇ ਕਵਿਤਾ ਦਾ ਰਸੀਆ ਸ਼ਾਵੇਜ਼। ਉਸ ਨੇ ਵਾਸ਼ਿੰਗਟਨ ਹਾਕਮਾਂ ਨੂੰ ਸ਼ਰੇਆਮ 'ਦੁਸ਼ਮਣ' ਐਲਾਨਿਆ ਹੋਇਆ ਸੀ। ਉਸ ਨੇ ਆਪਣੇ ਤੋਂ ਪਹਿਲੇ ਹੁਕਮਰਾਨਾਂ ਦੇ ਮੁਲਕ-ਧ੍ਰੋਹੀ ਫ਼ੈਸਲਿਆਂ ਨੂੰ ਉਲਟਾਉਣ ਦਾ ਦਿਲ-ਗੁਰਦਾ ਦਿਖਾਇਆ ਜੋ ਦਿਨ-ਰਾਤ ਆਈ.ਐੱਮ.ਐੱਫ. ਦੇ ਸਦਰ ਮੁਕਾਮ ਨਾਲ ਹਾਟ-ਲਾਈਨ 'ਤੇ ਬੈਠ ਕੇ ਵਾਸ਼ਿੰਗਟਨ ਵਾਲੇ ਆਕਾਵਾਂ ਦਾ ਹੁਕਮ ਵਜਾਉਂਦੇ ਸਨ।

ਕਾਰਪੋਰੇਟ ਖ਼ੇਮੇ ਦੇ ਧੂੰਆਂਧਾਰ ਭੰਡੀ ਪ੍ਰਚਾਰ ਦੇ ਬਾਵਜੂਦ ਉਸ ਨੇ ਚਾਰ ਵਾਰ ਰਾਸ਼ਟਰਪਤੀ ਦੀ ਚੋਣ ਲੜ ਕੇ ਹਰ ਵਾਰ ਵੱਡੀ ਫ਼ਤਿਹ ਹਾਸਲ ਕਰ ਵਿਖਾਈ। 1999 ਤੋਂ ਲਗਾਤਾਰ ਉਹ ਅਮਰੀਕੀ ਕਾਰਪੋਰੇਟ ਜਹਾਦ ਅੱਗੇ ਚਟਾਨ ਵਾਂਗ ਡਟਿਆ ਹੋਇਆ ਸੀ। ਉਹ ਸਿਰਫ਼ ਆਪਣੇ ਮੁਲਕ 'ਚ ਹੀ ਹਰਮਨਪਿਆਰਾ ਨਹੀਂ ਸੀ। ਉਸ ਦੀ ਜਿੱਤ, ਉਸ ਦੇ ਮੁਲਕ ਤੋਂ ਪਾਰ ਪੂਰੇ ਆਲਮ 'ਚ ਖੁਸ਼ੀ ਦੀਆਂ ਝਰਨਾਹਟਾਂ ਛੇੜਦੀ ਸੀ, ਖ਼ਾਸ ਕਰ ਕੇ ਲਾਤੀਨੀ ਅਮਰੀਕਾ 'ਚ। ਇਹ ਉਸ ਦੀ ਹਰਮਨਪਿਆਰਤਾ ਦਾ ਚਮਤਕਾਰ ਹੀ ਸੀ ਕਿ ਰਾਜ ਪਲਟੇ ਦੌਰਾਨ ਗ੍ਰਿਫ਼ਤਾਰ ਕਰ ਲਏ ਜਾਣ 'ਤੇ ਕਾਰਪੋਰੇਟ ਜੁੰਡਲੀ ਨੂੰ ਉਸ ਨੂੰ ਭਾਰੀ ਜਨਤਕ ਦਬਾਅ ਹੇਠ ਰਿਹਾਅ ਕਰਨਾ ਪਿਆ ਸੀ। ਉਸ ਦੀ ਅਹਿਮੀਅਤ ਮਹਿਜ਼ ਇਸ ਲਈ ਨਹੀਂ ਕਿ ਉਹ ਅਮਰੀਕਾ ਤੋਂ ਨਾਬਰ ਰਾਸ਼ਟਰਪਤੀ ਸੀ, ਸਗੋਂ ਮੁੱਖ ਤੌਰ 'ਤੇ ਇਸ ਲਈ ਕਿ ਉਹ ਇਕ ਲਾਤੀਨੀ ਅਮਰੀਕੀ ਰਾਸ਼ਟਰਪਤੀ ਸੀ, ਦੁਨੀਆਂ ਦੇ ਪੰਜਵੇਂ ਨੰਬਰ ਦੇ ਤੇਲ ਪੈਦਾ ਕਰਨ ਵਾਲੇ ਮੁਲਕ ਦਾ ਮੁਖੀ। ਲਾਤੀਨੀ ਅਮਰੀਕਾ ਜੋ ਸਾਮਰਾਜੀ ਸ਼ੈਤਾਨ ਲਈ ਐਨ ਨੱਕ ਹੇਠ ਹਮੇਸ਼ਾ ਜ਼ਬਰਦਸਤ ਚੁਣੌਤੀ ਤੇ ਭਾਰੀ ਸਿਰਦਰਦੀ ਬਣਿਆ ਰਿਹਾ ਹੈ। ਇਸ ਦੇ ਬਾਵਜੂਦ ਕਿ ਇਸ ਖਿੱਤੇ ਦੇ ਕਈ ਮੁਲਕਾਂ ਦੇ ਕੌਮੀ ਮੁਖੀਆਂ ਨੂੰ ਇਸੇ ਕਰ ਕੇ ਜਾਨ ਗਵਾਉਣੀ ਪਈ ਕਿ ਉਨ੍ਹਾਂ ਨੇ ਆਲਮੀ ਬੌਸ ਬਣੇ ਜੰਗਬਾਜ਼ ਅਮਰੀਕਾ ਮੂਹਰੇ ਝੁਕਣ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੂੰ ਇਸ ਨਾਬਰੀ ਦਾ ਮੁੱਲ ਸੀ.ਆਈ.ਏ. ਦੀਆਂ ਰਚੀਆਂ ਕਾਤਲਾਨਾ ਸਾਜ਼ਿਸ਼ਾਂ 'ਚ ਜਾਨ ਦੇ ਕੇ ਚੁਕਾਉਣਾ ਪੈਂਦਾ ਰਿਹਾ ਹੈ।

ਸ਼ਾਵੇਜ਼ ਨੂੰ ਆਪਣੀ ਨਾਬਰੀ ਦੇ ਮੁੱਲ ਦਾ ਡੂੰਘਾ ਅਹਿਸਾਸ ਸੀ। ਉਹ ਜਾਣਦਾ ਸੀ ਕਿ ਦੁਨੀਆਂ ਦੀ ਇਸ ਵਕਤ ਸਭ ਤੋਂ ਤਾਕਤਵਰ ਸਲਤਨਤ ਨਾਲ ਮੱਥਾ ਲਾਉਣ ਦਾ ਮਤਲਬ ਹੈ: ਸੀ.ਆਈ.ਏ. ਉਸ ਦੀ ਜਾਨ ਕਦੇ ਵੀ ਲੈ ਸਕਦੀ ਹੈ। ਉਸ ਦਾ ਹਸ਼ਰ ਕਦੇ ਵੀ ਚਿੱਲੀ ਦੇ ਰਾਸ਼ਟਰਪਤੀ ਸਲਵਾਡੋਰ ਅਲੈਂਦੇ, ਐਕੁਆਡੋਰ ਦੇ ਜੈਮੀ ਰੋਲਡੋਸ, ਪਨਾਮਾ ਦੇ ਉਮਰ ਟੋਰੀਜੋਸ, ਅਰਬੈਂਜ ਜਾਂ ਮੁਸਦੰਗ ਜਾਂ ਸਦਾਮ ਹੁਸੈਨ ਵਾਲਾ ਹੋ ਸਕਦਾ ਹੈ, ਪਰ ਇਹ ਉਸ ਦਾ ਸਮਾਜਵਾਦੀ ਅਕੀਦਾ ਅਤੇ ਆਪਣੇ ਲੋਕਾਂ ਨਾਲ ਉਸ ਦਾ ਪਿਆਰ ਸੀ ਜਿਸ ਅੱਗੇ ਉਸ ਨੂੰ ਆਪਣੀ ਜਾਨ ਤੁੱਛ ਮਹਿਸੂਸ ਹੁੰਦੀ ਸੀ।

ਸ਼ਾਵੇਜ਼ ਉਸ ਬੋਲੀਵਰਵਾਦੀ (ਵੈਨੇਜ਼ੂਏਲਾ ਦਾ ਮਸ਼ਹੂਰ ਆਗੂ ਸਿਮੋਨ ਬੋਲੀਵਰ (1783 ਤੋਂ 1830 ) ਜਿਸ ਨੇ ਲਾਤੀਨੀ ਅਮਰੀਕਾ ਨੂੰ ਸਪੇਨ ਦੀ ਬਸਤੀਵਾਦੀ ਸਲਤਨਤ ਦੀ ਜਕੜ 'ਚੋਂ ਆਜ਼ਾਦ ਕਰਾਉਣ 'ਚ ਮੁੱਖ ਭੂਮਿਕਾ ਨਿਭਾਈ) ਸਿਆਸੀ ਧਾਰਾ ਦੀ ਨੁਮਾਇੰਦਗੀ ਕਰਦਾ ਸੀ ਜੋ ਵਾਸ਼ਿੰਗਟਨ ਮਾਰਕਾ ਆਮ ਸਹਿਮਤੀ, ਇਸ ਦੇ ਨਵਉਦਾਰਵਾਦੀ ਕਾਰਪੋਰੇਟ ਮਾਡਲ ਲਈ ਖੁੱਲ੍ਹੀ ਵੰਗਾਰ ਹੈ। ਆਲਮੀ ਕਾਰਪੋਰੇਟ ਸਲਤਨਤ ਦਾ ਦਾਅਵਾ ਹੈ ਕਿ ਸਰਮਾਏਦਾਰੀ ਅਜਿੱਤ ਹੈ, 'ਇਸ ਦਾ ਕੋਈ ਬਦਲ ਨਹੀਂ ਹੈ'। ਇਸ ਵਿਚਾਰਧਾਰਕ ਦਾਅਵੇ ਦੇ ਗ਼ਰੂਰ 'ਚ ਅਮਰੀਕੀ ਰਾਜ ਨੇ, ਕੁੱਲ ਦੁਨੀਆਂ ਨੂੰ ਅਜਿਹੀ ਕਾਰਪੋਰੇਟ ਮੰਡੀ ਬਣਾਉਣ ਦਾ ਧਾੜਵੀ ਜਹਾਦ ਸ਼ੁਰੂ ਕੀਤਾ ਹੋਇਆ ਹੈ ਜਿਸ ਅੰਦਰ ਉਹ ਆਪਣੀ ਲਾਲਸਾ ਦੀ ਪੂਰਤੀ ਲਈ ਕਿਸੇ ਵੀ ਮੁਲਕ ਦੀ ਪ੍ਰਭੂਸੱਤਾ ਨੂੰ ਫ਼ੌਜੀ ਬੂਟਾਂ ਹੇਠ ਮਸਲ ਸਕਦਾ ਹੈ। ਉਹ ਨਹੱਕੇ ਹਮਲੇ ਜਾਂ ਪੂਰੀ-ਸੂਰੀ ਜੰਗ ਥੋਪਣ ਦੀ ਘੋਰ ਬੇਹਯਾਈ ਤੋਂ ਵੀ ਗੁਰੇਜ਼ ਨਹੀਂ ਕਰਦਾ।

ਸੋਵੀਅਤ ਯੂਨੀਅਨ ਅਤੇ ਕਮਿਊਨਿਸਟ ਖ਼ੇਮੇ ਦਾ ਆਪਣੀਆਂ ਹੀ ਕਮਜ਼ੋਰੀਆਂ ਕਾਰਨ ਢਹਿ-ਢੇਰੀ ਹੋ ਜਾਣਾ 'ਬਿੱਲੀ ਦੇ ਭਾਗੀਂ ਛਿੱਕੂ ਟੁੱਟਣ' ਵਾਲਾ ਸਬੱਬ ਸੀ। ਸਰਮਾਏਦਾਰੀ ਦੇ ਝੰਡਾਬਰਦਾਰਾਂ ਨੂੰ ਆਪਣੀ ਮੁਨਾਫ਼ੇ ਦੀ ਅੰਨ੍ਹੀ ਲਾਲਸਾ ਦੀ ਵਿਚਾਰਧਾਰਾ ਨੂੰ ਅਜਿੱਤ ਕਰਾਰ ਦੇਣ ਦਾ ਸੁਨਹਿਰੀ ਮੌਕਾ ਹਾਸਲ ਹੋ ਗਿਆ, ਪਰ ਅੰਦਰੂਨੀ ਤੌਰ 'ਤੇ ਉਹ ਜਾਣਦੇ ਹਨ ਕਿ ਇਨ੍ਹਾਂ 'ਸਮਾਜਵਾਦੀ' ਰਾਜਾਂ ਦੇ ਟੁੱਟ ਜਾਣ ਨਾਲ ਸਮਾਜਵਾਦੀ ਮਾਡਲ ਦਾ ਖ਼ਤਰਾ ਖ਼ਤਮ ਨਹੀਂ ਹੋਇਆ। ਉਨ੍ਹਾਂ ਨੂੰ ਪਤਾ ਹੈ ਕਿ 'ਮਿੱਸੀ ਆਰਥਿਕਤਾ' ਦਾ ਮਾਡਲ ਭਾਵੇਂ ਆਲਮੀ ਸਰਮਾਏਦਾਰੀ ਵੱਲੋਂ ਵਿਸ਼ੇਸ਼ ਆਲਮੀ ਹਾਲਾਤ ਦੇ ਦਬਾਅ ਹੇਠ ਅਪਣਾਇਆ ਮਾਡਲ ਸੀ ਪਰ ਇਸ ਵਿਚ ਜਾਨਦਾਰ ਸਮਾਜਵਾਦੀ ਅੰਸ਼ ਮੌਜੂਦ ਹਨ। ਸ਼ਾਵੇਜ਼ ਵਰਗੇ ਕਿੰਨੇ ਲੋਕ ਹਨ ਜੋ ਬਾਕਾਇਦਾ ਕਮਿਊਨਿਸਟ ਨਹੀਂ ਹਨ; ਪਰ ਉਹ ਮਨਮੋਹਨ ਸਿੰਘ, ਰਵਾਇਤੀ ਲਾਤੀਨੀ ਅਮਰੀਕੀ ਹੁਕਮਰਾਨਾਂ ਜਾਂ ਇਨ੍ਹਾਂ ਦੇ ਕੋੜਮੇ ਵਾਂਗ ਜ਼ਮੀਰਫਰੋਸ਼ ਕਾਰਪੋਰੇਟ ਦਲਾਲ ਵੀ ਨਹੀਂ ਹਨ। ਉਹ ਸੱਚੇ ਦੇਸ਼ਭਗਤ ਹਨ ਜੋ ਖ਼ੁਦਗਰਜ਼ੀ ਖ਼ਾਤਰ ਆਪਣੇ ਮੁਲਕ ਦੇ ਹਿੱਤਾਂ ਤੇ ਅਮੀਰ ਕੁਦਰਤੀ ਵਸੀਲਿਆਂ ਦਾ ਸੌਦਾ ਨਹੀਂ ਕਰਦੇ। ਉਹ ਆਪਣੇ ਮੁਲਕ ਦੇ ਵਸੀਲਿਆਂ ਨੂੰ ਨਿਆਂਪੂਰਨ ਵੰਡ ਦੇ ਆਧਾਰ 'ਤੇ ਆਪਣੇ ਅਵਾਮ ਦੀ ਬਿਹਤਰੀ ਲਈ ਇਸਤੇਮਾਲ ਕਰਨ ਦੇ ਕਾਜ ਦੇ ਬੇਖ਼ੌਫ਼ ਝੰਡਾਬਰਦਾਰ ਹਨ। ਸਾਮਰਾਜੀ ਅਮਰੀਕਾ ਨੂੰ ਇਸ ਤਰ੍ਹਾਂ ਦੇ ਸਿਆਸਤਦਾਨ ਖ਼ਾਸ ਤੌਰ 'ਤੇ ਚੁਭਦੇ ਹਨ। ਇਸੇ ਲਈ ਸ਼ਾਵੇਜ਼ ਜਾਂ ਕਾਸਤਰੋ ਵਰਗੇ ਅਮਰੀਕਾ ਤੇ ਕੁੱਲ ਆਲਮੀ ਕਾਰਪੋਰੇਟ ਖ਼ੇਮੇ ਅਤੇ ਇਨ੍ਹਾਂ ਦੇ ਮੀਡੀਆ ਦੇ ਭੰਡੀ ਪ੍ਰਚਾਰ ਦਾ ਮੁੱਖ ਨਿਸ਼ਾਨਾ ਬਣੇ ਹੋਏ ਹਨ।

ਅਮਰੀਕਾ ਦੀਆਂ ਅੱਖਾਂ ਵਿਚ ਹਮੇਸ਼ਾ ਰੜਕਦੇ ਰਹੇ ਫੀਦਲ ਕਾਸਤਰੋ ਜਾਂ ਸ਼ਾਵੇਜ਼ ਉਹ ਸ਼ਖਸੀਅਤਾਂ ਹਨ ਜਿਨ੍ਹਾਂ ਵਿਚ ਅਮਰੀਕੀ ਧੌਂਸ ਨਾ ਮੰਨਣ ਦਾ ਮਾਦਾ ਸੀ/ਹੈ। ਸ਼ਾਵੇਜ਼ ਉਹ ਹਸਤੀ ਸੀ ਜਿਸ ਨੇ ਤੇਲ ਦੇ ਵਸੀਲਿਆਂ ਜੋ ਇਸ ਮੁਲਕ ਦੀ ਆਮਦਨੀ ਦੀ ਮੁੱਖ ਸੋਮਾ ਹੈ, ਦਾ ਦੁਬਾਰਾ ਕੌਮੀਕਰਨ ਕੀਤਾ। ਉਸ ਤੋਂ ਪਹਿਲੇ ਦਲਾਲ ਹੁਕਮਰਾਨਾਂ ਨੇ ਕੌਮੀ ਤੇਲ ਕਾਰਪੋਰੇਸ਼ਨ ਅਪਨਿਵੇਸ਼ ਕਰ ਕੇ ਪ੍ਰਾਈਵੇਟ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕੀਤੀ ਹੋਈ ਸੀ। ਇਸ ਕਦਮ ਦੀ ਬਹੁਤ ਵੱਡੀ ਅਹਿਮੀਅਤ ਹੈ, ਨਾ ਸਿਰਫ਼ ਦੁਨੀਆਂ ਵਿਚ ਨਵਉਦਾਰਵਾਦੀ ਮਾਡਲ ਦੇ ਬੋਲਬਾਲੇ ਨੂੰ ਚੁਣੌਤੀ ਦੇਣ ਪੱਖੋਂ, ਸਗੋਂ ਮਨੁੱਖਤਾ ਦੇ ਮਹਿਫੂਜ਼ ਭਵਿੱਖ ਦੀ ਦਿਸ਼ਾ 'ਚ ਇਕ ਮੁੱਢਲੇ ਕਦਮ ਪੱਖੋਂ ਵੀ। ਸ਼ਾਵੇਜ਼ ਦਾ ਇਹ ਕਦਮ ਬਹੁਤ ਹੀ ਜ਼ੁਅਰਤਮੰਦ ਫ਼ੈਸਲਾ ਸੀ ਅਤੇ ਇਸ ਦਾ ਕਾਮਯਾਬ ਸੰਚਾਲਨ ਇਕ ਮੀਲ ਪੱਥਰ; ਜੋ ਇਸ ਨਿਹਚਾ ਨੂੰ ਮਜ਼ਬੂਤ ਕਰਦਾ ਹੈ ਕਿ ਕੌਮੀਕਰਨ ਸੰਭਵ ਹੀ ਨਹੀਂ, ਟਿਕਾਊ ਤੇ ਤਰੱਕੀਪਸੰਦ ਆਰਥਿਕ ਮਾਡਲ ਵੀ ਹੈ।

ਇਕ ਪਾਸੇ ਮਨਮੋਹਨ ਸਿੰਘ-ਚਿਦੰਬਰਮ ਵਰਗਿਆਂ ਦਾ ਉਦਾਰੀਕਰਨ-ਵਿਸ਼ਵੀਕਰਨ-ਨਿੱਜੀਕਰਨ ਦਾ, ਆਲਮੀ ਕਾਰਪੋਰੇਟਾਂ ਦਾ ਮਨਪਸੰਦ ਅਖੌਤੀ 'ਵਿਕਾਸ' ਮਾਡਲ ਹੈ ਜਿਸ ਵਿਚ ਆਲਮੀ ਤੇ ਦੇਸੀ ਕਾਰਪੋਰੇਸ਼ਨਾਂ ਲਈ ਮੁਲਕ ਦੇ ਦਰਵਾਜ਼ੇ ਕੁਦਰਤੀ ਵਸੀਲਿਆਂ ਦੀ ਬੇਦਰੇਗ ਲੁੱਟ ਲਈ ਪੂਰੀ ਬੇਹਯਾਈ ਨਾਲ ਖੋਲ੍ਹੇ ਗਏ ਹਨ ਅਤੇ ਮੁਲਕ ਦੇ 94 ਫ਼ੀ ਸਦੀ ਅਵਾਮ ਨੂੰ ਵਿਕਾਸ ਦੇ ਨਾਂ ਹੇਠ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਕੇ ਸਿਹਤ, ਸਿਖਿਆ ਅਤੇ ਰੁਜ਼ਗਾਰ ਦੀਆਂ ਮੁੱਢਲੀਆਂ ਮਨੁੱਖੀ ਲੋੜਾਂ ਤੋਂ ਵੀ ਵਾਂਝੇ ਕਰ ਦਿੱਤਾ ਗਿਆ ਹੈ। ਇਨ੍ਹਾਂ 'ਮਾਡਲ ਜਮਹੂਰੀਅਤਾਂ' ਦੇ ਰਾਜਕੀ ਦਹਿਸ਼ਤਗਰਦ ਹੁਕਮਰਾਨ ਅਮਰੀਕਾ ਲਈ ਦੁਨੀਆਂ ਦੇ ਸਭ ਤੋਂ ਵੱਡੇ, ਜਮਹੂਰੀਅਤ ਦੇ ਉਸਰੱਈਏ ਹਨ। ਦੂਜੇ ਪਾਸੇ, ਸ਼ਾਵੇਜ਼ ਦਾ ਕੁਦਰਤੀ ਵਸੀਲਿਆਂ ਦੇ ਕੌਮੀਕਰਨ ਅਤੇ ਇਨ੍ਹਾਂ ਦੀ ਵਰਤੋਂ ਮੁਲਕ ਦੇ ਅਵਾਮ ਨੂੰ ਮੁਫ਼ਤ ਸਿਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਅਤੇ ਹੋਰ ਬੁਨਿਆਦੀ ਲੋੜਾਂ ਲਈ ਕਰਨ ਦਾ ਮਾਡਲ ਹੈ ਜਿਸ ਦੀ ਵਿਚਾਰਧਾਰਕ ਬੁਨਿਆਦ ਆਜ਼ਾਦੀ, ਬਰਾਬਰੀ ਅਤੇ ਸਵੈਨਿਰਭਰਤਾ ਦੀ ਸਮਾਜਵਾਦੀ ਵਿਚਾਰਧਾਰਾ ਹੈ। ਸਮਾਜਵਾਦ ਦੇ ਨਿਸ਼ਾਨੇ ਨੂੰ ਪੂਰਾ ਕਰਨ ਦੇ ਢੰਗ-ਤਰੀਕਿਆਂ, ਇਸ ਨੂੰ ਹਾਸਲ ਕਰਨ ਦੇ ਰਾਹ ਬਾਰੇ ਚਿੰਤਕਾਂ 'ਚ ਵੱਡੇ ਮੱਤਭੇਦ ਹੋ ਸਕਦੇ ਹਨ ਪਰ ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਮੁੱਠੀ ਭਰ ਆਲਮੀ ਤੇ ਦੇਸੀ ਕਾਰਪੋਰੇਟ ਲਾਣੇ ਨੂੰ ਕਿਰਤ ਤੇ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਦੀ ਖੁੱਲ੍ਹ ਦੇਣ ਵਾਲੇ ਸਰਮਾਏਦਾਰਾਨਾ ਮਾਡਲ ਤਹਿਤ ਜਿਉਣ ਦੇ ਕਾਬਲ ਜ਼ਿੰਦਗੀ ਸੰਭਵ ਨਹੀਂ ਹੈ, ਮਨੁੱਖ ਦੇ ਸਰਵਪੱਖੀ ਵਿਕਾਸ ਦਾ ਤਾਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਕੌਮੀਕਰਨ, ਸਾਧਨਾਂ ਦੀ ਯੋਗ ਵੰਡ ਵਾਲਾ ਸਮਾਜਵਾਦੀ ਮਾਡਲ ਹੀ ਉੱਜਲੇ ਭਵਿੱਖ ਦਾ ਸੂਚਕ ਹੈ ਜੋ ਹਜ਼ਾਰਾਂ ਸਾਲਾਂ ਤੋਂ ਮਨੁੱਖਤਾ ਦਾ ਸੁਪਨਾ ਰਿਹਾ ਹੈ। ਇਹ ਵੱਖਰਾ ਸਵਾਲ ਹੈ ਕਿ 20ਵੀਂ ਸਦੀ ਦੇ ਸਮਾਜਵਾਦੀ ਤਜਰਬੇ ਦੀਆਂ ਗ਼ਲਤੀਆਂ ਨੂੰ ਕਿਵੇਂ ਦਰੁਸਤ ਕਰਨਾ ਹੈ। ਸ਼ਾਵੇਜ਼ ਦਾ ਮੁਤਬਾਦਲ ਵਿਕਾਸ ਮਾਡਲ ਸ਼ੈਤਾਨ ਕਾਰਪੋਰੇਟ ਸਲਤਨਤ ਦੇ 'ਹੋਰ ਕੋਈ ਬਦਲ ਨਹੀਂ ਹੈ' ਦੇ ਦਾਅਵੇ ਦਾ ਤਰਕਸੰਗਤ ਤੇ ਠੋਕਵਾਂ ਜਵਾਬ ਹੈ। ਸਾਮਰਾਜੀਆਂ ਦੀ ਦਲਾਲ ਜੁੰਡਲੀ ਦੀ ਜਕੜ 'ਚ ਫਸੇ ਭਾਰਤ ਲਈ ਇਸ ਮਾਡਲ ਦੀ ਵੱਡੀ ਅਹਿਮੀਅਤ ਹੈ। ਭਾਰਤ ਵਾਂਗ ਹੀ ਵੈਨਜ਼ੁਏਲਾ ਵੀ ਆਰਥਿਕ-ਸਿਆਸੀ ਭ੍ਰਿਸ਼ਟਾਚਾਰ ਦਾ ਅੱਡਾ ਸੀ। ਅਵਾਮ ਦੇ ਹਿੱਤਾਂ ਨੂੰ ਸੱਟ ਅਤੇ ਆਲਮੀ ਤੇ ਦੇਸੀ ਕਾਰਪੋਰੇਟ ਨੂੰ ਥੋਕ ਰਿਆਇਤਾਂ ਤੇ ਰੱਜਵੀਆਂ ਖੁੱਲ੍ਹਾਂ ਦਾ ਮੁਜੱਸਮਾ ਹੁੰਦਾ ਸੀ ਵੈਨਜ਼ੁਏਲਾ। ਸ਼ਾਵੇਜ਼ ਨੇ ਕਾਰਪੋਰੇਟ ਸੜਿਆਂਦ ਦਾ ਫਸਤਾ ਵੱਢ ਕੇ ਮੁਲਕ ਨੂੰ ਅਵਾਮ ਦੀ ਬਿਹਤਰੀ, ਸੱਚੇ ਵਿਕਾਸ ਦੇ ਟਿਕਾਊ ਰਾਹ ਤੋਰਿਆ। ਸਵਾਲ ਇਹ ਹੈ ਕਿ ਇਸ ਜੰਗ ਵਿਚ ਸ਼ਾਵੇਜ਼ ਦਾ ਖੱਪਾ ਕਿਵੇਂ ਤੇ ਕਿੰਨਾ ਕੁ ਭਰਦਾ ਹੈ? ਫਿਰ ਵੀ ਜੰਗ ਜਾਰੀ ਹੈ। ਸ਼ਾਵੇਜ਼ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ, ਉਸ ਦੇ ਫੌਲਾਦੀ ਅਕੀਦਿਆਂ, ਉਸ ਦੇ ਖ਼ਾਬਾਂ, ਉਸ ਦੇ ਅਮਲਾਂ ਲਈ।

# ਮੱਧ ਵਰਗ ਦੀ ਆਦਰਸ਼ਵਾਦ ਨੂੰ ਤਿਲਾਂਜਲੀ ਗੰਭੀਰ ਮਸਲਾ

## ਪ੍ਰੋ. ਉਮਾ ਚਕਰਵਰਤੀ ਨਾਲ ਵਿਸ਼ੇਸ਼ ਮੁਲਾਕਾਤ

*ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਉਮਾ ਚੱਕਰਵਰਤੀ ਇਤਿਹਾਸਕਾਰ ਹੈ, ਖੱਬੇਪੱਖੀ ਅਤੇ ਨਾਰੀਵਾਦੀ ਹੈ। ਰੀਕਾਸਟਿੰਗ ਵਿਮੈਨ, ਰੀ-ਰਾਇਟਿੰਗ ਹਿਸਟਰੀ, ਜੈਂਡਰਿੰਗ ਕਾਸਟ ਆਦਿ ਕਿਤਾਬਾਂ ਵਿਚ ਉਸ ਨੇ ਜਾਤ, ਲਿੰਗ ਦੇ ਸਵਾਲਾਂ ਦੀ ਡੂੰਘਾਈ 'ਚ ਪੁਣ-ਛਾਣ ਕੀਤੀ ਹੈ। ਉਸ ਨੇ ਜਾਤ ਅਤੇ ਲਿੰਗ ਦੇ ਸਵਾਲ ਬਾਰੇ ਮੌਲਿਕ ਕੰਮ ਕੀਤਾ ਹੈ ਅਤੇ ਤਮਾਮ ਮੁਹਾਜ਼ਾਂ ਉੱਪਰ ਕਾਰਕੁਨ ਵਾਂਗ ਸਰਗਰਮ ਰਹੀ ਹੈ। ਸਰਮਾਏਦਾਰੀ ਅਤੇ ਖੱਬੀ ਧਿਰ ਦੇ ਸੰਕਟ ਬਾਰੇ ਭਾਸ਼ਾ ਸਿੰਘ ਨੇ ਉਸ ਨਾਲ ਲੰਮੀ ਗੱਲਬਾਤ ਕੀਤੀ। ਅੱਜ ਦੇ ਪ੍ਰਸੰਗ ਵਿਚ ਇਸ ਗੱਲਬਾਤ ਦੀ ਬੜੀ ਅਹਿਮੀਅਤ ਹੈ। ਇਸ ਗੱਲਬਾਤ ਦੇ ਅਹਿਮ ਅੰਸ਼ ਪੇਸ਼ ਹਨ।*

**ਭਾਰਤੀ ਪ੍ਰਸੰਗ 'ਚ ਸਰਮਾਏਦਾਰੀ ਕਿਸ ਤਰ੍ਹਾਂ ਦੇ ਰਾਜ ਦੇ ਨਾਲ ਜੁੜੀ ਹੋਈ ਹੈ?**

-ਜਿਸ ਦੌਰ ਵਿਚ ਅਸੀਂ ਗੱਲ ਕਰ ਰਹੇ ਹਾਂ, ਉਸ ਵਕਤ ਰਾਜ ਦਾ ਬਹੁ-ਕੌਮੀ ਕੰਪਨੀਆਂ ਨਾਲ ਸਾਜ਼ਿਸ਼ੀ ਗੱਠਜੋੜ ਬਣਿਆ ਹੋਇਆ ਹੈ। ਇਸ ਗੱਠਜੋੜ ਦਾ ਉਦੇਸ਼ ਦੇਸ਼ ਦੇ ਕੁਦਰਤੀ ਵਸੀਲਿਆਂ ਦੀ ਲੁੱਟਮਾਰ ਹੈ। ਇਸ ਲਈ ਸਾਰੇ ਅਸੂਲ, ਕਾਇਦੇ-ਕਾਨੂੰਨ ਛਿੱਕੇ ਟੰਗ ਦਿੱਤੇ ਗਏ ਹਨ। ਇਹ ਕਿਸ ਤਰ੍ਹਾਂ ਦੀ ਸਰਮਾਏਦਾਰੀ ਹੈ, ਇਸ ਦੀ ਵਿਆਖਿਆ ਵੱਖੋ-ਵੱਖਰੀ ਹੋ ਸਕਦੀ ਹੈ, ਪਰ ਭਾਰਤੀ ਪ੍ਰਸੰਗ 'ਚ ਇਹ ਬਿਲਕੁਲ ਸਾਫ਼ ਹੈ ਕਿ ਰਾਜ ਦਾ ਬਹੁ-ਕੌਮੀ ਕੰਪਨੀਆਂ ਨਾਲ ਪੂਰਾ ਗੰਢ-ਤੁੱਪ ਹੈ। ਇਸ ਦੇ ਨਾਲ-ਨਾਲ ਰਾਜ ਦੀ ਭੂਮਿਕਾ ਅਤੇ ਕੰਮ ਕਾਜ ਘਟ ਗਏ ਹਨ। ਨਾਗਰਿਕਾਂ ਦੀ ਭਲਾਈ ਦੀ ਧਾਰਨਾ ਨੂੰ ਰੱਦੀ ਦੀ ਟੋਕਰੀ 'ਚ ਵਗਾਹ ਮਾਰਿਆ ਗਿਆ ਹੈ। ਸਮਾਜਕ ਸੁਰੱਖਿਆ, ਇਲਾਜ ਦੀ ਸਹੂਲਤ ਮੁਹੱਈਆ ਕਰਾਉਣ ਦੀਆਂ ਗੱਲਾਂ ਖੰਭ ਲਾ ਕੇ ਉਡ ਗਈਆਂ ਹਨ। ਰਾਜ ਦੀ ਪਰਿਵਾਰ ਦੇ ਮੁਖੀ ਵਾਲੀ ਭੂਮਿਕਾ ਦੀ ਜੋ ਧਾਰਨਾ (ਜੋ ਅਸੀਂ ਨਾਰੀਵਾਦੀ ਮੰਨਦੇ ਸੀ) ਸੀ, ਉਸ ਦਾ ਭੋਗ ਪਾ ਦਿੱਤਾ ਗਿਆ ਹੈ। ਭਾਰਤ ਦਾ ਅਵਾਮ ਅੱਜ ਇਨ੍ਹਾਂ ਤਾਕਤਾਂ ਅੱਗੇ ਜੋ ਉਸ ਦੀ ਲੁੱਟਖਸੁੱਟ ਕਰਨ ਦੇ ਆਹਰ 'ਚ ਹਨ, ਮਾਯੂਸ ਹਾਲਾਤ ਨਾਲ ਟਕਰਾ ਕੇ, ਖ਼ੁਦ ਨੂੰ ਜ਼ਿੰਦਾ ਰੱਖਣ ਦੀ ਜੱਦੋਜਹਿਦ 'ਚ ਲੱਗਿਆ ਹੋਇਆ ਹੈ। ਮਸਲਨ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਵਾਲ ਹੈ...ਇਹ ਰਾਜ ਅਤੇ ਇਸ ਦੀਆਂ ਨੀਤੀਆਂ ਹੀ ਹਨ ਜੋ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਕਰ ਰਹੀਆਂ ਹਨ, ਕਿਸੇ ਨੂੰ ਕੋਈ ਫ਼ਿਕਰ ਨਹੀਂ, ਕੋਈ ਚਰਚਾ ਨਹੀਂ ਹੋ ਰਹੀ। ਰਾਜ ਸਿਰਫ਼ ਫ਼ੌਜ ਤੇ ਪੁਲਿਸ ਤੱਕ ਸਿਮਟ ਕੇ ਰਹਿ ਗਿਆ ਹੈ।

**ਜਮਹੂਰੀਅਤ, ਚੋਣਾਂ ਅਤੇ ਜਨਤਾ ਦੇ ਵਿਕਾਸ ਦੇ ਤਮਾਮ ਨਾਅਰੇ ਵੀ ਤਾਂ ਹਨ?**

-ਸਰਕਾਰ ਦੇ ਜਿੰਨੇ ਵੀ ਮੰਤਰਾਲੇ ਹਨ, ਸਭ ਦਾ ਇਕੋ ਏਜੰਡਾ ਹੈ, ਦੇਸ਼ 'ਚ ਸਰਮਾਇਆ ਆਵੇ, ਭਾਵੇਂ ਕੋਈ ਆ ਕੇ ਵਸੀਲੇ ਹੀ ਲੁੱਟ ਕੇ ਲੈ ਜਾਵੇ। ਇਸ ਨਾਲ ਲੋਕ ਵੱਡੇ ਪੱਧਰ 'ਤੇ ਉਜੜ ਰਹੇ ਹਨ। ਜ਼ਮੀਨ-ਜੰਗਲ ਤੋਂ ਉਨ੍ਹਾਂ ਨੂੰ ਜਬਰੀ ਬੇਦਖ਼ਲ ਕੀਤਾ ਜਾ ਰਿਹਾ ਹੈ। ਇਸ ਦੀ ਚੌਤਰਫ਼ੀ ਮਾਰ ਔਰਤਾਂ ਉਪਰ ਪੈ ਰਹੀ ਹੈ। ਬਹੁਤ ਵੱਡੇ ਪੱਧਰ 'ਤੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਹੋ ਰਹੀ ਹੈ। ਪੋਸਕੋ, ਵੇਦਾਂਤਾ, ਕੁਡਾਨਕੁਲਮ, ਜੈਤਾਪੁਰ, ਕੋਲੇ ਦੀਆਂ ਖਾਣਾਂ...ਹਰ ਥਾਂ ਕੁਦਰਤੀ ਵਸੀਲਿਆਂ ਦੀ ਖੁੱਲ੍ਹੀ ਲੁੱਟ ਦਿਖਾਈ ਦੇ ਰਹੀ ਹੈ।

**ਹਮਲਾਵਰ ਸਰਮਾਏ ਨੂੰ 'ਲੁੱਟ' ਦੇ ਲਾਇਸੰਸ ਕੌਣ ਦੇ ਰਿਹਾ ਹੈ?**

-ਇਹ ਧਾੜਵੀ ਸਰਮਾਇਆ ਉਦੋਂ ਤੱਕ ਨਹੀਂ ਆ ਸਕਦਾ ਜਦੋਂ ਤੱਕ ਰਾਜ ਨਾਲ ਇਸ ਦਾ ਗੱਠਜੋੜ ਨਾ ਹੋਵੇ। ਇਹ ਧਾੜਵੀ ਸਰਮਾਇਆ ਚਾਹੁੰਦਾ ਹੈ ਕਿ ਭਾਰਤੀ ਰਾਜ ਆਪਣੇ ਲੋਕਾਂ ਦੇ ਸਿਰ 'ਤੇ ਪੁਲਿਸ ਦਾ ਡੰਡਾ ਲੈ ਕੇ ਖੜ੍ਹੇ। ਇਸ ਸ਼ਰਤ ਹੇਠ ਉਹ ਸਰਮਾਇਆ ਲਾਉਂਦੇ ਹਨ ਕਿ ਭਾਰਤੀ ਰਾਜ ਆਪਣੇ ਲੋਕਾਂ 'ਤੇ ਪੁਲਿਸ ਦਾ ਇਹ ਡੰਡਾ ਚਲਾਵੇ, ਉਨ੍ਹਾਂ ਨੂੰ ਕਾਬੂ 'ਚ ਰੱਖੇ। ਇਉਂ ਇਹ ਸਰਮਾਏਦਾਰੀ ਦਾ ਸਭ ਤੋਂ ਬੇਰਹਿਮ ਰੂਪ ਹੈ। ਇਹ ਸਰਮਾਏਦਾਰੀ ਆਪਣੇ ਆਦਿਵਾਸੀ ਲੋਕਾਂ, ਜੋ ਗ਼ਰੀਬਾਂ ਵਿਚੋਂ ਵੀ ਸਭ ਤੋਂ ਗ਼ਰੀਬ ਹਨ, ਨੂੰ ਉਜਾੜ ਰਹੀ ਹੈ। ਉਨ੍ਹਾਂ ਕੋਲ ਗੁਜ਼ਾਰੇ ਦੇ ਜੋ ਸਾਧਨ ਹਨ, ਉਹ ਖੋਹ ਰਹੀ ਹੈ। ਗ਼ਰੀਬਾਂ ਨੂੰ ਨਿਆਸਰੇ ਮਰਨ ਲਈ ਛੱਡ ਰਹੀ ਹੈ। ਇਹ ਸਰਮਾਏਦਾਰੀ ਦਾ ਸਭ ਤੋਂ ਬੇਰਹਿਮ ਚਿਹਰਾ ਹੈ।

**ਇਨ੍ਹਾਂ ਹਾਲਾਤ ਦੀ ਵਿਆਖਿਆ?**

-ਇਨ੍ਹਾਂ ਹਾਲਾਤ ਨੂੰ ਮੌਜੂਦਾ ਪ੍ਰਸੰਗ 'ਚ ਸਮਝਣਾ ਜ਼ਰੂਰੀ ਹੈ। ਇਸ ਦੀ ਛਾਣਬੀਣ ਅੱਜ ਦੀ ਜ਼ਮੀਨੀ ਹਕੀਕਤ ਅਨੁਸਾਰ ਕਰਨੀ ਹੋਵੇਗੀ। ਸੋਨੀ ਸੋਰੀ ਦੀ ਪੀੜਾ ਵੱਲ ਨਜ਼ਰ ਮਾਰੋ। ਅੱਜ ਸੋਨੀ ਸੋਰੀ ਦੀ ਇਹ ਹਾਲਤ ਇਸ ਲਈ ਹੈ ਕਿਉਂਕਿ ਉਹ ਛੱਤੀਸਗੜ੍ਹ ਤੋਂ ਹੈ। ਉਸ ਦੀ ਹਾਲਤ ਨੂੰ ਇਸੇ ਤਰ੍ਹਾਂ ਹੀ ਸਮਝਿਆ ਜਾ ਸਕਦਾ ਹੈ, ਛੱਤੀਸਗੜ੍ਹ ਨਾਲੋਂ ਤੋੜ ਕੇ ਨਹੀਂ। ਇਹ ਇਕ ਕਲਾਸਿਕ ਕੇਸ ਹੈ ਜਿਸ ਨਾਲ ਇਹ ਸਮਝਿਆ ਜਾ ਸਕਦਾ ਹੈ ਕਿ ਜਦੋਂ ਰਾਜ ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਹੋ ਜਾਂਦਾ ਹੈ, ਜਿਥੇ ਟਕਰਾਅ ਵਾਲੇ ਹਾਲਾਤ ਹਨ, ਉਥੇ ਆਮ ਨਾਗਰਿਕ ਦਾ ਕੀ ਹਸ਼ਰ ਹੁੰਦਾ ਹੈ, ਉਸ ਨਾਲ ਕੀ ਬੀਤਦੀ ਹੈ।

**ਇਨ੍ਹਾਂ ਤਮਾਮ ਦਮਨਾਂ ਦੇ ਖ਼ਿਲਾਫ਼ ਅੰਦੋਲਨ ਵੀ ਤਾਂ ਹਨ, ਕਿਤੇ ਛੋਟੇ ਕਿਤੇ ਵੱਡੇ?**

-ਇਕ ਸਵਾਲ ਹੁਣ ਮੈਂ ਕਰਨਾ ਚਾਹਾਂਗੀ ਕਿ ਐਸੇ ਸਾਰੇ ਥਾਈਂ ਰਵਾਇਤੀ ਖੱਬੇ (ਰਵਾਇਤੀ ਖੱਬੀਆਂ ਪਾਰਟੀਆਂ) ਐਨੇ ਕਮਜ਼ੋਰ ਕਿਉਂ ਹਨ। ਇਹ ਮੇਰੇ ਲਈ ਵੀ ਸਵਾਲ ਹੈ। ਉਥੇ ਸੀ. ਪੀ. ਆਈ. ਸੀ, ਪਰ ਹੁਣ ਉਹ ਵੀ ਨਜ਼ਰ ਨਹੀਂ ਆ ਰਹੀ। ਸਵਾਲ ਇਹ ਹੈ ਕਿ ਆਖ਼ਿਰ ਕੀ ਵਜ੍ਹਾ ਹੈ, ਜਿਥੇ (ਛੱਤੀਸਗੜ੍ਹ, ਝਾਰਖੰਡ ਤੇ ਉੜੀਸਾ) ਆਦਿਵਾਸੀਆਂ ਦੀਆਂ ਸਭ ਤੋਂ ਵੱਡੀਆਂ ਲੜਾਈਆਂ ਚੱਲ ਰਹੀਆਂ ਹਨ, ਉਥੇ ਰਵਾਇਤੀ ਖੱਬੀ ਧਿਰ ਕਿੱਥੇ ਹੈ? ਅਗਲਾ ਸਵਾਲ ਹੈ ਕਿ ਆਖ਼ਿਰ ਇਨ੍ਹਾਂ ਤਿੰਨਾਂ ਹੀ ਥਾਵਾਂ 'ਤੇ ਸੱਜੇਪੱਖੀ ਸਰਕਾਰਾਂ ਕਿਉਂ ਹਨ? ਵਜ੍ਹਾ ਇਹ ਹੈ ਕਿ ਉਥੇ ਬਹੁਕੌਮੀ ਕੰਪਨੀਆਂ ਕੁਦਰਤੀ ਵਸੀਲਿਆਂ ਦੀ ਲੁੱਟ ਸਭ ਤੋਂ ਵੱਧ ਸਹੂਲਤਮਈ ਸ਼ਰਤਾਂ 'ਤੇ ਕਰਨਾ ਚਾਹੁੰਦੀਆਂ ਹਨ ਅਤੇ ਇਹ ਸੱਜੇਪੱਖੀ ਸਰਕਾਰਾਂ ਉਨ੍ਹਾਂ ਦੀਆਂ ਬਿਹਤਰੀਨ ਦਲਾਲ ਸਾਬਤ ਹੁੰਦੀਆਂ ਹਨ। ਉਥੇ ਗੱਠਜੋੜ ਮੰਡੀ ਦੀਆਂ ਤਾਕਤਾਂ, ਬਹੁਕੌਮੀ ਕੰਪਨੀਆਂ ਅਤੇ ਰਾਜ ਵਿਚਾਲੇ ਹੈ। ਜੇ ਇਨ੍ਹਾਂ ਇਲਾਕਿਆਂ ਨੂੰ ਗ਼ੌਰ ਨਾਲ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਉਥੇ ਬਹੁਤ ਸਾਰੇ ਇਲਾਕਿਆਂ 'ਚ ਆਦਿਵਾਸੀ 50% ਵੀ ਨਹੀਂ ਰਹਿ ਗਏ। ਇਤਿਹਾਸਕ ਤੌਰ 'ਤੇ ਉਥੇ ਘੁਸਪੈਠ ਹੋਈ ਹੈ, ਬਾਹਰੋਂ ਲੋਕ ਉਥੇ ਗਏ ਹਨ। ਅਜਿਹੇ ਹਾਲਾਤ 'ਚ ਰਮਨ ਸਿੰਘ (ਛੱਤੀਸਗੜ੍ਹ ਦਾ ਮੁੱਖ ਮੰਤਰੀ) ਨੂੰ ਵੋਟ ਦੇ ਕੇ ਕੌਣ ਸੱਤਾ ਵਿਚ ਲਿਆ ਰਿਹਾ ਹੈ? ਇਹ ਆਦਿਵਾਸੀ ਜਾਂ ਕੋਈ ਹੋਰ?...ਇਹ ਸੋਚਣ ਵਾਲੀ ਗੱਲ ਹੈ। ਸੱਜੇਪੱਖੀ ਆਰਥਿਕ ਨੀਤੀਆਂ, ਸੱਜੇਪੱਖੀ ਮਜ਼ਹਬੀ ਸੱਤਾ ਸਥਾਪਤ ਕਰਨ ਵਾਲੀ ਸਿਆਸਤ ਅਤੇ ਉਨ੍ਹਾਂ ਨਾਲ ਖੜ੍ਹਾ ਦਮਨਕਾਰੀ ਰਾਜ...ਇਹ ਸਭ ਤੋਂ ਉਘੜਵਾਂ ਗੱਠਜੋੜ ਹੈ। ਇਹ ਗੱਠਜੋੜ ਮਾਰਕਸਵਾਦ ਦਾ ਘੋਰ ਦੁਸ਼ਮਣ ਹੈ। ਆਦਿਵਾਸੀ ਅਵਾਮ ਨੂੰ ਖਦੇੜ ਕੇ ਬਾਹਰ ਕੱਢਿਆ ਜਾ ਰਿਹਾ ਹੈ ਤੇ ਉਨ੍ਹਾਂ ਦੀ ਤਰਫ਼ੋਂ ਕੋਈ ਬੋਲਣ ਵਾਲਾ ਨਹੀਂ ਹੈ। ਸਿਵਲ ਸਮਾਜ ਕਿਉਂ ਕਮਜ਼ੋਰ ਹੈ ਇਨ੍ਹਾਂ ਇਲਾਕਿਆਂ 'ਚ? ਜਦੋਂ ਬਿਨਾਇਕ ਸੇਨ ਵਾਲਾ ਮਾਮਲਾ ਆਇਆ ਸੀ ਤਾਂ ਛੱਤੀਸਗੜ੍ਹ ਵਿਚ ਲੋਕਾਂ ਨੂੰ ਜੋੜਨਾ, ਖੜ੍ਹੇ ਕਰਨਾ ਮੁਸ਼ਕਿਲ ਸੀ। ਵਜ੍ਹਾ ਸਾਫ਼ ਹੈ ਕਿ ਉਥੋਂ ਦਾ ਸਿਵਲ ਸਮਾਜ ਸੱਤਾ ਨਾਲ ਰਲ ਗਿਆ ਹੈ, ਦੋਹਾਂ ਦਾ ਗੱਠਜੋੜ ਹੈ।

**ਤੁਹਾਡਾ ਕੀ ਮੁਲੰਕਣ ਹੈ ਖੱਬੀ ਧਿਰ ਉਥੇ ਕਮਜ਼ੋਰ ਕਿਉਂ ਹੈ?**

-ਇਹੀ ਸਭ ਤੋਂ ਵੱਡਾ ਸਵਾਲ ਹੈ ਕਿ ਜਿਥੇ ਆਦਿਵਾਸੀ ਆਪਣੀ ਹੋਂਦ ਦੀ ਸਭ ਤੋਂ ਕਰੂਰ ਲੜਾਈ ਰਾਜ ਨਾਲ ਲੜ ਰਹੇ ਹਨ, ਉਥੇ ਖੱਬੀ ਧਿਰ ਕਿਉਂ ਨਹੀਂ ਹੈ। ਰਵਾਇਤੀ ਖੱਬੀ ਧਿਰ ਕਿਥੇ ਹੈ? ਮਾਰਕਸੀ ਪਾਰਟੀ (ਸੀ.ਪੀ.ਐਮ.) ਤਾਂ ਹੈ ਹੀ ਨਹੀਂ, ਸੀ.ਪੀ.ਆਈ. ਨਿਹਾਇਤ ਕਮਜ਼ੋਰ ਹੈ। ਅਜਿਹੇ ਹਾਲਾਤ 'ਚ ਅਵਾਮ ਹਥਿਆਰਬੰਦ ਖੱਬੇਪੱਖੀਆਂ ਦੀ ਸ਼ਰਨ ਵਿਚ ਹੈ। ਅਜਿਹਾ ਕਿਉਂ ਹੈ ਕਿ ਰਵਾਇਤੀ ਖੱਬੇਪੱਖੀ ਉਥੇ ਸਭ ਤੋਂ ਵੱਧ ਦਮਨ ਦਾ ਸ਼ਿਕਾਰ ਲੋਕਾਂ ਨੂੰ ਨਾਲ ਨਹੀਂ ਰਲਾ ਸਕੇ; ਲੋਕਾਂ ਅੱਗੇ ਕੋਈ ਬਦਲ ਪੇਸ਼ ਨਹੀਂ ਕਰ ਸਕੇ। ਐਮ.ਐਲ. ਵਾਲੇ ਫਿਰ ਵੀ ਕੁਝ ਕਰ ਰਹੇ ਹਨ।

**ਪੂਰੇ ਦੇਸ਼ ਵਿਚ ਵੱਖ-ਵੱਖ ਮੁੱਦਿਆਂ ਉਪਰ ਅੰਦੋਲਨ ਚਲ ਰਹੇ ਹਨ ਪਰ ਇਹ ਖੱਬੀ ਧਿਰ ਦੀ ਅਗਵਾਈ 'ਚ ਨਹੀਂ ਹਨ, ਕੁਡਾਨਕੁਲਮ ਤੋਂ ਲੈ ਕੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਖ਼ਿਲਾਫ਼ ਤੱਕ। ਇਨ੍ਹਾਂ ਵਿਚ ਖੱਬੀਆਂ ਪਾਰਟੀਆਂ ਦੀ ਭੂਮਿਕਾ ਕਿਉਂ ਨਹੀਂ ਦਿਸ ਰਹੀ?**

-ਇਹ ਚੰਗੀ ਗੱਲ ਹੈ ਕਿ ਲੋਕ ਲੜ ਰਹੇ ਹਨ। ਸਰਮਾਏ ਦੇ ਇਸ ਹਮਲੇ ਨੂੰ ਲੋਕ ਚੁਣੌਤੀ ਦੇ ਰਹੇ ਹਨ। ਇਹ ਅੰਦੋਲਨ ਆਪਸ 'ਚ ਜੁੜੇ ਹੋਏ ਨਹੀਂ, ਇਹ ਸਾਡੇ ਲਈ ਤ੍ਰਾਸਦੀ ਹੈ। ਅੱਜ ਦੇ ਦੌਰ 'ਚ ਸੱਤਾ ਤੋਂ ਅਸੰਤੁਸ਼ਟ ਲੋਕਾਂ ਦੀ ਤਾਦਾਦ ਸੰਤੁਸ਼ਟ ਲੋਕਾਂ ਤੋਂ ਵੱਧ ਹੈ, ਫਿਰ ਵੀ ਸੱਤਾ ਉਨ੍ਹਾਂ ਨੂੰ ਆਪਣੇ ਲਈ ਕੋਈ ਚੁਣੌਤੀ ਨਹੀਂ ਮੰਨਦੀ; ਕਿਉਂਕਿ ਇਨ੍ਹਾਂ ਤਮਾਮ ਅੰਦੋਲਨਾਂ ਦਾ ਵਿਆਪਕ ਰਾਜਸੀ ਚੁਣੌਤੀਪੂਰਨ ਤਾਣਾਬਾਣਾ ਨਹੀਂ ਹੈ। ਲਿਹਾਜ਼ਾ ਸੱਜੇਪੱਖੀ ਆਰਥਿਕ ਤਾਕਤਾਂ-ਰਾਜਸੀ ਤਾਕਤਾਂ ਦਾ ਨਾਪਾਕ ਗੱਠਜੋੜ ਤਾਂ ਅੱਜ ਬਹੁਤ ਮਜ਼ਬੂਤ ਹੈ, ਪਰ ਉਸ ਦੇ ਖ਼ਿਲਾਫ਼ ਅਜਿਹੀ ਏਕਤਾ ਨਹੀਂ ਹੈ। ਇਹ ਖੱਬੀ ਧਿਰ ਦਾ ਸੰਕਟ ਹੈ।

**ਅੱਜ ਦਾ ਮੱਧ ਵਰਗ ਆਪਣੇ ਆਦਰਸ਼ਵਾਦ ਨੂੰ ਤਿਲਾਂਜਲੀ ਦੇ ਚੁੱਕਾ ਹੈ। ਉਹ ਸੰਤੁਸ਼ਟ ਹੈ। ਉਹ ਸੱਤਾ ਨਾਲ, ਆਰਥਿਕ ਉਦਾਰੀਕਰਨ ਦੇ ਕਦਮਾਂ ਨਾਲ ਕਦਮ ਮਿਲਾ ਕੇ ਤੁਰ ਰਿਹਾ ਹੈ। ਪਹਿਲਾਂ ਅਜਿਹਾ ਨਹੀਂ ਸੀ। ਕੀ ਤੁਹਾਨੂੰ ਸਰਮਾਏਦਾਰੀ ਸੰਕਟ 'ਚ ਲਗਦੀ ਹੈ?**

-ਸਰਮਾਏਦਾਰੀ 'ਚ ਇਸ ਹੱਦ ਤਕ ਤਾਂ ਸੰਕਟ ਹੈ ਕਿ ਉਹ ਆਪਣੇ ਪ੍ਰਬੰਧ ਵਿਚਲੇ ਸੰਕਟਾਂ ਨੂੰ ਹੱਲ ਨਹੀਂ ਕਰ ਪਾ ਰਹੀ। ਅਮਰੀਕਾ ਦਾ ਆਰਥਿਕ ਪ੍ਰਬੰਧ ਸੰਕਟ 'ਚ ਹੈ। ਬੇਰੁਜ਼ਗਾਰੀ ਵਧ ਰਹੀ ਹੈ। ਬੇਚੈਨੀ ਵਧ ਰਹੀ ਹੈ। ਉਸ ਦੀ ਪੈਦਾਵਾਰੀ ਪ੍ਰਣਾਲੀ ਪੂਰੀ ਵਿਤੀ ਸਰਮਾਏਦਾਰੀ ਹੁਣ ਸਰਮਾਏਦਾਰੀ ਦਾ ਸਭ ਤੋਂ ਜ਼ਾਹਰਾ ਰੂਪ ਹੈ।



ਮੱਧ ਵਰਗ ਜੋ ਹੁਣ ਤੇਜ਼ੀ ਨਾਲ ਕਾਰਪੋਰੇਟ ਜਗਤ ਦੀ ਲਪੇਟ ਵਿਚ ਆ ਰਿਹਾ ਹੈ।

ਅੰਦਰੂਨੀ ਸੰਕਟ ਵਧ ਰਿਹਾ ਹੈ। ਅਮਰੀਕਾ ਵਿਚ ਜਿਸ ਤਰ੍ਹਾਂ ਹਾਊਸਿੰਗ ਕਾਰੋਬਾਰ ਢਹਿ ਢੇਰੀ ਹੋਇਆ, ਉਹ ਇਸ ਸੰਕਟ ਦਾ ਹੀ ਸਿੱਟਾ ਹੈ; ਪਰ ਜਿੱਥੋਂ ਤੱਕ ਇਸ ਦੀ ਲੋਕਾਂ 'ਚ ਖਿੱਚ ਦਾ ਸਵਾਲ ਹੈ, ਇਸ ਨੂੰ ਸਰਮਾਏਦਾਰੀ ਨੇ ਨਾ ਸਿਰਫ਼ ਹੋਰ ਮਜ਼ਬੂਤ ਕੀਤਾ ਹੈ, ਸਗੋਂ ਪੱਕੇ ਪੈਰੀਂ ਵੀ ਕੀਤਾ ਹੈ। ਇਹ ਅੱਜ ਵੀ ਲੋਕਾਂ ਨੂੰ ਭਰਮਾਉਣ 'ਚ ਕਾਮਯਾਬ ਹੈ। ਪੂਰੀ ਦੁਨੀਆਂ 'ਚ ਇਸ ਦੀ ਪੁੱਛ ਪ੍ਰਤੀਤ ਵਧੀ ਹੈ। ਦੂਜੇ ਬੰਨੇ, ਸਿਰਫ਼ 'ਮੈਂ' ਦੀ ਹੀ ਅਹਿਮੀਅਤ ਹੈ। ਸਮੂਹਿਕਤਾ ਦੀ ਭਾਵਨਾ ਖ਼ਤਮ ਹੈ। ਨੀਤੀਗਤ ਪੱਧਰ 'ਤੇ ਭ੍ਰਿਸ਼ਟਾਚਾਰ ਕੋਈ ਮੁੱਦਾ ਨਹੀਂ ਬਣਦਾ। ਕੋਈ ਇਹ ਸਵਾਲ ਨਹੀਂ ਉਠਾਉਂਦਾ ਕਿ ਕੁਡਾਨਕੁਲਮ ਕਿਉਂ ਜ਼ਰੂਰੀ ਹੈ, ਜੈਤਾਪੁਰ ਕਿਉਂ ਜ਼ਰੂਰੀ ਹੈ। ਪੋਸਕੋ ਨੂੰ ਕੌਡੀਆਂ ਦੇ ਭਾਅ ਅਲਮੀਨੀਅਮ ਕੱਢਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਬਾਹਰਲੀ ਰੱਦ ਕੀਤੀ ਬੇਕਾਰ ਤਕਨੀਕ, ਅਸੀਂ ਝੋਲੀ ਅੱਡ ਕੇ ਲੈਣ ਲਈ ਤਿਆਰ ਹਾਂ, ਕਿਉਂ? ਕਿਉਂਕਿ ਅਸੀਂ ਆਪਣੇ ਹਿੱਤ ਉਸ ਸਰਮਾਏ ਨੂੰ ਵੇਚ ਦਿੱਤੇ ਹਨ। ਅਸੀਂ ਦੁਨੀਆਂ ਦਾ ਕਚਰਾ ਢੋਣ ਵਾਲੇ ਹਾਂ। ਸਦੀਆਂ ਤੋਂ ਅਸੀਂ ਆਪਣੇ ਦਲਿਤਾਂ ਤੋਂ ਆਪਣਾ ਗੰਦ ਚੁਕਵਾਉਂਦੇ ਰਹੇ ਅਤੇ ਅੱਜ ਇਹ ਆਪਣੇ ਵਿਦੇਸ਼ੀ ਆਕਾਵਾਂ ਲਈ ਖ਼ੁਦ ਕਰ ਰਹੇ ਹਾਂ।

**ਮੱਧ ਵਰਗ 'ਚ ਤਾਂ ਸਰਮਾਏਦਾਰੀ ਦੀ ਖਿੱਚ ਵਧ ਹੀ ਰਹੀ ਹੈ। ਆਰਥਿਕ ਉਦਾਰੀਕਰਨ ਨੇ ਉਨ੍ਹਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਇੰਦਾਂ ਪਹਿਲਾਂ ਤਾਂ ਨਹੀਂ ਸੀ?**

-ਕਈ ਦਫ਼ਾ ਮੈਨੂੰ ਇਹ ਵੀ ਲੱਗਦਾ ਹੈ ਕਿ ਖ਼ਾਸ ਕਰ ਕੇ ਮੱਧ ਵਰਗ 'ਚ ਇਹ ਭਾਵਨਾ ਵਧ ਰਹੀ ਹੈ ਕਿ ਲੋਕਾਂ ਨੂੰ ਮਰਨ ਦਿਉ। ਇਨ੍ਹਾਂ ਦੀ ਆਬਾਦੀ ਵੈਸੇ ਵੀ ਬਹੁਤ ਜ਼ਿਆਦਾ ਹੈ, ਮਰ ਗਏ ਤਾਂ ਕੋਈ ਫ਼ਰਕ ਨਹੀਂ ਪਵੇਗਾ। ਇਹ ਵਹਿਸ਼ੀ ਸੋਚ ਕੰਮ ਕਰ ਰਹੀ ਹੈ। ਗ਼ਰੀਬਾਂ ਦੀ ਮੌਤ ਨਾਲ ਕੋਈ ਝੰਜੋੜਿਆ ਨਹੀਂ ਜਾਂਦਾ, ਇਹ ਕੋਈ ਮੁੱਦਾ ਨਹੀਂ ਬਣਦਾ। ਸਾਡਾ ਸਮਾਜ ਸਭ ਤੋਂ ਜ਼ਿਆਦਾ ਵਹਿਸ਼ੀ ਹੈ, ਹਿੰਸਕ ਹੈ। ਇਹੀ ਹਿੰਸਕ ਸੋਚ ਸਾਡੀ ਜਾਤਪਾਤੀ ਪ੍ਰਥਾ 'ਚ ਸਾਹਮਣੇ ਆਉਂਦੀ। ਅਸੀਂ ਕਹਿੰਦੇ ਸੀ ਕਿ ਮੈਂ ਉਚੀ ਜਾਤ ਦਾ ਹਾਂ, ਮੈਨੂੰ ਸਾਰੇ ਸੁੱਖਾਂ ਦਾ ਅਧਿਕਾਰ ਹੈ, ਬਾਕੀ ਲੋਕ ਹੇਠਾਂ ਰਹਿਣ ਅਤੇ ਮੈਂ ਆਨੰਦ 'ਚ ਰਹਾਂ। ਇਹ ਸਾਡੇ ਸਮਾਜ ਦੀ ਮੂਲ ਭਾਵਨਾ ਰਹੀ ਹੈ, ਬਰਾਬਰੀ ਅਤੇ ਦਇਆ ਭਾਵ ਮੂਲ ਨਹੀਂ ਰਿਹਾ।

**ਸਮਾਜ ਦੇ ਇਸ ਕੁ-ਜੋੜ ਨੂੰ ਕਿਵੇਂ ਸਮਝਿਆ-ਸਮਝਾਇਆ ਜਾਵੇ?**

-ਜਾਤ ਅਤੇ ਲਿੰਗ ਦੇ ਗੁੰਝਲਦਾਰ ਅੰਤਰ-ਸਬੰਧ ਨੂੰ ਸਮਝਣਾ ਜ਼ਰੂਰੀ ਹੈ। ਖੱਬੇਪੱਖੀ ਤਾਂ ਜਾਤਪਾਤ ਨੂੰ ਕੋਈ ਚੀਜ਼ ਹੀ ਨਹੀਂ ਸੀ ਮੰਨਦੇ। ਮੇਰਾ ਤਾਂ ਸ਼ੁਰੂ ਤੋਂ ਹੀ ਇਹ ਮੰਨਣਾ ਰਿਹਾ ਹੈ ਕਿ ਭਾਰਤ ਵਿਚ ਤੁਸੀਂ ਜਾਤ ਨੂੰ ਸਮਝੇ ਬਗ਼ੈਰ ਜਮਾਤ ਨੂੰ ਸਮਝ ਹੀ ਨਹੀਂ ਸਕਦੇ...ਤੇ ਜਾਤ ਨੂੰ ਸਮਝਣ ਲਈ ਜੈਂਡਰ (ਲਿੰਗ) ਨੂੰ ਨਹੀਂ ਸਮਝਦੇ, ਭਾਵ ਆਪਣੇ ਸਮਾਜ ਨੂੰ ਨਹੀਂ ਸਮਝਦੇ। ਅਸੀਂ ਇਹ ਸੋਚਦੇ ਹਾਂ ਕਿ ਅਸੀਂ ਇਸ ਜਮਾਤ ਉਪਰ ਕੇਂਦਰਤ ਕਰਨਾ ਹੈ, ਫਲਾਣੀ ਜਮਾਤ ਵਿਚ ਕੰਮ ਕਰਨਾ ਹੈ, ਅਸੀਂ ਇਸ ਹਿੱਸੇ ਨੂੰ ਲੈ ਕੇ ਸੰਘਰਸ਼ ਕਰਾਂਗੇ ਤਾਂ ਸਭ ਠੀਕ ਹੋ ਜਾਵੇਗਾ। ਅਜਿਹਾ ਕਰਦੇ ਹੋਏ ਅਸੀਂ ਪੂਰੇ ਸਮਾਜ ਬਾਰੇ ਨਹੀਂ ਸੋਚਦੇ ਅਤੇ ਨਾ ਹੀ ਉਨ੍ਹਾਂ ਦੀਆਂ ਆਪਸੀ ਕੜੀਆਂ ਨੂੰ ਜੋੜਦੇ ਹਾਂ।

**ਅੰਬੇਡਕਰ ਤੇ ਮਾਰਕਸ ਵਿਚ ਤੁਹਾਨੂੰ ਕੋਈ ਰਾਹ ਨਿਕਲਦਾ ਦਿਸਦਾ ਹੈ?**

-ਅਜੇ ਤਾਂ ਨਹੀਂ। ਖੱਬੀ ਧਿਰ ਨੇ ਦਲਿਤਾਂ ਅਤੇ ਗ਼ੈਰ-ਦਲਿਤਾਂ ਦਰਮਿਆਨ ਕੋਈ ਪੁਲ ਬਣਾਉਣ ਦੀ ਗੱਲ ਨਹੀਂ ਕੀਤੀ। ਖੱਬਿਆਂ ਨੇ ਭਾਰਤੀ ਸਮਾਜ ਨੂੰ ਸਮਝਣ ਲਈ ਜਾਤ ਨੂੰ ਕਦੀ ਅਹਿਮ ਕੜੀ ਨਹੀਂ ਮੰਨਿਆ। ਫਿਰ ਇਨਕਲਾਬ ਕਿਥੇ ਆਵੇਗਾ? ਇਨਕਲਾਬ ਜਾਤ ਦੀਆਂ ਕੜੀਆਂ ਤੋੜਨ 'ਚ ਆਵੇਗਾ। ਸਾਨੂੰ ਇਨਕਲਾਬ ਨੂੰ ਅਸਲ ਹਕੀਕਤ 'ਚ ਲਿਆਉਣਾ ਹੋਵੇਗਾ। ਜਿਸ ਪ੍ਰੋਲੇਤਾਰੀ ਨੂੰ ਅਸੀਂ ਇਕਜੁੱਟ ਕਰਨਾ ਚਾਹੁੰਦੇ ਹਾਂ, ਉਹ ਤਾਂ ਵੰਡਿਆ ਹੋਇਆ ਹੈ। ਇਸ ਮਾਮਲੇ 'ਚ ਅੰਬੇਡਕਰ ਬਹੁਤ ਅਕਲਮੰਦ ਸੀ, ਜਦੋਂ ਉਸ ਨੇ ਕਿਹਾ ਕਿ ਇਹ ਕਿਰਤੀਆਂ ਦੀ ਵੰਡ ਹੈ, ਕਿਰਤ ਦੀ ਨਹੀਂ।

**ਭਾਰਤੀ ਖੱਬੀ ਧਿਰ ਸਾਹਮਣੇ ਵੱਡੀਆਂ ਚੁਣੌਤੀਆਂ ਕੀ ਹਨ?**

-ਬਹੁਤ ਵੱਡੀਆਂ ਚੁਣੌਤੀਆਂ ਹਨ ਇਸ ਅੱਗੇ। ਸਾਡਾ ਸਮਾਜ ਸਭ ਤੋਂ ਜ਼ਿਆਦਾ ਨਾਬਰਾਬਰੀ ਵਾਲਾ ਸਮਾਜ ਹੈ। ਇਥੋਂ ਦੀ ਪਿਤਰ ਸੱਤਾ ਬਹੁਤ ਮਜ਼ਬੂਤ ਹੈ ਅਤੇ ਜਾਤ ਵੀ ਬਹੁਤ ਮਜ਼ਬੂਤ ਹੈ। ਖੱਬੀ ਧਿਰ ਨੇ ਜਮਾਤ ਦੇ ਸਵਾਲ ਨੂੰ ਉਠਾਇਆ ਤਾਂ ਜਾਤ ਨੂੰ ਛੱਡ ਦਿੱਤਾ ਅਤੇ ਲਿੰਗ ਦਾ ਸਵਾਲ ਤਾਂ ਪੂਰੀ ਤਰ੍ਹਾਂ ਹੀ ਛੱਡ ਦਿੱਤਾ। ਮਜ਼ਦੂਰ ਜਮਾਤ 'ਚ ਮਰਦ ਮਜ਼ਦੂਰਾਂ ਉਪਰ ਜ਼ੋਰ ਦਿੱਤਾ ਅਤੇ ਔਰਤਾਂ ਕਿਰਤੀਆਂ ਦੇ ਸਵਾਲਾਂ ਤੇ ਘਰ ਵਿਚ ਮਰਦ ਨਾਲ ਬਰਾਬਰੀ ਦੇ ਸਵਾਲ ਨੂੰ ਛੱਡ ਦਿੱਤਾ। ਖੱਬੀ ਧਿਰ ਨੇ ਸੋਚਿਆ ਕਿ ਔਰਤ ਮੁਕਤੀ ਦੇ ਸਵਾਲ ਜਮਾਤੀ ਸੰਘਰਸ਼ ਨਾਲ ਆਪੇ ਹੱਲ ਹੋ ਜਾਣਗੇ, ਲਿਹਾਜ਼ਾ ਉਨ੍ਹਾਂ ਨੂੰ ਤਰਜੀਹ ਨਹੀਂ ਦਿੱਤੀ। ਕਾਮਰੇਡ ਮਰਦ ਅਤੇ ਉਸ ਦੀ ਕਾਮਰੇਡ ਪਤਨੀ ਦਰਮਿਆਨ ਮਰਦ ਪ੍ਰਧਾਨ ਤਣਾਓ ਨੂੰ ਹੱਲ ਕਰਨ ਵਲ ਧਿਆਨ ਨਹੀਂ ਦਿੱਤਾ। ਪਤਾ ਨਹੀਂ ਕਿੰਨੀ ਵਾਰ ਕਮਿਊਨਿਸਟ ਪਾਰਟੀਆਂ ਅੰਦਰ ਕਾਮਰੇਡ ਪਤੀ ਵੱਲੋਂ ਕੁੱਟਮਾਰ ਕੀਤੇ ਜਾਣ ਸਮੇਂ ਕਾਰਵਾਈ ਕੀਤੇ ਜਾਣ ਦੀ ਮੰਗ ਪਤਨੀਆਂ ਨੇ ਕੀਤੀ। ਸਿੱਧਾ ਸਵਾਲ ਕੀਤਾ ਗਿਆ, ਮੇਰਾ ਕਾਮਰੇਡ ਪਤੀ ਮੈਨੂੰ ਕੁੱਟਦਾ ਹੈ, ਕੀ ਉਸ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ? ਇਸ ਸਵਾਲ ਬਾਰੇ ਖ਼ਾਮੋਸ਼ੀ ਉਦੋਂ ਵੀ ਸੀ ਅਤੇ ਅੱਜ ਵੀ ਹੈ। ਇਹੀ ਵਜ੍ਹਾ ਹੈ ਕਿ ਪਾਰਟੀ ਦੀ ਚੋਟੀ ਦੀ ਲੀਡਰਸ਼ਿਪ 'ਚ ਉਂਗਲਾਂ 'ਤੇ ਗਿਣਨ ਜੋਗੀਆਂ ਔਰਤਾਂ ਹੀ ਪਹੁੰਚਣ ਸਕੀਆਂ ਹਨ। ਪਾਰਟੀ ਦੇ ਅੰਦਰ ਇਹ ਖੁੱਲ੍ਹਾ ਸਪੇਸ ਘੱਟ ਹੈ। ਇਹੀ ਵਜ੍ਹਾ ਹੈ ਕਿ ਨਾਰੀਵਾਦੀ ਅੰਦੋਲਨ ਨੇ ਆਪਣੀ ਲੜਾਈ ਵੱਖਰੇ ਤੌਰ 'ਤੇ ਚਲਾਈ। ਜਾਤ ਅਤੇ ਪਿਤਰ ਸੱਤਾ ਦੋਨਾਂ ਖ਼ਿਲਾਫ਼ ਜੋ ਲੜਾਈ ਖੱਬੀ ਧਿਰ ਨੂੰ ਚਲਾਉਣੀ ਚਾਹੀਦੀ ਸੀ ਉਹ ਨਹੀਂ ਚਲਾਈ ਗਈ। ਇਹ ਬਹੁਤ ਵੱਡੀ ਕਮਜ਼ੋਰੀ ਹੈ।

**ਕੀ ਇਹੀ ਵਜ੍ਹਾ ਹੈ ਕਿ ਜਗੀਰੂ ਕੁਰੀਤੀਆਂ ਖ਼ਿਲਾਫ਼ ਮਜ਼ਬੂਤ ਖੱਬੇ ਸੱਭਿਆਚਾਰਕ ਅੰਦੋਲਨ ਦੀ ਘਾਟ ਦਿਖਾਈ ਦੇ ਰਹੀ ਹੈ?**

-ਰੈਡੀਕਲ ਲਹਿਰ ਦੀ ਤਾਂ ਗੱਲ ਹੀ ਛੱਡੋ, ਕੋਈ ਸਮਾਜਕ ਲਹਿਰ ਦੇ ਬਾਰੇ ਵੀ ਪਹਿਲ ਕਰਨ ਲਈ ਤਿਆਰ ਨਹੀਂ ਹੈ। ਇਕ ਜ਼ਮਾਨੇ 'ਚ ਇਨ੍ਹਾਂ ਕੁਰੀਤੀਆਂ ਦੇ ਖ਼ਿਲਾਫ਼ ਮਜ਼ਬੂਤ ਖੱਬੀ ਸੱਭਿਆਚਾਰਕ ਲਹਿਰ ਮੌਜੂਦ ਸੀ। ਅੱਜ ਉਹ ਵੀ ਨਹੀਂ ਹੈ। ਕਤਾਰਾਂ ਤੋਂ ਲੈ ਕੇ ਆਧਾਰ ਖੇਤਰ ਤੱਕ ਉਹੀ ਦਹੇਜ, ਟਿੱਕਾ, ਭੇਦਭਾਵ ਫੈਲਿਆ ਹੋਇਆ ਹੈ। ਕੀ ਇਹ ਸਾਰੀਆਂ ਚੀਜ਼ਾਂ ਨਾਰੀਵਾਦੀ ਅੰਦੋਲਨ ਲਈ ਛੱਡ ਦਿੱਤੀਆਂ ਗਈਆਂ ਹਨ? ਖੱਬੀ ਧਿਰ ਨੇ ਖ਼ੁਦ ਨੂੰ ਨਾਰੀਵਾਦੀ ਪ੍ਰਵਚਨ ਤੋਂ ਜੁਦਾ ਕਰ ਲਿਆ ਹੈ। ਇਹ ਪਿਤਰੀ ਸੱਤਾ ਦਾ ਪ੍ਰਭਾਵਾਂ ਹੈ ਜਾਂ ਕੀ ਹੈ! ਖੱਬੀ ਧਿਰ ਕੋਈ ਅਗਾਂਹਵਧੂ ਧਰਮਨਿਰਪੱਖ ਸੱਭਿਆਚਾਰਕ ਲਹਿਰ ਖੜ੍ਹੀ ਕਰਨ, ਉਸ ਦਾ ਪਸਾਰਾ ਕਰਨ ਨੂੰ ਲੈ ਕੇ ਵੀ ਗੰਭੀਰ ਨਹੀਂ ਹੈ। ਇਹ ਗੰਭੀਰ ਫ਼ਿਕਰਮੰਦੀ ਦੀ ਗੱਲ ਹੈ।

**ਨਾਰੀਵਾਦੀ ਪ੍ਰਵਚਨ ਦੀ ਇਸ ਵਿਚ ਕੀ ਭੂਮਿਕਾ ਹੈ?**

-ਹਾਲ ਹੀ ਵਿਚ ਦਿੱਲੀ ਵਿਚ ਸਮੂਹਿਕ ਜਬਰ ਜਨਾਹ ਨੂੰ ਲੈ ਕੇ ਜੋ ਅੰਦੋਲਨ ਸਾਹਮਣੇ ਆਇਆ ਹੈ, ਉਸ ਦੀ ਹਾਂ-ਪੱਖੀ ਗੱਲ ਇਹ ਹੈ ਕਿ ਇਸ ਦੇ ਕੇਂਦਰ ਵਿਚ ਖੱਬੇਪੱਖੀ, ਧਰਮਨਿਰਪੱਖ, ਅਗਾਂਹਵਧੂ ਅਗਵਾਈ ਨੂੰ ਪ੍ਰਵਾਨਗੀ ਮਿਲੀ। ਅਸਲ ਵਿਚ ਅੱਜ ਸਭ ਤੋਂ ਵੱਡੀ ਚੁਣੌਤੀ ਖੱਬੀ ਧਿਰ ਲਈ ਇਹੀ ਹੈ ਕਿ ਅੰਦੋਲਨਾਂ ਦੀ ਅਗਵਾਈ ਦੇ ਮਾਮਲੇ ਵਿਚ ਬਹੁਤ ਕੁਝ ਹੋਣਾ ਬਾਕੀ ਹੈ। ਸਵਾਲ ਪਾਰਟੀ ਦੇ ਢਾਂਚੇ ਨੂੰ ਲਚਕੀਲਾ ਬਣਾਉਣ ਦਾ ਹੈ ਤਾਂ ਕਿ ਅਵਾਮ ਦੇ ਅੰਦੋਲਨਾਂ ਦੇ ਉਹ ਖ਼ੁਦ ਆਗੂ ਸਮਝੇ ਜਾਣ। ਨਾਰੀਵਾਦ ਦੇ ਸਵਾਲਾਂ, ਔਰਤਾਂ ਦੀ ਬਰਾਬਰੀ ਅਤੇ ਬੇਖ਼ੌਫ਼ ਆਜ਼ਾਦੀ ਦੀ ਸੁਭਾਵਿਕ ਚੈਂਪੀਅਨ ਖੱਬੀ ਧਿਰ ਹੀ ਹੋਣੀ ਚਾਹੀਦੀ ਹੈ। ਇਹ ਧਿਰ ਹੀ ਡਾਵਾਂਡੋਲ ਹਾਲਾਤ ਨੂੰ ਬਲ ਬਖ਼ਸ਼ ਸਕਦੀ ਹੈ। ਮੁਸ਼ਕਿਲ ਇਹ ਹੈ ਕਿ ਇਨ੍ਹਾਂ ਸਵਾਲਾਂ ਲਈ ਖੱਬੇ ਢਾਂਚੇ 'ਚ ਅਜੇ ਤੱਕ ਕੋਈ ਥਾਂ ਨਹੀਂ ਹੈ। ਜੇ ਹੈ ਤਾਂ ਉਹ ਵੀ ਕਿੰਨੀ, ਇਹ ਵੀ ਨਿਸ਼ਚਿਤ ਨਹੀਂ ਹੈ। ਇਸ ਲਈ ਸਭ ਤੋਂ ਪਹਿਲੀ ਗੱਲ ਤਾਂ ਇਨ੍ਹਾਂ ਸਵਾਲਾਂ ਨੂੰ ਜਜ਼ਬ ਕਰਨ ਦੀ ਹੈ।

*-ਅਨੁਵਾਦ: ਬੂਟਾ ਸਿੰਘ*

# ਦਲਿੱਦਰੀ ਦਲੀਲਾਂ ਨਾਲ ਦੋ ਦੋ ਹੱਥ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਕੁਝ ਲਿਖਣ ਲਈ ਆਪਣੇ ਮੇਜ਼ 'ਤੇ ਬੈਠਣ ਤੋਂ ਪਹਿਲਾਂ ਮੈਂ ਕਿਸੇ ਇਕ ਵਿਸ਼ੇ 'ਤੇ ਧਿਆਨ ਕੇਂਦ੍ਰਿਤ ਕਰਨ ਹਿੱਤ ਬਾਹਰ ਖੁੱਲ੍ਹੀ ਹਵਾ ਵਿਚ ਟਹਿਲਣ ਲੱਗ ਪਿਆ। ਚੜ੍ਹਦੇ ਅੱਸੂ ਜਿਵੇਂ ਨੀਲੇ ਅਸਮਾਨ ਵਿਚ ਬਿਨ ਪਾਣੀਉਂ ਸੁੱਕ-ਮ-ਸੁੱਕ ਬੱਦਲ ਹਵਾ ਦੇ ਵਹਿਣ ਨਾਲ ਇਕ ਪਾਸੇ ਵੱਲ ਉਡਦੇ ਜਾਂਦੇ ਹਨ, ਇਵੇਂ ਮਨ-ਚਿੱਤ ਵਿਚ ਵੱਖ-ਵੱਖ ਵਿਸ਼ਿਆਂ ਦੀਆਂ ਤਿੱਤਰ-ਖੰਭੀਆਂ ਉਡਾਰੀਆਂ ਭਰਨ ਲੱਗੀਆਂ। ਕਦੇ ਕਿਸੇ ਬੱਦਲੀ ਨੂੰ ਹੱਥ ਪਾਉਣ ਦਾ ਯਤਨ ਕਰਦਾ, ਕਦੇ ਕਿਸੇ ਹੋਰ ਨੂੰ, ਪਰ ਉਹ ਪਲਾਂ-ਛਿਣਾਂ ਵਿਚ ਹੀ ਮੇਰੇ ਹੱਥੋਂ ਨਿਕਲ ਜਾਂਦੀਆਂ। ਕਿਸੇ ਇਕ ਸੋਚ ਲੜੀ ਨੂੰ ਪਕੜ ਵਿਚ ਲਿਆਉਂਦਾ ਤਾਂ ਕੋਈ ਹੋਰ, ਦੂਜੀ ਸੋਚ ਪਹਿਲੀ ਉਤੇ ਹਾਵੀ ਹੋ ਕੇ ਆਪ ਧਿਆਨ ਮੱਲ ਲੈਂਦੀ। ਉਸ ਦੀਆਂ ਗੱਠਾਂ ਖੋਲ੍ਹਣ ਦੀ ਕੋਸ਼ਿਸ਼ ਕਰਦਾ ਤਾਂ ਠਾਹ ਦੇਣੀ ਕੋਈ ਹੋਰ ਲਾਠੀ ਆਣ ਵੱਜਦੀ।

ਇੰਜ ਕੰਨੀਆਂ ਫੜ-ਫੜ ਛੱਡਦਿਆਂ ਦਿਲ ਦੇ ਖੂੰਜੇ 'ਚੋਂ ਅਜੀਬ ਜਿਹਾ ਸਵਾਲ ਉਠ ਖੜ੍ਹਿਆ, "ਭਲਾ ਮੈਨੂੰ ਕਿਸ ਨੇ ਕਿਹਾ ਹੈ ਜ਼ਰੂਰ ਕੁਝ ਲਿਖ?" ਜਿਥੋਂ ਇਹ ਸਵਾਲ ਉਠਿਆ ਸੀ, ਉਥੋਂ ਹੀ ਕੋਈ ਕਲ-ਪੁਰਜਾ ਹਿੱਲਿਆ ਤਾਂ ਇਸ ਸਵਾਲ ਨੂੰ ਜਾਇਜ਼ ਦੱਸਣ ਲਈ ਪੁਰਾਣੇ ਦ੍ਰਿਸ਼ ਦੇ 'ਵੀਡੀਓ ਕਲਿੱਪ' ਮੇਰੀ ਸੁਰਤਿ ਦੀ ਸਕਰੀਨ 'ਤੇ ਚੱਲ ਪਏ।

ਹਾੜ੍ਹ ਮਹੀਨੇ ਬੰਗਾ ਲਾਗੇ ਪਿੰਡ ਸੋਤਰਾਂ ਦਾ ਇਤਿਹਾਸਕ ਜੋੜ ਮੇਲਾ ਦੇਖਣ ਜਾ ਰਿਹਾ ਸਾਂ। ਠਠਿਆਲਾ ਢਾਹਾਂ ਪਿੰਡ ਦਾ ਬਜ਼ੁਰਗ ਗਿਆਨੀ ਊਧਮ ਸਿੰਘ ਮੇਰੇ ਨਾਲ ਸੀ। ਸਾਰੀ ਉਮਰ ਆਪਣੇ ਪਿੰਡ ਵਿਚ ਹੀ ਬਤੀਤ ਕਰਨ ਵਾਲਾ ਸਿੱਧ-ਪੱਧਰੇ ਸੁਭਾਅ ਦਾ ਬਾਪੂ ਸੀ, ਇਹ ਬਾਬਾ। ਅੱਡੇ ਤੋਂ ਬੱਸੋਂ ਉਤਰ ਕੇ ਅਸੀਂ ਬੰਗਿਆਂ ਦੀ ਸਬਜ਼ੀ ਮੰਡੀ ਥਾਣੀਂ ਸੋਤਰਾਂ ਨੂੰ ਜਾ ਰਹੇ ਸਾਂ। ਮੇਰੇ ਮਗਰ-ਮਗਰ ਤੁਰਿਆ ਉਹ ਜਦ ਕਿਸੇ ਹਲਵਾਈ ਦੀ ਦੁਕਾਨ ਮੋਹਰਿਉਂ ਲੰਘੇ, ਤਾਂ ਇਕ ਦਮ ਖਲੋ ਜਾਵੇ। ਰੰਗ-ਬਰੰਗੀਆਂ ਮਠਿਆਈਆਂ ਨਾਲ ਭਰੇ ਪਏ ਸ਼ੋਅ ਕੇਸਾਂ ਵੱਲ ਡੂੰਘੀ ਨੀਝ ਨਾਲ ਦੇਖਦਿਆਂ ਹੈਰਾਨ ਹੋਇਆ ਕਹਿਣ ਲੱਗ ਪਵੇ, "ਓ ਬੱਲਾ ਬੱਲਾ!...ਓ ਮੱਲਿਆ, ਇਨ੍ਹਾਂ ਨੂੰ ਕੌਣ ਕਹਿ ਗਿਆ ਹੋਊ ਐਨੀ ਮਠਿਆਈ ਬਣਾਉਣ ਲਈ? ਕਿਤਿਉਂ ਕੋਈ 'ਸਾਈ' ਆਈ ਹੀ ਹੋਊਗੀ, ਤਾਂ ਹੀ ਹਲਵਾਈ ਨੇ ਉਪਰ ਤੋਂ ਉਪਰ ਥਾਲ ਭਰ ਭਰ ਰੱਖੇ ਹੋਏ ਐ?...ਕਾਕਾ, ਭਲਾ ਕਿਹਨੂੰ ਲੋੜ ਪੈ ਗਈ ਹੋਏਗੀ ਇੰਨੀਆਂ ਮਠਿਆਈਆਂ ਦੀ?" ਇਹੀ ਮੁਹਾਰਨੀ ਉਹ ਸਬਜ਼ੀ ਮੰਡੀ ਵਿਚ ਵੱਖ-ਵੱਖ ਸਬਜ਼ੀਆਂ ਦੇ ਪਏ ਵੱਡੇ-ਵੱਡੇ ਢੇਰਾਂ ਵੱਲ ਦੇਖ ਕੇ ਉਚਾਰਨ ਲੱਗ ਪੈਂਦਾ, "ਓ ਤੇਰੇ ਦੀ! ਓ...ਹੋ...ਹੋ...ਹੋ ਬਈ ਕਾਕਾ, ਐ ਢੇਰ ਤਾਂ ਤਦ ਵੀ ਨਾ ਮੁੱਕਣ ਭਾਵੇਂ ਸਾਰਾ ਮੁਲਖੱਈਆ ਬੰਗੀਂ ਆ ਜਾਵੇ? ਓ ਯਾਰ ਦੱਸ ਤਾਂ ਸਹੀ, ਇਨ੍ਹਾਂ ਨੂੰ ਕੌਣ ਕਹਿ ਕੇ ਗਿਆ ਹੋਊ ਮਣਾਂ ਮੂੰਹੀਂ ਸਬਜ਼ੀਆਂ ਲਿਆਉਣ ਨੂੰ?"

ਮਿੱਠੀ-ਮਿੱਠੀ ਰੁਮਕਦੀ ਹਵਾ ਵਿਚ ਟਹਿਲਦਿਆਂ ਕੋਈ ਵਿਸ਼ਾ ਲੱਭਣ ਦੀ ਬਜਾਏ ਬਾਪੂ ਊਧਮ ਸਿੰਘ ਦੇ ਉਕਤ ਸਵਾਲ ਮੇਰੇ ਅੱਗੇ ਮੂੰਹ ਅੱਡ ਕੇ ਖੜ੍ਹ ਗਏ। ਆਪਣੀ ਨੀਂਦ, ਆਪਣਾ ਸੁੱਖ-ਅਰਾਮ ਛੱਡ ਕੇ ਮੈਂ ਜੁ ਮਗਜ਼-ਪੱਚੀ ਕਰਨ ਲੱਗਿਆਂ, ਮੈਨੂੰ ਕਿਸ ਨੇ ਕਿਹਾ ਐ ਕਾਗਜ਼ ਕਾਲੇ ਕਰਨ ਵਾਸਤੇ? ਲੁਹਾਰ ਦੀ ਅਹਿਰਨ 'ਤੇ ਵੱਜਦੇ ਵਦਾਣ ਦੀ ਸੱਟ ਵਾਂਗ ਵੱਜੇ ਇਸ ਸਵਾਲ ਨੇ ਇਕ ਦਮ ਬਣੀ ਬਣਾਈ ਢੇਰੀ ਢਾਹ 'ਤੀ!

ਡਿਗਦੇ ਮਨ ਨੂੰ ਠੁੰਮ੍ਹਣਾ ਦੇਣ ਲਈ ਕਿਸੇ ਹੋਰ ਖੂੰਜਿਉਂ ਆਵਾਜ਼ ਉਠੀ, "ਚਲੋ ਲੱਖਾਂ ਨਾ ਸਹੀ, ਪਰ ਸੈਂਕੜੇ ਹਜ਼ਾਰਾਂ ਪਾਠਕਾਂ ਤਾਂ ਹੋਣਗੇ ਹੀ ਜੋ ਮੇਰੀਆਂ ਝਰੀਟੀਆਂ ਚਾਰ ਸਤਰਾਂ ਉਡੀਕਦੇ ਰਹਿੰਦੇ ਨੇ। ਉਨ੍ਹਾਂ ਪਿਆਰਿਆਂ ਸਤਿਕਾਰਿਆਂ ਦਾ ਖਾਮੋਸ਼ ਆਦੇਸ਼ ਤਾਂ ਮੈਨੂੰ ਪ੍ਰੇਰਨਾ ਬਖ਼ਸ਼ਦਾ ਹੀ ਹੈ। ਉਹ ਤਾਂ ਮੇਰੀਆਂ ਲਿਖਤਾਂ ਦੇ ਗਾਹਕ ਹੈਗੇ ਈ ਨੇ। ਇਸ ਕਰ ਕੇ ਮਨ ਜੀ ਮਹਾਰਾਜ, ਐਉਂ ਪਾਣੀ 'ਚ ਨਾ ਬੈਠੋ। ਸੋਚੋ, ਸੋਚੋ ਕਿਸੇ ਨਾ ਕਿਸੇ ਵਿਸ਼ੇ ਬਾਰੇ ਜ਼ਰੂਰ ਸੋਚੋ!"

ਹੌਸਲਾ ਮਿਲਦਿਆਂ ਹੀ ਜਿਵੇਂ ਹਨ੍ਹੇਰੀ ਰਾਤ ਵਿਚ ਜੁਗਨੂੰ ਟਿਮ-ਟਿਮਾਉਂਦੇ ਨਜ਼ਰ ਆਉਂਦੇ ਨੇ, ਤਿਵੇਂ ਕਈ ਖ਼ਬਰਾਂ-ਘਟਨਾਵਾਂ ਮੱਥੇ ਵਿਚ ਲੁਕਣਮੀਚੀ ਖੇਡਣ ਲੱਗ ਪਈਆਂ। ਦਿੱਲੀ ਦੀਆਂ ਗੁਰਦੁਆਰਾ ਚੋਣਾਂ ਵਿਚ ਬਾਦਲ ਦਲੀਆਂ ਨੇ ਸਰਨਾ ਭਰਾਵਾਂ ਨੂੰ ਕਾਂਗਰਸ ਦੇ ਪਿੱਠੂ ਅਤੇ ਉਨ੍ਹਾਂ ਦੇ ਦਲ ਨੂੰ ਮੂੰਹ ਪਾੜ-ਪਾੜ ਕੇ ਕਾਂਗਰਸ ਦੀ 'ਬੀ-ਟੀਮ' ਗਰਦਾਨਿਆਂ। ਕਾਂਗਰਸ ਨੂੰ ਗੁਰਦੁਆਰਿਆਂ ਵਿਚੋਂ ਬਾਹਰ ਕੱਢਣ ਦੇ ਨਾਹਰੇ ਮਾਰ-ਮਾਰ ਸਿੰਗੀਂ ਮਿੱਟੀ ਚੁੱਕੀ ਰੱਖੀ। ਦਿੱਲੀ ਦੇ 60 ਫੀਸਦੀ ਸਿੱਖ ਵੋਟਰਾਂ ਵੱਲੋਂ ਪੋਲਿੰਗ ਵਿਚ ਹਿੱਸਾ ਨਾ ਲੈਣ ਕਾਰਨ ਬਾਦਲ ਦਲੀਆਂ ਨੇ 'ਹੂੰਝਾ ਫੇਰੂ ਜਿੱਤ' ਪ੍ਰਾਪਤ ਕਰ ਕੇ ਜੋ ਵਰਕਿੰਗ ਕਮੇਟੀ ਬਣਾਈ, ਉਸ ਵਿਚ ਸਿੱਕੇਬੰਦ ਕਾਂਗਰਸੀ ਐਮ.ਐਲ.ਏ. ਨੂੰ ਖੁਦ ਮੈਂਬਰ ਬਣਾ ਦਿੱਤਾ। ਦਿਲ ਕੀਤਾ ਕਿ ਇਸ ਦੋਗਲੇਪਣ ਦੇ ਗਿਣ-ਗਿਣ ਕੇ ਬਖੀਏ ਉਧੇੜਾਂ।

ਦਿਲ ਉਤੇ ਫਿਰ ਦਲਿੱਦਰੀ ਦਲੀਲ ਭਾਰੂ ਹੋ ਗਈ-ਦਿੱਲੀ ਵਾਲੀਆਂ ਚੋਣਾਂ ਦੀ ਗੱਲ ਤਾਂ ਹੁਣ ਪੁਰਾਣੀ ਹੋ ਗਈ ਹੈ; ਜੇ ਕੁਝ ਲਿਖਣਾ ਈ ਐ ਤਾਂ ਚਲੰਤ ਮਾਮਲਿਆਂ ਦੇ ਢੇਰ ਵਿਚੋਂ ਕੋਈ ਪੂਣੀ ਕੱਤਣੀ ਚਾਹੀਦੀ ਹੈ। ਇਹ ਵਿਚਾਰ ਉਠਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਖੁੱਸਣ ਦਾ ਨੁਕਤਾ ਸਾਹਮਣੇ ਆ ਗਿਆ। ਮਹਾਰਾਜਾ ਪਟਿਆਲਾ ਦਾ ਨਾਂ ਚੇਤੇ ਆਉਂਦਿਆਂ ਹੀ ਹੁਫਰੇ ਉਠਣ ਲੱਗੇ। ਇਸ ਵਿਸ਼ੇ 'ਤੇ ਖੁੱਲ੍ਹ ਕੇ ਲਿਖਾਂ ਕਿ ਕਿਵੇਂ ਕਾਂਗਰਸੀਆਂ ਨੇ ਹੀ ਕੈਪਟਨ ਦੀਆਂ ਬੇੜੀਆਂ 'ਚ ਵੱਟੇ ਪਾਏ; ਪੰਜਾਬ ਦੇ ਪਾਣੀਆਂ ਦੀ ਹਿੱਕ ਥਾਪੜ ਕੇ ਗੱਲ ਕਰਨੀ ਉਸ ਨੂੰ ਕਿੰਨੀ ਮਹਿੰਗੀ ਪੈ ਗਈ; ਇਸ ਦਾ ਵਿਸਥਾਰ ਲਿਖਾਂ, ਪਰ...ਪਰ ਅੰਦਰੋਂ ਦਲਿੱਦਰ ਸਿੰਹੁ ਫਿਰ ਬੋਲ ਪਿਆ-ਰਹਿਣ ਦੇ ਕਲਮਕਾਰਾ! ਰਹਿਣ ਦੇਹ, ਜਿਨ੍ਹਾਂ ਮਚਲਿਆਂ ਜਾਂ ਗ਼ਫ਼ਲਤ ਦੀ ਨੀਂਦੇ ਸੁੱਤੇ ਪੰਜਾਬੀਆਂ ਨੂੰ ਜਗਾਉਣ ਲਈ ਮਨਪ੍ਰੀਤ ਸਿੰਘ ਬਾਦਲ ਨੇ ਵਿਤੋਂ ਵੱਧ ਤਾਣ ਲਾ ਕੇ ਦੇਖ ਲਿਆ; ਮਹਾਨ ਵਿਰਸੇ ਦੇ ਮਾਲਕ ਜਿਨ੍ਹਾਂ ਪੰਜਾਬ ਵਾਸੀਆਂ ਨੂੰ ਹੁਣ 'ਸਾਬਕਾ ਅਣਖੀਲੇ' ਕਿਹਾ ਜਾ ਸਕਦਾ ਹੈ, ਉਨ੍ਹਾਂ 'ਸ਼ੇਰ-ਮਰਦਾਂ' ਉਪਰ ਤਾਂ ਹੁਣ ਦਾਰਸ਼ਨਿਕ ਖਲੀਲ ਜਿਬਰਾਨ ਦਾ ਕਥਨ ਬਿਲਕੁਲ ਸਹੀ ਢੁਕਦਾ ਹੈ, 'ਉਸ ਬਲਦ ਨੂੰ ਕੀ ਕਹੀਏ ਜੋ ਆਪਣੀ ਪੰਜਾਲੀ ਨਾਲ ਇੰਨਾ ਪਿਆਰ ਕਰਦਾ ਹੈ ਕਿ ਜੰਗਲ ਦੇ ਆਜ਼ਾਦ ਜਾਨਵਰਾਂ ਹਿਰਨ ਤੇ ਬਾਰਾਂ ਸਿੰਗੇ ਨੂੰ ਅਵਾਰਾ ਪਸ਼ੂ ਸਮਝਦਾ ਹੈ।'

ਉਚੀ ਆਵਾਜ਼ ਵਿਚ ਇਹ ਕਥਨ ਬੋਲ ਕੇ ਦਲਿੱਦਰ ਸਿੰਹੁ ਨੇ 'ਬਰੇਕਾਂ' ਲਾ ਦਿੱਤੀਆਂ, "ਲੇਖਾਂ-ਲੂਖਾਂ ਨਾਲ ਨਹੀਂ ਪੰਜਾਬ ਨੇ ਕੁੰਭਕਰਨੀ ਨੀਂਦ 'ਚੋਂ ਜਾਗਣਾ; ਬੇਸ਼ੱਕ ਇਸ ਧਰਤੀ ਦੇ ਮਹਾਨ ਰਹਿਬਰ ਬਾਬਾ ਨਾਨਕ ਨੇ ਧਨ ਲਿਖਾਰੀ ਨਾਨਕਾ...ਫਰਮਾਉਂਦਿਆਂ ਕਲਮਾਂ ਦੀ ਵਡਿਆਈ ਕੀਤੀ ਹੋਈ ਏ ਪਰ ਅੱਜ ਦਾ ਪੰਜਾਬ ਕਲਮਾਂ ਕੁਲਮਾਂ ਵਾਲਿਆਂ ਦੀਆਂ ਨਸੀਹਤਾਂ ਨੂੰ ਟਕੇ ਸੇਰ ਨਹੀਂ ਜਾਣਦਾ। ਡਾਢਿਆਂ ਨੇ ਉਸ ਨੂੰ ਹੋਰ ਹੀ ਚਾਟੇ ਲਾ ਛੱਡਿਆ ਐ।"

ਇਹ ਖਰੀਆਂ-ਖਰੀਆਂ ਸੁਣ ਕੇ ਮੇਰੇ ਉਤਸ਼ਾਹ ਨੇ ਫਿਰ ਕੱਛੂ ਵਾਂਗ ਗਰਦਨ ਅੰਦਰ ਲੁਕਾਉਂਦਿਆਂ ਚੁੱਪ ਵੱਟ ਲਈ। ਚੁੱਪ ਹੋਇਆ ਈ ਸਾਂ ਕਿ ਪਤਾ ਨਹੀਂ ਕਿੱਧਰੋਂ ਸੁਰਜੀਤ ਪਾਤਰ ਦੀਆਂ ਸਤਰਾਂ ਨੇ ਆਣ ਖੌਰੂ ਪਾਇਆ, 'ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ।' ਪੱਕਾ ਮਨ ਬਣਾ ਲਿਆ ਕਿ ਸੌੜੀਆਂ ਸਿਆਸਤਾਂ ਨੂੰ ਦਫ਼ਾ ਕਰੋ। ਗੱਲ ਕਰਾਂ ਆਪਣੇ ਸਮਾਜ ਨੂੰ ਕਾਮੁਕ ਪੁੱਠ ਚਾੜ੍ਹਨ ਲੱਗੇ ਹੋਏ ਲੱਚਰ ਗਾਇਕ ਕਲਾਕਾਰਾਂ ਦੀ। ਹੁਣੇ-ਹੁਣੇ ਫਰੀਦਕੋਟ ਵਿਖੇ ਇਕ ਕਾਲਜ ਵਿਚ ਮਿਸ ਪੂਜਾ ਐਂਡ ਪਾਰਟੀ ਨਾਲ ਹੋਈ ਕੁੱਤੇ-ਖਾਣੀ ਵਾਲੀ ਖਬਰ ਨੂੰ ਆਧਾਰ ਬਣਾ ਕੇ ਲੇਖ ਤਿਆਰ ਕਰਨ ਦੀ ਠਾਣ ਲਈ। ਸੋਚਿਆ, ਇਸ ਵਿਚ ਇਤਿਹਾਸਕ ਹਵਾਲਾ ਦੇ ਕੇ ਪੰਜਾਬੀਆਂ ਨੂੰ ਦਿਲੀ ਅਪੀਲ ਕਰਾਂਗਾ ਕਿ ਭਰਾਵੋ, ਜਿਵੇਂ ਇਕ ਮਾਈ ਭਾਗੋ ਨੇ ਮਰਦਾਂ ਨੂੰ ਵੰਗਾਰ ਕੇ ਉਨ੍ਹਾਂ ਦੀ ਸੁੱਤੀ ਅਣਖ ਜਗਾਈ ਸੀ, ਅੱਜ ਉਵੇਂ ਹੀ ਪੰਜਾਬਣਾਂ ਬੀਬੀਆਂ ਦੀ ਇਸਤਰੀਆਂ ਸਭਾ ਨੇ ਜੋ ਫੁਕਰਪੰਥੀ ਕਲਾਕਾਰਾਂ ਦਾ ਪਿੱਟ-ਸਿਆਪਾ ਕਰਨਾ ਅਰੰਭਿਆ ਹੈ, ਆਪਾਂ ਸਾਰੇ ਉਸ ਵਿਚ ਤਨੋਂ, ਮਨੋਂ ਤੇ ਧਨੋਂ ਸ਼ਾਮਲ ਹੋਈਏ।

ਕਬੱਡੀ ਖਿਡਾਰੀਆਂ ਵਾਂਗ ਦਲਿੱਦਰ ਨੇ ਖੜ੍ਹੇ ਪੈਰ ਮੇਰੇ ਫਿਰ ਕੈਂਚੀ ਮਾਰ ਕੇ ਮੈਨੂੰ ਸੁੱਟ ਲਿਆ, 'ਕੀ ਹੋਇਆ ਜੇ ਕਿਸੇ ਇਕ-ਅੱਧ ਸਟੇਜ ਉਤੇ ਇਨ੍ਹਾਂ ਢੀਠਾਂ ਬੇ-ਅਣਖਿਆਂ ਨਾਲ ਜੂਤ-ਪਤਾਣ ਹੋ ਗਿਆ? ਇਨ੍ਹਾਂ ਨੂੰ ਸਨਮਾਨ ਚਿੰਨ੍ਹਾਂ ਨਾਲ ਨਿਵਾਜਦਿਆਂ ਲੱਖਾਂ ਰੁਪਏ ਲੁਟਾਉਣ ਵਾਲੇ ਕਿਤੇ ਮੁੱਕ ਗਏ ਨੇ? ਤੇਰੇ ਅਖ਼ਬਾਰੀ ਲੇਖਾਂ ਨਾਲ ਇਨ੍ਹਾਂ ਦੇ ਗੰਦੇ ਮੂੰਹਾਂ ਦੀ ਬਕਵਾਸ ਬੰਦ ਨਹੀਂ ਹੋਣ ਲੱਗੀ...।'

ਇਹ ਦਿਲ ਢਾਹੂ ਦਲੀਲਾਂ ਸੁਣ ਕੇ ਮੈਨੂੰ ਖਲੀਲ ਜਿਬਰਾਨ ਦਾ ਇਕ ਹੋਰ ਕਥਨ ਯਾਦ ਆਇਆ, 'ਅਣਮੰਨੇ ਜਿਹੇ ਮਨ ਨਾਲ ਕੰਮ ਸ਼ੁਰੂ ਕਰਨ ਨਾਲੋਂ ਬਿਹਤਰ ਹੈ ਕਿ ਤੁਸੀਂ ਕੰਮ ਨੂੰ ਤਿਲਾਂਜਲੀ ਦੇ ਕੇ ਕਿਸੇ ਮੰਦਰ ਦੇ ਦਰਵਾਜ਼ੇ ਅੱਗੇ ਜਾ ਬੈਠੋ ਅਤੇ ਖੁਸ਼ੀ-ਖੁਸ਼ੀ ਕੰਮ ਕਰਨ ਵਾਲਿਆਂ ਕੋਲੋਂ ਭੀਖ ਮੰਗੋ।' ਇਨ੍ਹਾਂ ਸਤਰਾਂ ਨੇ ਮੇਰੇ ਜੋਸ਼ ਨੂੰ ਹਲੂਣਾ ਦਿੱਤਾ ਅਤੇ ਮੈਂ ਟੇਬਲ 'ਤੇ ਬਹਿ ਕੇ ਦਲਿੱਦਰੀ ਦਲੀਲਾਂ ਨਾਲ ਦੋ-ਦੋ ਹੱਥ ਕਰਦਿਆਂ ਕਾਲਮ ਪੂਰਾ ਕਰ ਹੀ ਲਿਆ।

## ਸੰਪਾਦਕ ਦੀ ਡਾਕ

### ਮਨਿੰਦਰ ਕਾਂਗ ਦੀ ਕਹਾਣੀ 'ਭਾਰ'

ਮਨਿੰਦਰ ਸਿੰਘ ਕਾਂਗ ਦੀ ਕਹਾਣੀ 'ਭਾਰ' ਪੰਜਾਬ ਟਾਈਮਜ਼ ਵਿਚ ਦੋ ਕਿਸ਼ਤਾਂ ਵਿਚ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਕਹਾਣੀ ਪੰਜਾਬ ਦੇ ਉਸ ਸੰਕਟਮਈ ਸਮੇਂ ਨੂੰ ਬਿਆਨਦੀ ਹੈ ਜਦ ਸੂਰਜ ਛੁਪਦੇ ਹੀ ਬੱਤੀਆਂ ਬੁਝਾ ਦਿਤੀਆਂ ਜਾਂਦੀਆਂ ਸਨ, ਰਾਤ ਦੇ ਹਨੇਰੇ ਵਿਚ ਖਾੜਕੂ ਅਤੇ ਪੁਲਿਸ ਇਕ ਦੂਸਰੇ ਨਾਲ ਕੋਟਲਾ-ਛਪਾਕੀ ਦੀ ਖੇਲ ਖੇਡਦੇ ਸਨ। ਇਨਸਾਨਾਂ ਦੇ ਕੰਮਾਂ ਵਿਚ ਹੀ ਨਹੀਂ ਕੁੱਤਿਆਂ ਦੇ ਕੰਮ ਵਿਚ ਵੀ ਦਖਲਅੰਦਾਜ਼ੀ ਕੀਤੀ ਜਾਂਦੀ ਸੀ ਤਾਂ ਕਿ ਉਹ ਭੌਂਕ ਕੇ ਦੱਸ ਨਾ ਸਕਣ ਕਿ ਨਗਰ ਵਿਚ ਕੁਝ ਅਣਪਛਾਤੇ ਲੋਕ ਫਿਰ ਰਹੇ ਹਨ। ਇਸ ਸਾਰੀ ਖੇਡ ਵਿਚ ਸ਼ਾਮਤ ਆਮ ਲੋਕਾਂ ਦੀ ਆਉਂਦੀ ਸੀ। ਪੰਜਾਬ ਦੀ ਜਵਾਨੀ ਦੀ ਬਲੀ ਦਿੱਤੀ ਜਾ ਰਹੀ ਸੀ। ਭੁੱਖੇ ਤਾਂ ਨਹੀਂ ਸੀ ਘੁੰਮਿਆ ਜਾਂਦਾ, ਕਿਤੇ ਨਾ ਕਿਤੇ ਹੁਕਮ ਦੇ ਕੇ ਲੰਗਰ ਛਕ ਲਿਆ ਅਤੇ ਜਦ ਪੁਲਿਸ ਦੀ ਕੁੜਿਕੀ ਵਿਚ ਫਸ ਗਏ ਤਾਂ ਹੱਗਿਆ-ਮੂਤਿਆ ਵੀ ਦੱਸ ਦਿੱਤਾ। ਨਤੀਜਾ ਗੋਲੀ ਤੋਂ ਡਰਦਿਆਂ ਲੰਗਰ ਛਕਾਉਣ ਵਾਲਿਆਂ ਨੇ ਪੁਲਿਸ ਤੋਂ ਹੱਡ ਭੰਨਾਏ ਤੇ ਕਈਆਂ ਨੇ ਜਾਨਾਂ ਵੀ ਗਵਾਈਆਂ। ਸ਼ਾਤਰ ਸਿਆਸੀ ਆਗੂਆਂ ਨੇ ਸੰਕਟ ਸਮੇਂ ਆਪਣੇ ਨੌਜਵਾਨ ਬੱਚਿਆਂ ਦਾ ਵਾਸਾ ਪਰਦੇਸਾਂ ਵਿਚ ਕਰਾ ਦਿੱਤਾ ਅਤੇ ਆਪ ਭਲੇ ਦਿਨਾਂ ਦੀ ਉਡੀਕ ਵਿਚ ਬੀ ਕਲਾਸ ਲੈ ਕੇ ਜੇਲ੍ਹ ਵਿਚ ਸ਼ਰਨ ਲੈ ਲਈ। ਮੌਕਾ ਮਿਲਦੇ ਹੀ ਰਾਜ ਗੱਦੀਆਂ 'ਤੇ ਬਿਰਾਜਮਾਨ ਹੋ ਗਏ। ਹੱਲਾਸ਼ੇਰੀ ਵਿਚ ਆਏ ਨੌਜਵਾਨ ਜੇਲ੍ਹ ਦੀਆਂ ਸਲਾਖਾਂ ਪਿਛੇ ਹੀ ਬੁੱਗੇ ਹੋ ਗਏ। ਕੁਝ ਇਕ ਪੁਲਿਸ ਅਫਸਰ ਵੀ ਸਣੇ ਟੱਬਰ ਇਸ ਹੋਣੀ ਦਾ ਸ਼ਿਕਾਰ ਹੋਏ ਅਤੇ ਕੁਝ ਇਕ ਨੇ ਮੋਢਿਆਂ 'ਤੇ ਫੀਤੀਆਂ ਦੀ ਗਿਣਤੀ ਵਧਾਉਣ ਲਈ ਪੰਜਾਬ ਦੀ ਜਵਾਨੀ ਦਾ ਘਾਣ ਕੀਤਾ।

ਮੈਂ 1963 ਤੋਂ ਅਮਰੀਕਾ ਰਹਿ ਰਿਹਾ ਹਾਂ। ਮੈਂ ਆਪਣੇ ਪਿੰਡੇ 'ਤੇ ਕੁਝ ਨਹੀਂ ਹੰਢਾਇਆ ਪਰ ਦੋਵਾਂ ਪਾਸਿਆਂ ਵਲ ਨੂੰ ਉਲਾਰ ਲੇਖਕਾਂ ਦੇ ਲੇਖ ਪੜ੍ਹੇ, ਦੇਸੋਂ ਆਏ ਦੋਸਤਾਂ-ਮਿੱਤਰਾਂ ਦੇ ਵਿਚਾਰ ਸੁਣੇ, ਇਕ ਦੂਸਰੇ ਵਲ ਨੂੰ ਉਂਗਲੀ ਕਰਨ ਤੋਂ ਸਿਵਾ ਕੁਝ ਨਹੀਂ ਦੱਸ ਸਕੇ। ਸੰਕਟ ਹਰ ਕੌਮ 'ਤੇ ਆਉਂਦੇ ਹਨ, ਸੁਲਝੇ ਹੋਏ ਕੌਮੀ ਆਗੂ ਸੰਕਟ ਲੰਘਣ ਉਪਰੰਤ ਨਿਰਪੱਖ ਕਮਿਸ਼ਨ ਬੈਠਾ ਕੇ ਸੰਕਟ ਦੇ ਕਾਰਨਾਂ ਦੀ ਸਹੀ ਪਹਿਚਾਣ ਕਰਨ ਦਾ ਯਤਨ ਕਰਦੇ ਹਨ ਤਾਂ ਕਿ ਅਗੋਂ ਤੋਂ ਅਜਿਹੀ ਹੋਣੀ ਨੂੰ ਟਾਲਿਆ ਜਾ ਸਕੇ। ਪਰ ਅਸੀਂ ਸਿੱਖ ਇਕ ਵਖਰੀ ਕੌਮ ਦਾ ਰੌਲਾ ਤਾਂ ਪਾਉਂਦੇ ਹਾਂ ਪਰ ਇਹ ਸਾਰਾ ਰੌਲਾ ਆਪਣੇ ਸੌੜੇ ਮੁਫਾਦ ਤਕ ਸੀਮਤ ਹੁੰਦਾ ਹੈ।

'ਭਾਰ' ਕਹਾਣੀ ਵਿਚ ਜਿਸ ਗਹਿਰਾਈ ਅਤੇ ਕਲਾਤਮਕ ਢੰਗ ਨਾਲ ਡਾ. ਮਨਿੰਦਰ ਕਾਂਗ ਨੇ ਹਾਲਾਤ ਨੂੰ ਬਿਆਨ ਕੀਤਾ ਹੈ, ਉਹ ਸਿਰਫ ਕਹਾਣੀ ਨਹੀਂ, ਇਕ ਦਸਤਾਵੇਜ਼ ਹੋ ਨਿਬੜੀ ਹੈ। ਇਕ ਕਮਿਸ਼ਨ ਦੀ ਰਿਪੋਰਟ ਹੈ। ਡਾ. ਕਾਂਗ ਦੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ। ਨਾਲ ਹੀ ਜਦ ਡਾ. ਕਾਂਗ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਖ਼ਬਰ ਪੜ੍ਹੀ ਤਾਂ ਧੁਰ ਅੰਦਰੋਂ ਜਰਵਾਣੀ ਮੌਤ ਨੂੰ ਤਾਹਨਾ ਮਾਰਦੀ ਹੋਈ ਇਕ ਹੂਕ ਨਿਕਲੀ। ਕਾਸ਼! ਕਿਤੇ ਉਸ ਦਲੇਰ ਲੇਖਕ ਨਾਲ ਕੁਝ ਪਲ ਬੈਠਣ ਦਾ ਸਮਾਂ ਮਿਲ ਜਾਂਦਾ।

ਨੀ ਮੌਤੇ ਕਿਤੇ ਤੂੰ ਮਰ ਜਾਵੇਂ
ਸਵਾ ਮਹੀਨਾ ਪੂਰਾ ਅੜੀਏ
ਤੇਰਾ ਸੋਗ ਮਨਾਵਾਂਗੇ
ਇਹ ਵੀ ਸਾਡਾ ਵਾਅਦਾ ਸਮਝੀਂ
ਹਰ ਦੇਸ਼ ਦੀ ਬੋਲੀ ਵਿਚ
ਵੈਣ ਤੇਰੇ ਲਈ ਪਾਵਾਂਗੇ
ਹਰ ਧਰਮ ਦੀਆਂ ਰਸਮਾਂ ਨਾਲ
ਕਰਾਂਗੇ ਕਿਰਿਆ ਵੀ ਤੇਰੀ
ਇਕ ਵੇਰ ਤੇਰੀ ਗਤੀ ਹੋ ਜਾਵੇ
ਅਸੀਂ ਆਪਣਾ ਫਰਜ਼ ਨਿਭਾਵਾਂਗੇ
ਜਦ ਤੂੰ ਤੁਰ ਗਈ ਏਸ ਜਹਾਨੋਂ
ਮਾਤਮ ਸਫਾਂ ਦੀ ਲੋੜ ਨਹੀਂ ਰਹਿਣੀ
ਨਾ ਕਦੇ ਹੋਊ ਦੁੱਖ਼ ਹਿਜਰ ਦਾ
ਗੀਤ ਖੁਸ਼ੀ ਦੇ ਗਾਵਾਂਗੇ।

*-ਮੁਹਿੰਦਰ ਸਿੰਘ ਘੱਗ*
*ਫੋਨ: 530-695-1318*

### ਕਲਮ ਦਾ ਕਮਾਲ

'ਪੰਜਾਬ ਟਾਈਮਜ਼' ਦੇ 23 ਫਰਵਰੀ ਵਾਲੇ ਅੰਕ ਵਿਚ 'ਕਲਮ ਦਾ ਕਮਾਲ' ਲੇਖ ਪੜ੍ਹਿਆ। ਇਸ ਵਿਚ ਸੋਚ ਦੇ ਸਮੁੰਦਰ ਵਿਚ ਡੁਬਕੀ ਮਾਰ, ਸ਼ਬਦਾਂ ਦੇ ਮੋਤੀ ਕੱਢ ਲਿਆਉਣ ਅਤੇ ਹੱਥੀਂ ਫੜੀ ਕਲਮ ਨਾਲ ਪਰੋ ਕੇ ਹਾਰ ਬਣਾਉਣ ਵਾਲੇ ਨੂੰ ਲੇਖਕ ਦਾ ਰੁਤਬਾ ਦੇਣ ਬਾਰੇ ਗੱਲਾਂ ਕੀਤੀਆਂ ਗਈਆਂ ਹਨ। ਜ਼ਰੂਰ ਹੀ ਇਹ ਗੱਲਾਂ ਸੋਲਾਂ ਆਨੇ ਸੱਚ ਹਨ ਪਰ ਇੱਥੇ ਮੈਨੂੰ ਬਚਪਨ ਵਿਚ ਬਾਪੂ ਜੀ ਦੀ ਕਹੀ ਗੱਲ ਯਾਦ ਆ ਗਈ ਹੈ। ਬਾਪੂ ਜੀ ਲਾਹੌਰ ਤੋਂ ਆਪਣੀ ਬੀ.ਟੀ. ਦੀ ਡਿਗਰੀ ਅਤੇ ਐਮ.ਏ. ਕਰ ਕੇ ਐਜੂਕੇਸ਼ਨ ਡਿਪਾਰਟਮੈਂਟ ਨਾਲ ਜੁੜ ਗਏ ਸਨ। ਉਨ੍ਹਾਂ ਦੀ ਕਹੀ ਗੱਲ ਮੈਂ ਪਾਠਕਾਂ ਅਤੇ ਹੋਰ ਲਿਖਣ ਵਾਲੇ ਵੀਰਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਸ਼ਬਦਾਂ ਨੂੰ ਹਾਰ ਦੇ ਮੋਤੀ ਬਣਾਉਣ ਵਿਚ ਇਹ ਛੋਟੀਆਂ ਛੋਟੀਆਂ ਲਗਾਂ-ਮਾਤਰਾਵਾਂ ਬਹੁਤ ਅਹਿਮ ਹਨ। ਅੱਜ ਕੱਲ੍ਹ ਦੇ ਜੁਆਕਾਂ ਨੂੰ ਸ਼ਾਇਦ ਇਨ੍ਹਾਂ ਦੀ ਮਹੱਤਤਾ ਬਾਰੇ ਪੂਰਾ ਇਲਮ ਨਾ ਹੋਵੇ, ਪਰ ਇਹ ਲਗਾਂ-ਮਾਤਰਾਵਾਂ, ਸ਼ਬਦਾਂ ਦੇ ਪਰੋਏ ਹਾਰ ਦਾ ਸ਼ਿੰਗਾਰ ਹਨ। ਬਾਪੂ ਜੀ ਦੀ ਕਹੀ ਕਵਿਤਾ 'ਲਿਖਾਰੀ ਦੀ ਕਲਮ' ਦੀਆਂ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਇਹ ਸਤਰਾਂ ਮੇਰੇ ਜ਼ਿਹਨ ਵਿਚ ਡੂੰਘੀਆਂ ਵੱਸੀਆਂ ਹੋਈਆਂ ਹਨ:

*ਲਿਖਾਰੀ ਦੀ ਕਲਮ*

ਔਕੜ, ਦੁਲੈਂਕੜੇ, ਹੌੜੇ ਤੇ ਕਨੌੜੇ-ਕੰਨੇ, ਕਵੀਆਂ ਦੀ ਕਾਵਿ ਕਲਾ ਰਲ ਕੇ ਸ਼ਿੰਗਾਰੀ ਏ।
ਲਾਵਾਂ ਤੇ ਦੁਲਾਵਾਂ ਲਾ ਕੇ ਰਚਨਾ ਹੈ ਰਚੀ ਜਾਂਦੀ, ਲੇਖ ਸਿਰਲੇਖ ਜਦੋਂ ਲਿਖਦਾ ਲਿਖਾਰੀ ਏ।
ਛੰਦ ਅਤੇ ਬੰਦ ਬਿੰਦੀ ਟਿੱਪੀ ਨਾਲ ਹੋਣ ਪੂਰੇ, ਇਨ੍ਹਾਂ ਨਾਲ ਮਾਤਰਾ ਸਿਹਾਰੀ ਤੇ ਬਿਹਾਰੀ ਏ।
ਲੱਖਾਂ ਪ੍ਰਣਾਮ ਇਨ੍ਹਾਂ ਨਿੱਕੇ ਨਿੱਕੇ ਅੱਖਰਾਂ ਨੂੰ, ਕਵਿਤਾ ਦੀ ਜਿਨ੍ਹਾਂ ਨੇ ਇਮਾਰਤ ਉਸਾਰੀ ਏ।
ਦੇਣ ਪੈਂਤੀ ਅੱਖਰੀ ਦੇ ਸਾਰੇ ਹੀ ਗ੍ਰੰਥ ਨੇ, ਹੁਕਮ ਅਦਬ ਕਲਾ ਇਹਦੇ ਸਾਹਿਤ ਨੇ।
ਮਹਾਂਕਾਵਿ, ਗ਼ਜ਼ਲਾਂ, ਰੁਬਾਈਆਂ-ਧੀ ਪੁੱਤ ਇਹਦੇ, ਇਹਦੀ ਕੁੱਖੋਂ ਜੰਮੇ ਸ਼ੇਅਰ ਬੈਂਤ ਤੇ ਕਬਿਤ ਨੇ।

*-ਮੇਜਰ ਸੁਰਿੰਦਰਜੀਤ ਸਿੰਘ ਬਰਾੜ, ਫੋਨ: 414-763-1409*

### ਮਾਂ-ਬੋਲੀ ਪੰਜਾਬੀ

ਜਦ ਤਕ ਕਰਦੇ ਦਿਲ ਤੋਂ ਨਹੀਂ ਪਿਆਰ ਪੰਜਾਬੀ ਨੂੰ।
ਗੱਲੀਂਬਾਤੀਂ ਨਹੀਂ ਮਿਲਣਾ ਜੇ ਸਤਿਕਾਰ ਪੰਜਾਬੀ ਨੂੰ।

ਦੂਸਰੇ ਮੁਲਕਾਂ ਵਿਚ ਇਹ ਗੱਲ ਪੁਗਾਉਣੀ ਸੌਖੀ ਨਹੀਂ,
ਆਪਣੇ ਦੇਸ ਵੀ ਨਾ ਮਿਲਿਆ ਅਧਿਕਾਰ ਪੰਜਾਬੀ ਨੂੰ।

ਬਣਦਾ ਮਾਣ ਹੈ ਮਿਲਣਾ ਘਰ ਵਿਚ ਔਖਾ ਏ ਆਪਣੇ,
ਜਦ ਤਕ ਨਹੀਂ ਅਪਨਾਉਂਦੀ ਹੈ ਸਰਕਾਰ ਪੰਜਾਬੀ ਨੂੰ।

ਅੰਗਰੇਜ਼ੀ ਭਾਸ਼ਾ ਦੇ ਵਿਚ, ਅਜੇ ਵੀ ਲਿਖਦੇ ਨੇ ਬਾਬੂ,
ਮਾਂ ਦਾ ਦਰਜਾ ਨਹੀਂ ਹੋਇਆ, ਦਰਕਾਰ ਪੰਜਾਬੀ ਨੂੰ।

ਜਦ ਤਕ ਘਰਾਂ 'ਚ, ਮਾਂ-ਪਿਓ ਨਾ ਪੰਜਾਬੀ ਬੋਲਣਗੇ,
ਬੱਚੇ ਵੀ ਕਰਦੇ ਰਹਿਣੇ ਤਦ ਤੱਕ ਇਨਕਾਰ ਪੰਜਾਬੀ ਨੂੰ।

ਅੰਕਲ, ਆਂਟੀ ਕਹਿੰਦੇ ਸਾਰੇ, ਵਿਰਸਾ ਭੁੱਲ ਗਏ ਨੇ,
ਆਵੋ ਜੇ! ਪੜ੍ਹੀਏ, ਲਿਖੀਏ, ਸਭ ਸ਼ਿੰਗਾਰ ਪੰਜਾਬੀ ਨੂੰ।

ਹੁਣ ਲੱਚਰ ਸਾਹਿਤ ਲਿਖਣਾ, ਬੰਦ ਕਰੋ ਸਾਹਿਤਕਾਰੋ,
ਚੰਗਾ ਸੁਥਰਾ ਲਿਖ ਕੇ ਦੇਵੋ ਨਵੀਂ ਨੁਹਾਰ ਪੰਜਾਬੀ ਨੂੰ।

ਇਹ ਬੋਲੀ ਅਸਾਂ ਨੂੰ ਦਿੱਤੀ ਆ ਸਾਡੇ ਗੁਰ-ਪੀਰਾਂ ਨੇ,
ਆਪਾਂ ਨ੍ਹੀਂ ਕਦੇ ਵੀ ਸਕਦੇ ਦਿਲੋਂ ਵਿਸਾਰ ਪੰਜਾਬੀ ਨੂੰ।

'ਰਾਠੀ' ਮਾਣ ਵਧਾਈਏ ਜੀ ਮਿਲ-ਜੁਲ ਮਾਂ-ਬੋਲੀ ਦਾ,
ਪਰਦੇਸਾਂ ਵਿਚ ਵੀ ਮਿਲ ਜਾਵੇ ਘਰ-ਬਾਰ ਪੰਜਾਬੀ ਨੂੰ।

*-ਰਾਠੇਸ਼ਵਰ ਸਿੰਘ ਸੂਰਾਪੁਰੀ, ਫੋਨ: 916-969-9337*

**Quick Stop 40, Oklahoma**
**Help Wanted**
ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172

# ਸਾਕਾ ਨੀਲਾ ਤਾਰਾ ਯਾਦਗਾਰ ਤੈਅ ਸਮੇਂ ਤੋਂ ਪਹਿਲਾਂ ਹੋਵੇਗੀ ਤਿਆਰ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਹੋ ਰਿਹਾ ਹੈ ਤੇ ਹੁਣ ਉਸਾਰੀ ਆਖਰੀ ਪੜਾਅ 'ਤੇ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਤੈਅ ਸਮੇਂ ਤੋਂ ਪਹਿਲਾਂ ਹੀ ਬਣ ਕੇ ਤਿਆਰ ਹੋ ਜਾਵੇਗੀ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਕਾਲ ਤਖ਼ਤ ਸਾਹਿਬ ਦੇ ਨੇੜੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬ ਕੋਲ ਬਣ ਰਹੀ ਇਸ ਯਾਦਗਾਰ ਦਾ 80 ਫੀਸਦੀ ਤੋਂ ਵਧੇਰੇ ਕੰਮ ਮੁਕੰਮਲ ਹੋ ਚੁੱਕਾ ਹੈ।

ਹੁਣ ਪੱਥਰ ਦੀ ਰਗੜਾਈ ਤੇ ਪੱਥਰ ਦੀ ਕਢਾਈ ਦਾ ਕੰਮ ਜਾਰੀ ਹੈ ਜੋ ਆਖਰੀ ਪੜਾਅ 'ਤੇ ਹੈ। ਇਸ ਦੀ ਕਾਰ ਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਨੂੰ ਸੌਂਪੀ ਗਈ ਹੈ ਜਿਸ ਦਾ ਦਾਅਵਾ ਹੈ ਕਿ ਇਸ ਨੂੰ ਤੈਅ ਸਮੇਂ ਤੋਂ ਪਹਿਲਾਂ ਹੀ ਮੁਕੰਮਲ ਕੀਤਾ ਜਾਵੇਗਾ। ਸ਼ਹੀਦੀ ਯਾਦਗਾਰ ਦੀ ਇਮਾਰਤ ਗੁਰਦੁਆਰੇ ਦੇ ਰੂਪ ਵਿਚ ਬਣਾਈ ਗਈ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ।ਇਹ ਇਮਾਰਤ ਅੱਠ ਕੋਨੀ ਹੈ ਜਿਸ ਵਿਚ ਤਿੰਨ ਪਾਸੇ



ਦਰਵਾਜ਼ੇ ਹਨ।

ਯਾਦਗਾਰ ਦੇ ਕੰਪਲੈਕਸ ਲਈ ਹੁਣ 60 ਗੁਣਾ 65 ਫੁੱਟ ਰਕਬਾ ਰੱਖਿਆ ਗਿਆ ਹੈ ਜਿਸ ਵਿਚੋਂ 31 ਗੁਣਾ 31 ਫੁੱਟ ਵਿਚ ਇਮਾਰਤ ਉਸਾਰੀ ਗਈ ਹੈ। ਇਹ ਇਮਾਰਤ ਨੇੜੇ ਹੀ ਸਥਾਪਿਤ ਇਤਿਹਾਸਕ ਗੁਰਦੁਆਰਾ ਥੜਾ ਸਾਹਿਬ ਦੀ ਇਮਾਰਤ ਨਾਲ ਦੋ ਫੁੱਟ ਨੀਵੀਂ ਰੱਖੀ ਗਈ ਹੈ ਤਾਂ ਜੋ ਗੁਰੂ ਸਾਹਿਬ ਨਾਲ ਸਬੰਧਤ ਗੁਰਧਾਮ ਦਾ ਦਰਜਾ ਵੱਡਾ ਬਣਿਆ ਰਹੇ। ਗੁਰਦੁਆਰੇ ਦੀ ਇਮਾਰਤ ਦਾ ਗੁੰਬਦ ਨਾ ਹੋਣ ਕਾਰਨ ਯਾਦਗਾਰ ਦੀ ਇਮਾਰਤ 'ਤੇ ਵੀ ਗੁੰਬਦ ਨਹੀਂ ਬਣਾਇਆ ਗਿਆ।

ਇਸ ਇਮਾਰਤ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚਲੀਆਂ ਇਮਾਰਤਾਂ ਵਾਂਗ ਬਣਾਇਆ ਗਿਆ ਹੈ ਤਾਂ ਜੋ ਇਹ ਸਮੂਹ ਦਾ ਹੀ ਇਕ ਹਿੱਸਾ ਪ੍ਰਤੀਤ ਹੋਵੇ। ਯਾਦਗਾਰ ਦੀ ਇਮਾਰਤ ਦੀ ਉਸਾਰੀ ਕਰਵਾ ਰਹੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਇਮਾਰਤ ਦੀ ਚਿਣਾਈ ਤੇ ਪਲਸਤਰ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਇਮਾਰਤ ਦੇ ਅੰਦਰ ਤੇ ਬਾਹਰ ਦੋਵੇਂ ਪਾਸੇ ਚਿੱਟੇ ਰੰਗ ਦਾ ਵਿਸ਼ੇਸ਼ ਸੰਗਮਰਮਰ ਦਾ ਪੱਥਰ ਲਾਇਆ ਗਿਆ ਹੈ। ਹੁਣ ਇਥੇ ਪੱਥਰ ਦੀ ਰਗੜਾਈ ਹੋ ਰਹੀ ਹੈ ਤੇ ਪੱਥਰ ਵਿਚ ਕਢਾਈ ਦਾ ਕੰਮ ਚਲ ਰਿਹਾ ਹੈ।

ਪੱਥਰ ਵਿਚ ਕਢਾਈ (ਟੁਕੜੀ ਵਰਕ) ਲਈ ਵੱਖ-ਵੱਖ ਰੰਗਾਂ ਦੇ ਬਹੁਮੁੱਲੇ ਪੱਥਰ ਕਈ ਮੁਲਕਾਂ ਤੋਂ ਮੰਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਸਫੈਦ ਪੱਥਰ ਮਕਰਾਨੇ ਤੋਂ ਮੰਗਾਇਆ ਗਿਆ ਹੈ ਜਦੋਂਕਿ ਨਿਕਾਸ਼ੀ ਤੇ ਕਢਾਈ ਲਈ ਨਗੀਨਾ ਪੱਥਰ ਇਰਾਕ, ਅਫਗਾਨਿਸਤਾਨ, ਜਰਮਨੀ, ਜੈਪੁਰ ਤੇ ਮਕਰਾਨੇ ਤੋਂ ਮੰਗਾਇਆ ਹੈ। ਇਸ ਕੰਮ ਲਈ ਆਗਰਾ ਤੇ ਮਕਰਾਨੇ ਤੋਂ ਕਾਰੀਗਰ ਸੱਦੇ ਗਏ ਹਨ ਜੋ ਪੱਥਰ ਵਿਚ ਕਢਾਈ ਦਾ ਕੰਮ ਕਰ ਰਹੇ ਹਨ। ਕਢਾਈ ਦੇ ਇਹ ਡਿਜ਼ਾਈਨ ਸ੍ਰੀ ਹਰਿਮੰਦਰ ਸਾਹਿਬ, ਦਰਸ਼ਨੀ ਡਿਉਢੀ ਤੇ ਅਕਾਲ ਤਖ਼ਤ ਸਾਹਿਬ ਤੋਂ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਛੇ ਜੂਨ ਤੋਂ ਪਹਿਲਾਂ ਯਾਦਗਾਰ ਦੀ ਇਮਾਰਤ ਮੁਕੰਮਲ ਕਰਕੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਜਾਵੇਗੀ।

ਯਾਦਗਾਰ ਦੀ ਇਮਾਰਤ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਇਕ ਹਿੱਸਾ ਜ਼ਮੀਨਦੋਜ਼ ਹੈ ਜਦੋਂਕਿ ਮੁੱਖ ਹਿੱਸਾ ਗੁਰਦੁਆਰੇ ਦੇ ਰੂਪ ਵਿਚ ਉਪਰ ਹੈ।

# ਡੇਢ ਸੌ ਸਾਲ ਪੁਰਾਣੇ ਸਰੂਪ ਮਿਲੇ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਧੂਲਕਾ ਨੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦੇ ਵੱਖ-ਵੱਖ ਪਿੰਡਾਂ ਵਿਚੋਂ 150



ਸਾਲ ਪੁਰਾਣੇ ਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪ ਲੱਭੇ ਹਨ। ਇਹ ਸਰੂਪ ਉਥੇ ਦੇ ਵਸਨੀਕਾਂ ਨੇ ਆਪਣੇ ਘਰਾਂ ਵਿਚ ਸਾਂਭੇ ਹੋਏ ਸਨ। ਇਨ੍ਹਾਂ ਸਰੂਪਾਂ ਨੂੰ ਸਤਿਕਾਰ ਸਹਿਤ ਲਿਆ ਕੇ ਬਟਾਲਾ ਪੁਲਿਸ ਲਾਈਨ ਦੇ ਗੁਰਦੁਆਰੇ ਵਿਚ ਸੁਸ਼ੋਭਿਤ ਕੀਤਾ ਗਿਆ ਹੈ।

ਸਤਿਕਾਰ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਬਲਬੀਰ ਸਿੰਘ ਮੁੱਛਲ, ਭਾਈ ਨਿਸ਼ਾਨ ਸਿੰਘ, ਭਾਈ ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਹਿਮਾਚਲ ਦੇ ਜ਼ਿਲ੍ਹਾ ਕਾਂਗੜਾ ਦੇ ਪਿੰਡ ਅੰਬਾੜੀ ਦੇ ਪ੍ਰੀਤਮ ਚੰਦ, ਪਿੰਡ ਮਲਾਹ ਦੇ ਗੁਰਦੇਵ ਸਿੰਘ, ਪਿੰਡ ਸੰਦੇੜ ਦੇ ਜੋਗਿੰਦਰ ਸਿੰਘ ਤੇ ਪਿੰਡ ਸਹੇੜ ਦੇ ਪ੍ਰੀਤਮ ਸਿੰਘ ਦੇ ਘਰ ਕਰੀਬ 150 ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਿਨਾ ਮਰਯਾਦਾ ਰੱਖੇ ਹੋਏ ਸਨ।

ਅਸਲ ਵਿਚ ਇਨ੍ਹਾਂ ਸਰੂਪਾਂ ਨੂੰ ਘਰਾਂ ਵਿਚ ਰੱਖਣ ਵਾਲਿਆਂ ਨੂੰ ਗੁਰ ਮਰਯਾਦਾ ਬਾਰੇ ਬਿਲਕੁਲ ਗਿਆਨ ਨਹੀਂ ਤੇ ਨਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਰੂਪਾਂ ਦੀ ਸੰਭਾਲ ਕੀਤੀ ਜਿਸ ਕਾਰਨ ਇਨ੍ਹਾਂ ਸਰੂਪਾਂ ਦੇ ਕੁਝ ਅੰਗ ਫਟੇ ਹੋਏ ਹਨ। ਇਨ੍ਹਾਂ ਸਰੂਪਾਂ ਦਾ ਅਕਾਰ ਵੀ ਵੱਡਾ ਹੈ। ਇਨ੍ਹਾਂ ਦੇ ਅੰਗ 1937 ਹਨ। ਸਤਿਕਾਰ ਕਮੇਟੀ ਨੇ ਹਿਮਾਚਲ ਪ੍ਰਦੇਸ਼ ਪ੍ਰਸ਼ਾਸਨ ਦੀ ਮਦਦ ਨਾਲ ਇਨ੍ਹਾਂ ਸਰੂਪਾਂ ਨੂੰ ਸਥਾਨਕ ਗੁਰਦੁਆਰਾ ਪੁਲਿਸ ਲਾਇਨ ਵਿਖੇ ਲਿਆਂਦਾ ਗਿਆ ਹੈ, ਜਿਥੋਂ ਇਹ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲਿਜਾਏ ਜਾਣਗੇ।
















# ਮਨਪ੍ਰੀਤ ਬਾਦਲ ਦੇ ਪੁੱਤਰ ਨੇ ਲਿਖੀ ਪੰਜਾਬ ਬਾਰੇ ਕਿਤਾਬ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪੁੱਤਰ ਅਰਜਨ ਸਿੰਘ ਦੀ ਪੰਜਾਬ ਦੇ ਸਿਆਸੀ, ਮਾਲੀ ਤੇ ਸਮਾਜਕ ਹਾਲਾਤ ਬਾਰੇ ਲਿਖੀ ਗਈ ਪੁਸਤਕ 'ਸੁਬੇਰਾ' ਲੋਕ ਅਰਪਣ ਕੀਤੀ ਗਈ। ਇਸ ਪੁਸਤਕ 'ਚ ਅਕਾਲੀ-ਭਾਜਪਾ ਸਰਕਾਰ ਸਮੇਤ ਪਿਛਲੀਆਂ ਸਰਕਾਰਾਂ ਦੀ ਹਕੂਮਤ ਦੌਰਾਨ ਰਾਜ ਦੀ ਹੋ ਰਹੀ ਅਧੋਗਤੀ ਨੂੰ ਪੇਸ਼ ਕੀਤਾ ਗਿਆ ਹੈ।

ਅਮਰੀਕਾ ਵਿਚ ਪੜ੍ਹਾਈ ਕਰ ਰਹੇ ਲੇਖਕ ਨੇ ਬਾਦਲ ਸਰਕਾਰ ਦੀਆਂ ਮਾਲੀ ਨੀਤੀਆਂ ਦਾ ਵਿਰੋਧ ਕਰਦਿਆਂ ਪਿਤਾ ਦਾ ਬਚਾਅ ਕੀਤਾ ਹੈ। ਉਸ ਨੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਹੱਕ ਵਿਚ ਵੀ ਆਪਣੀ ਗੱਲ ਕਹੀ ਹੈ। ਲੇਖਕ ਨੇ 60 ਪੰਨਿਆਂ ਦੀ ਇਸ ਪੁਸਤਕ ਦੇ ਵੱਡਾ ਹਿੱਸੇ ਵਿਚ ਪੰਜਾਬ ਦੀ ਤ੍ਰਾਸਦੀ ਬਾਰੇ ਗੱਲ ਕਰਦਿਆਂ ਅੰਤਲੇ ਕੁਝ ਪੰਨਿਆਂ 'ਚ ਬਿਨਾਂ ਨਾਂ ਲਏ 'ਕਈ ਆਪਣਿਆਂ' ਨੂੰ ਠਿੱਬੀ ਲਾਈ ਹੈ। ਪੁਸਤਕ ਰਿਲੀਜ਼ ਕਰਨ ਦੀ ਰਸਮ ਪੱਤਰਕਾਰ ਕੰਵਰ ਸੰਧੂ ਨੇ ਨਿਭਾਈ। ਇਸ ਮੌਕੇ ਪਰਵਾਸੀ ਲੇਖਕ ਤੇ ਮਨਪ੍ਰੀਤ ਦੇ ਮਾਮਾ ਹਰਪਾਲ ਸਿੰਘ ਬਰਾੜ ਤੇ ਸਾਬਕਾ ਆਈ.ਏ.ਐਸ. ਰੌਬਿਨ ਗੁਪਤਾ ਹਾਜ਼ਰ ਸਨ। ਸ੍ਰੀ ਗੁਪਤਾ ਨੇ ਕਿਹਾ ਹੈ ਕਿ 18 ਸਾਲਾਂ ਦੀ ਉਮਰੇ ਅਜਿਹੀ ਤਾਕਤਵਰ ਪੁਸਤਕ ਲਿਖਣਾ ਸ਼ੁਭ ਸ਼ਗਨ ਹੈ। ਉਨ੍ਹਾਂ ਕਿਹਾ ਕਿ ਵੱਡੇ ਪਰਿਵਾਰ ਵਿਚ ਜਨਮ ਲੈ ਕੇ ਆਮ ਲੋਕਾਂ ਦੀ ਗੱਲ ਕਰਨਾ ਸੌਖਾ ਨਹੀਂ ਹੈ। ਪੁਸਤਕ ਵਿਚ ਪੰਜਾਬ ਦੀ ਨਿੱਘਰਦੀ ਹਾਲਤ, ਨਸ਼ਿਆਂ, ਲਿੰਗ ਅਨੁਪਾਤ ਤੇ ਗੰਦਲੇ ਪਾਣੀਆਂ ਸਮੇਤ ਕੈਂਸਰ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਵਿਚ ਪੰਜਾਬ ਦੇ ਇਕ ਅਜਿਹੇ ਪਿੰਡ ਦਾ ਜ਼ਿਕਰ ਹੈ ਜਿੱਥੇ ਅਜੇ ਇਕ ਘਰ ਵਿਚ ਹੀ ਟੈਲੀਫੋਨ ਲੱਗਾ ਹੈ ਤੇ ਉਥੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਛੱਡ ਕੇ ਹੋਰ ਕਿਸੇ ਨੇ ਚਰਨ ਨਹੀਂ ਪਾਏ। ਪੁਸਤਕ ਵਿਚ ਬਠਿੰਡਾ ਤੋਂ ਗੰਗਾਨਗਰ ਜਾਂਦੀ ਕੈਂਸਰ ਐਕਸਪ੍ਰੈਸ ਦਾ ਵੀ ਜ਼ਿਕਰ ਹੈ। ਕੌਮਾਂਤਰੀ ਕਬੱਡੀ ਮੈਚਾਂ ਦੀ ਗੱਲ ਕਰਦਿਆਂ ਇਕ ਪ੍ਰੋਗਰਾਮ ਵੇਲੇ ਫਿਲਮੀ ਅਦਾਕਾਰ ਸ਼ਾਹਰੁਖ ਖ਼ਾਨ ਨੂੰ ਅੱਧੇ ਘੰਟੇ ਲਈ 3 ਕਰੋੜ ਰੁਪਏ ਦੇਣ ਦਾ ਵਿਰੋਧ ਕਰਦਿਆਂ ਇਹੋ ਪੈਸਾ ਖੇਡਾਂ ਲਈ ਮੁੱਢਲੇ ਆਧਾਰੀ ਢਾਂਚੇ 'ਤੇ ਖਰਚ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਪੁਸਤਕ 'ਚ ਪੰਜਾਬ ਤਕਨੀਕੀ 'ਵਰਸਿਟੀ ਦਾ ਵਿਸ਼ੇਸ਼ ਜ਼ਿਕਰ ਹੈ ਜਿਥੋਂ ਦੇ 23000 ਬੱਚਿਆਂ ਵਿਚੋਂ 16000 ਗਣਿਤ ਵਿਸ਼ੇ ਦੀ ਰੀਅਪੀਅਰ ਵਿਚ ਫਸ ਕੇ ਰਹਿ ਗਏ ਹਨ। ਚੋਣਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਨਸ਼ੇ ਵੰਡਣ ਦਾ ਵਿਸ਼ੇਸ਼ ਫਿਕਰ ਕੀਤਾ ਗਿਆ ਹੈ। ਨੌਜਵਾਨਾਂ ਦੇ ਨਸ਼ਿਆਂ ਵਿਚ ਗਰਕ ਜਾਣ ਦੀ ਚਿੰਤਾ ਸਾਂਝੀ ਕਰਦਿਆਂ ਕਿਹਾ ਗਿਆ ਹੈ ਕਿ ਕਿਸੇ ਵੇਲੇ ਭਾਰਤ ਦੀ ਫੌਜ ਵਿਚ 33% ਸਿੱਖ ਹੋਇਆ ਕਰਦੇ ਸਨ ਜਦਕਿ ਪਿੱਛੇ ਜਿਹੇ ਇਕ ਭਰਤੀ ਰੈਲੀ ਦੌਰਾਨ ਅੱਠ ਹਜ਼ਾਰ ਪੰਜਾਬੀਆਂ ਵਿਚੋਂ ਕੇਵਲ 80 ਯੋਗ ਪਾਏ ਗਏ ਹਨ।

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਅਨੀਤਾ ਸ਼ਬਦੀਸ਼ ਦਾ ਸਨਮਾਨ

**ਡੇਅਟਨ, ਓਹਾਇਓ (ਬਿਊਰੋ):** ਉਘੀ ਪੰਜਾਬੀ ਮੰਚ ਅਤੇ ਫਿਲਮ ਕਲਾਕਾਰ ਅਨੀਤਾ ਸ਼ਬਦੀਸ਼ ਦਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਇਥੇ ਇਕ ਸਮਾਗਮ ਦੌਰਾਨ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਸ਼ਬਦੀਸ਼ ਨੂੰ ਸਨਮਾਨ ਚਿੰਨ੍ਹ ਭੇਟ ਕਰਨ ਦੀ ਰਸਮ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਤੋਂ ਇਲਾਵਾ ਪਤਵੰਤੇ ਸੱਜਣਾਂ ਅਮਰਜੀਤ ਤੱਖਰ, ਹਰਿੰਦਰ ਕੰਗ, ਯਸ਼ ਅਗਰਵਾਲ ਤੇ ਚਰਨਜੀਤ ਬਰਾੜ ਨੇ ਨਿਭਾਈ। ਇਸ ਸਮੇਂ ਸੁਸਾਇਟੀ ਦੇ ਮੀਤ ਪ੍ਰਧਾਨ ਜਸਵੰਤ ਜੱਸੀ, ਸੁਰਜੀਤ ਮਾਵੀ, ਬਲਬੀਰ ਬਾਠ, ਬਲਜੀਤ ਮਹਾਰਾਜਾ, ਪਵਨ ਕੁਮਾਰ, ਸੁਰਿੰਦਰ ਚੀਮਾ, ਸੁਸ਼ੀਲ ਅਗਰਵਾਲ, ਜਸਦੇਵ ਗਿੱਲ, ਪਰਮਿੰਦਰ ਤੱਖਰ ਅਤੇ ਗੁਰਮਿੰਦਰ ਸੰਧੂ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਮੁਹਾਲੀ, ਪੰਜਾਬ ਵਸਦੀ ਸ਼ਬਦੀਸ਼ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਈ ਹੋਈ ਹੈ।




*ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਅਹੁਦੇਦਾਰ ਅਨੀਤਾ ਸ਼ਬਦੀਸ਼ ਦਾ ਸਨਮਾਨ ਕਰਦੇ ਹੋਏ*

ਅਨੀਤਾ ਸ਼ਬਦੀਸ਼ ਨੇ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦਾ ਉਚੇਚਾ ਧੰਨਵਾਦ ਕਰਦਿਆਂ ਆਖਿਆ ਕਿ ਉਸ ਨੂੰ ਇਸ ਗੱਲ 'ਤੇ ਮਾਣ ਹੈ ਕਿ ਸੁਸਾਇਟੀ ਨੇ ਉਸ ਦੇ ਅੰਦਰਲੇ ਕਲਾਕਾਰ ਦਾ ਸਨਮਾਨ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੇਰੀ ਅਮਰੀਕਾ ਦੀ ਇਹ ਪਹਿਲੀ ਫੇਰੀ ਹੈ ਜਦੋਂ ਮੈਂ ਆਪਣੀ ਟੀਮ ਤੋਂ ਬਿਨਾ ਆਈ ਹਾਂ ਅਤੇ ਸਿਰਫ ਆਪਣੇ ਦਰਸ਼ਕਾਂ ਤੇ ਪ੍ਰਸ਼ੰਸਕਾਂ ਨੂੰ ਹੀ ਮਿਲ ਰਹੀ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਜਿਹੀਆਂ ਸੰਸਥਾਵਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਅੰਦਰ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਆਪਣਾ ਭਰਵਾਂ ਯੋਗਦਾਨ ਪਾ ਰਹੀਆਂ ਹਨ।

ਮੰਚ ਸੰਚਾਲਨ ਕਰਦਿਆਂ ਰੇਡੀਓ ਕਲਾਕਾਰ ਕੁਮਾਰ ਪਵਨਦੀਪ ਨੇ ਅਨੀਤਾ ਸ਼ਬਦੀਸ਼ ਦੇ ਪੰਜਾਬੀ ਮੰਚ ਅਤੇ ਫਿਲਮ ਜੀਵਨ ਬਾਰੇ ਆਏ ਮਹਿਮਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪੰਜਾਬੀ ਰੰਗਮੰਚ ਤੇ ਪੰਜਾਬੀ ਫਿਲਮ ਖੇਤਰ ਵਿਚ ਇਕ ਜਾਣਿਆ ਪਛਾਣਿਆ ਨਾਂ ਹੈ। ਉਸ ਨੇ ਮੰਨਤ, ਬਾਗੀ, ਏਕਮ, ਲੱਗਦਾ ਇਸ਼ਕ ਹੋ ਗਿਆ, ਚੰਨਾ ਸੱਚੀਂ ਮੁੱਚੀਂ, ਕਬੱਡੀ-ਵੰਨਸ ਅਗੇਨ, ਪਤਾ ਨਹੀਂ ਰੱਬ ਕਿਹੜਿਆਂ ਰੰਗਾਂ ਵਿਚ ਰਾਜ਼ੀ, ਯਾਰ ਪਰਦੇਸੀ ਅਤੇ ਹੋਰ ਕਈ ਫਿਲਮਾਂ ਵਿਚ ਵਧੀਆ ਕੰਮ ਕਰਕੇ ਆਪਣੀ ਕਲਾ ਦਾ ਸਿੱਕਾ ਜਮਾਇਆ ਹੈ। ਇਸ ਤੋਂ ਇਲਾਵਾ ਟੀ ਵੀ ਸੀਰੀਅਲ-ਅੱਖੀਆਂ ਤੋਂ ਦੂਰ ਜਾਈਂ ਨਾ, ਕੱਚ ਦੀਆਂ ਵੰਗਾਂ, ਭਾਗਾਂ ਵਾਲੀਆਂ, ਸਰਹੱਦ ਅਤੇ ਕਈ ਹੋਰ ਸੀਰੀਅਲਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਏ ਹਨ। ਉਨ੍ਹਾਂ ਦੱਸਿਆ ਕਿ ਅਨੀਤਾ ਨੇ ਸਕੂਲੀ ਪੜ੍ਹਾਈ ਦੌਰਾਨ ਹੀ ਕਲਾਸੀਕਲ ਅਤੇ ਲੋਕ ਨ੍ਰਿਤ ਖੇਤਰ ਵਿਚ ਪਰਵੇਸ਼ ਕੀਤਾ ਸੀ। ਮੋਨੋ ਐਕਟਿੰਗ ਅਤੇ ਰਾਕ ਡਾਂਸ ਵਿਚ ਵੀ ਆਪਣੀ ਕਲਾ ਦਾ ਸਿੱਕਾ

*(ਅਗਲੇ ਸਫੇ 'ਤੇ ਜਾਰੀ)*

# ਪ੍ਰਿਯਮ ਭਾਰਗਵ ਬਣੀ ਮਿਸ ਇੰਡੀਆ ਯੂ.ਐਸ.ਏ.

**ਨਿਊ ਯਾਰਕ (ਹਰਲੀਨ ਕੌਰ):** ਸਥਾਨਕ ਇੰਡੀਆ ਫੈਸਟੀਵਲ ਕਮੇਟੀ ਵਲੋਂ ਕਰਵਾਏ ਗਏ ਸੁੰਦਰਤਾ ਮੁਕਾਬਲੇ ਵਿਚ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਕਾਨੂੰਨ (ਲਾਅ) ਦੀ ਪੜ੍ਹਾਈ ਕਰ ਰਹੀ ਪ੍ਰਿਯਮ ਭਾਰਗਵ ਨੇ ਮਿਸ ਇੰਡੀਆ ਯੂ.ਐਸ.ਏ. 2013 ਦਾ ਖਿਤਾਬ ਜਿੱਤ ਲਿਆ। ਅਕਸ਼ਯਾ ਵਿਜੈ ਕੁਮਾਰ ਨੂੰ ਮਿਸ ਟੀਨ ਇੰਡੀਆ ਯੂ.ਐਸ.ਏ. 2013 ਦੇ ਖਿਤਾਬ ਨਾਲ ਨਿਵਾਜਿਆ ਗਿਆ। ਪ੍ਰਿਯਮ ਭਾਰਗਵਾ ਹੁਣ ਮਿਸ ਇੰਡੀਆ ਵਰਲਡਵਾਈਡ 2013 ਸੁੰਦਰਤਾ ਮੁਕਾਬਲੇ ਵਿਚ ਅਮਰੀਕਾ ਦੀ ਨੁਮਾਇੰਦਗੀ ਕਰੇਗੀ ਜੋ 27 ਅਪਰੈਲ ਨੂੰ ਕੁਆਲਾਲੰਪੁਰ (ਮਲੇਸ਼ੀਆ) ਵਿਖੇ ਹੋ ਰਿਹਾ ਹੈ।

ਨਿਊ ਯਾਰਕ ਦੇ ਰਾਇਲ ਐਲਬਰਟਸ ਪੈਲੇਸ ਵਿਚ ਹੋਏ ਮੁਕਾਬਲੇ ਵਿਚ 26 ਸਾਲਾ ਪ੍ਰਿਯਮ ਭਾਰਗਵ ਨੂੰ ਮਿਸ ਇੰਡੀਆ ਯੂ.ਐਸ.ਏ. ਦਾ ਖਿਤਾਬ ਦਿੱਤਾ ਗਿਆ। ਪਿਛਲੇ ਸਾਲ ਇਹ ਮੁਕਾਬਲਾ ਜਿੱਤਣ ਵਾਲੀ ਚੰਦਨ ਕੌਰ ਨੇ ਪ੍ਰਿਯਮ ਭਾਰਗਵ ਨੂੰ ਤਾਜ ਪਹਿਨਾਇਆ। ਇਸ ਮੁਕਾਬਲੇ ਵਿਚ ਮਿਸ਼ੀਗਨ ਦੀ ਕ੍ਰਿਤਿਕਾ ਰਾਜ ਕੁਮਾਰ ਨੂੰ ਫਸਟ ਰਨਰਅੱਪ ਅਤੇ ਨਿਊ ਜਰਸੀ ਦੀ ਜੈਸਮੀਨ ਸੇਠੀ ਨੂੰ ਸੈਕਿੰਡ ਰਨਰਅੱਪ ਐਲਾਨਿਆ ਗਿਆ। ਮੁਕਾਬਲੇ ਵਿਚ 23 ਮੁਟਿਆਰਾਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿਚ 'ਮੇਰੇ ਢੋਲਣਾ' ਗੀਤ ਨਾਲ



*ਪ੍ਰਿਯਮ ਭਾਰਗਵ*

ਸਭ ਦਾ ਧਿਆਨ ਖਿੱਚਣ ਵਾਲੀ ਅਕਸ਼ਯਾ ਵਿਜੈ ਕੁਮਾਰ ਨੂੰ 'ਬੈਸਟ ਟੇਲੈਂਟ' ਦਾ ਖ਼ਿਤਾਬ ਵੀ ਦਿੱਤਾ ਗਿਆ। ਮਿਸ ਟੀਨ ਮੁਕਾਬਲਿਆਂ ਵਿਚ ਰੌਡ ਦੀ ਪਵਿੱਤ ਅਰੋੜਾ ਫਸਟ ਰਨਰਅੱਪ ਅਤੇ ਟੈਕਸਸ ਦੀ ਤਨਵੀ ਸ਼ਿੰਦੇ ਸੈਕਿੰਡ ਰਨਰਅੱਪ ਰਹੀ।

ਇੰਡੀਆ ਫੈਸਟੀਵਲ ਕਮੇਟੀ ਦੇ ਚੇਅਰਮੈਨ ਧਰਮਾਤਮਾ ਸ਼ਰਨ ਨੇ ਦੱਸਿਆ ਕਿ ਕਮੇਟੀ ਪਿਛਲੇ 31 ਸਾਲ ਤੋਂ ਮਿਸ ਇੰਡੀਆ ਵਰਲਡਵਾਈਡ ਮੁਕਾਬਲਾ ਕਰਵਾ ਰਹੀ ਹੈ। ਐਤਕੀਂ ਇਸ ਵਿਚ 40 ਦੇਸ਼ਾਂ ਦੀਆਂ ਕੁੜੀਆਂ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦਾ ਨਿਸ਼ਾਨਾ ਹੈ ਕਿ 50 ਦੇਸ਼ਾਂ ਦੀਆਂ ਮੁਟਿਆਰਾਂ ਇਸ ਮੁਕਾਬਲੇ ਵਿਚ ਹਿੱਸਾ ਲੈਣ। ਉਨ੍ਹਾਂ ਦੱਸਿਆ ਕਿ ਮਿਸ ਟੀਨ ਇੰਡੀਆ ਮੁਕਾਬਲਾ 2008 ਵਿਚ ਸ਼ੁਰੂ ਕੀਤਾ ਗਿਆ ਸੀ, ਇਸ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ ਹੈ।

ਉਨ੍ਹਾਂ ਦੱਸਿਆ ਕਿ ਮਿਸ ਇੰਡੀਆ ਯੂ.ਐਸ.ਏ. ਮੁਕਾਬਲੇ ਦੇ ਆਖਰੀ ਗੇੜ ਵਿਚ ਸ਼ਿਵਾਂਗੀ, ਕ੍ਰਿਤਿਕਾ, ਜੈਸਮੀਨ ਅਤੇ ਪ੍ਰਿਯਮ ਪਹੁੰਚੀਆਂ। ਜੱਜਾਂ ਨੇ ਗੁਣਾਂ ਪ੍ਰਿਯਮ 'ਤੇ ਪਾਇਆ। ਇਸ ਪ੍ਰੋਗਰਾਮ ਲਈ ਡਾ. ਗੁਰਮੋਹਨ ਬਰਾੜ, ਡਾ. ਰਘੂ ਬਾਜਵਾ (ਸਕੂਲ ਆਫ਼ ਮੈਡੀਸਨ, ਅਮਰੀਕਨ ਯੂਨੀਵਰਸਿਟੀ ਆਫ਼ ਬਰਬਾਡੋਸ) ਅਤੇ ਬਾਲੀਵੁੱਡ ਦੇ ਕੋਰੀਓਗ੍ਰਾਫਰ ਰਾਜੀਵ ਖਿੰਚੀ ਨੇ ਉਚੇਚੀ ਇਮਦਾਦ ਕੀਤੀ।

# ਬਾਦਲ ਵੱਲੋਂ ਕੈਪਟਨ ਉਤੇ 'ਮਿੱਠੇ' ਵਾਰ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਅਹੁਦੇ ਦੀ ਤਬਦੀਲੀ ਬਾਰੇ ਟਿੱਪਣੀਆਂ ਕਰਦਿਆਂ ਕਿਹਾ ਕਿ ਕਾਂਗਰਸ ਹਾਈ ਕਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਹਿਆ ਹੈ, ਇਸ ਤਰ੍ਹਾਂ ਤਾਂ ਕੋਈ ਚਪੜਾਸੀ ਨੂੰ ਵੀ ਨੌਕਰੀ ਤੋਂ ਨਹੀਂ ਕੱਢਦਾ। ਮੁੱਖ ਮੰਤਰੀ ਨੇ ਪ੍ਰਦੇਸ਼ ਕਾਂਗਰਸ ਦੇ ਨਵੇਂ ਪ੍ਰਧਾਨ ਨੂੰ ਟਕਰਾਅ ਵਾਲੀ ਰਾਜਨੀਤੀ ਛੱਡ ਕੇ ਵਿਕਾਸਮੁਖੀ ਰਾਜਨੀਤੀ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕੈਪਟਨ ਸਿੰਘ ਉਪਰ ਟਕਰਾਅ ਵਾਲੀ ਰਾਜਨੀਤੀ ਕਰਨ ਦੇ ਦੋਸ਼ ਵੀ ਲਾਏ। ਉਨ੍ਹਾਂ ਨੇ ਕਿਹਾ ਕਿ ਅਹੁਦੇਦਾਰੀਆਂ ਬਦਲਣਾ ਕਾਂਗਰਸ ਦਾ ਅੰਦਰੂਨੀ ਮਾਮਲਾ ਹੈ ਤੇ ਉਨ੍ਹਾਂ ਕੁਝ ਵੀ ਨਹੀਂ ਲੈਣਾ, ਫਿਰ ਵੀ ਜਿਸ ਤਰ੍ਹਾਂ ਦਾ ਤਰੀਕਾ ਵਰਤਿਆ ਗਿਆ ਹੈ, ਉਸ ਦੀ ਗੱਲ ਕਰਨੀ ਤਾਂ ਬਣਦੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਨੂੰ ਵੀ ਵਿਰੋਧੀਆਂ ਨੂੰ ਨੋਟਿਸ ਦੇਣ ਲੱਗਿਆਂ ਸੰਜਮ ਤੋਂ ਕੰਮ ਲੈਣਾ ਚਾਹੀਦਾ ਸੀ। ਉਨ੍ਹਾਂ ਨੇ ਕਾਂਗਰਸ ਦੇ ਨਵੇਂ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਕਿਹਾ ਕਿ ਉਹ ਰਾਜ ਦੇ ਭਲੇ ਤੇ ਵਿਕਾਸ ਲਈ ਕੰਮ ਕਰਨ ਵਿਚ ਰਾਜ ਸਰਕਾਰ ਦੀ ਮਦਦ ਕਰਨ ਤੇ ਮਦਦ ਲੈਣ।



*ਅਮਰਿੰਦਰ ਸਿੰਘ*

OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665



# ਅਨੀਤਾ ਸ਼ਬਦੀਸ਼ ਦਾ ਸਨਮਾਨ




*(ਪਿਛਲੇ ਸਫੇ ਦੀ ਬਾਕੀ)*

ਜਮਾਇਆ।

ਪਵਨ ਨੇ ਇਹ ਵੀ ਦੱਸਿਆ ਕਿ ਸ਼ਬਦੀਸ਼ ਨੇ 1983 ਵਿਚ ਡਾ. ਆਤਮਜੀਤ ਦੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਤੋਂ ਰੰਗ ਮੰਚ ਵਿਚ ਪਰਵੇਸ਼ ਕੀਤਾ ਅਤੇ ਫਿਰ 1993 ਵਿਚ ਨਾਮੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਟੀਮ ਵਿਚ ਸ਼ਾਮਲ ਹੋ ਗਈ ਅਤੇ ਉਨ੍ਹਾਂ ਨਾਲ ਪਿੰਡਾਂ ਤੇ ਸ਼ਹਿਰਾਂ ਵਿਚ ਸੈਂਕੜੇ ਨਾਟਕ ਸ਼ੋਅ ਕੀਤੇ। 1995 ਵਿਚ ਉਸ ਨੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਜਾ ਕੇ ਆਪਣੀ ਕਲਾ ਦੇ ਜੌਹਰ ਵਿਖਾਏ। 1998 ਵਿਚ ਉਸ ਨੇ ਆਪਣੇ ਨਾਟਕ ਗਰੁਪ 'ਸੁਚੇਤਨ ਰੰਗ ਮੰਚ' ਦੀ ਸਥਾਪਨਾ ਕੀਤੀ ਅਤੇ ਫਿਰ ਨਾਟਕ 'ਇਨ੍ਹਾਂ ਦੀ ਆਵਾਜ਼' ਰਾਹੀਂ ਨਿਰਦੇਸ਼ਨ ਜਗਤ ਵਿਚ ਦਾਖਲ ਹੋ ਗਈ। ਉਸ ਨੇ ਕਈ ਨਾਟਕਾਂ ਦਾ ਨਿਰਦੇਸ਼ਨ ਕੀਤਾ। ਕੈਨੇਡਾ ਵਿਚ ਨਾਟਕ 'ਸੁਲਘਦੇ ਸੁਪਨੇ ਗਦਰ ਦੇ' ਟੋਰਾਂਟੋ ਦੇ ਕਲਾਕਾਰਾਂ ਨੂੰ ਨਾਲ ਲੈ ਕੇ ਤਿਆਰ ਕੀਤਾ ਜਿਸ ਨੂੰ ਦਰਸ਼ਕਾਂ ਤੋਂ ਭਰਪੂਰ ਸਰਾਹਨਾ ਮਿਲੀ। ਇਹ ਵੀ ਜ਼ਿਕਰਯੋਗ ਹੈ ਕਿ ਅਨੀਤਾ ਸ਼ਬਦੀਸ਼ ਨੇ ਪੰਜਾਬੀ ਰੰਗ ਮੰਚ ਦੇ ਬਾਬਾ ਬੋਹੜ ਗੁਰਸ਼ਰਨ ਭਾਅ ਜੀ ਦੇ ਜੀਵਨ ਬਾਰੇ ਇਕ ਦਸਤਾਵੇਜ਼ੀ ਫਿਲਮ 'ਕ੍ਰਾਂਤੀ ਦਾ ਕਲਾਕਾਰ' ਵੀ ਬਣਾਈ ਜੋ ਕਿ ਉਸ ਮਹਾਨ ਨਾਟਕਕਾਰ ਨੂੰ ਇਕ ਸੱਚੀ ਸੁੱਚੀ ਸ਼ਰਧਾਂਜਲੀ ਮੰਨੀ ਜਾਂਦੀ ਹੈ।

ਪਵਨ ਨੇ ਦੱਸਿਆ ਇਹ ਵੀ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਕਿ ਅਨੀਤਾ ਨੂੰ ਰੰਗ ਮੰਚ ਖੇਤਰ ਵਿਚ ਪ੍ਰਾਪਤੀਆਂ ਲਈ ਭਾਰਤ ਸਰਕਾਰ ਵਲੋਂ ਕੌਮੀ ਪੁਰਸਕਾਰ 'ਉਸਤਾਦ ਬਿਸਮਿਲਾ ਖਾਨ ਯੁਵਾ ਕਲਾਕਾਰ ਪੁਰਸਕਾਰ' ਵੀ ਮਿਲ ਚੁਕਾ ਹੈ।

ਇਸ ਸਮਾਗਮ ਦੌਰਾਨ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਸੁਪੋਰਟਰ ਵਨੀਤ ਗੁਪਤਾ, ਰਾਜੇਸ਼ ਰਾਵਲ, ਹੈਪੀ ਮਤੋਤ, ਹੈਪੀ ਮੁੰਡੀ, ਨਰਿੰਦਰ ਥਿੰਦ, ਪ੍ਰੀਤਮਪਾਲ ਸਿੰਘ, ਅਵਤਾਰ ਸਿੰਘ ਸਪਰਿੰਗਫੀਲਡ, ਬੌਬੀ ਸਿੱਧੂ, ਨਰਿੰਦਰ ਬੰਟੀ, ਗੁਰਚਰਨ ਕੰਗ, ਪਰਮਿੰਦਰ ਬਾਸੀ, ਹੈਪੀ, ਰੂਪੀ ਡੇਅਟਨ, ਪ੍ਰਿਤਪਾਲ ਸਿੰਘ, ਦਵਿੰਦਰ ਸਿੰਘ, ਗੁਰਮੇਜ ਮੁਲਤਾਨੀ, ਹਰਦੀਪ ਸਿੰਘ ਤੋਂ ਇਲਾਵਾ ਤੇਜ ਗਿੱਲ, ਹਰਪਾਲ ਸੰਘਾ, ਬਹਾਦਰ ਕਲੇਰ, ਦਲਬੀਰ ਗਿੱਲ, ਨਿੱਪੀ ਟਿਵਾਣਾ, ਡੀ ਜੇ ਸੋਨੀ, ਸੁਖਵਿੰਦਰ ਸਿੰਘ, ਭਿੰਦਾ ਵੜੈਚ, ਮਨਜੋਤ ਕਲੇਰ, ਕੁਲਵੰਤ ਬਰਾੜ, ਬਲਵੀਰ ਸਿੰਘ (ਓਵਨ ਇੰਡੀਆ) ਅਤੇ ਰਾਵੀ ਵੀ ਇਸ ਸਮਾਗਮ ਵਿਚ ਹਾਜ਼ਰ ਸਨ।



































## ਰਾਜੋਆਣਾ ਮਾਮਲਾ

# ਜਥੇਦਾਰ ਵੱਲੋਂ ਸਰਕਾਰ ਨੂੰ ਚਿਤਾਵਨੀ



**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਜੇਕਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਬਹਾਲ ਰੱਖਿਆ ਗਿਆ ਤਾਂ ਹਾਲਾਤ ਕਾਬੂ ਤੋਂ ਬਾਹਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦੀ ਸਜ਼ਾ ਦਾ ਮਾਮਲਾ ਸਿੱਖ ਕੌਮ ਦੇ ਜਜ਼ਬਾਤਾਂ ਦੇ ਨਾਲ ਜੁੜਿਆ ਹੈ। ਕੇਂਦਰ ਸਰਕਾਰ ਨੂੰ ਇਸ 'ਤੇ ਕੋਈ ਜਲਦਬਾਜ਼ੀ ਵਿਚ ਫ਼ੈਸਲਾ ਨਹੀਂ ਲੈਣਾ ਚਾਹੀਦਾ ਤੇ ਰਹਿਮ ਦੀ ਅਪੀਲ ਮਨਜ਼ੂਰ ਕਰਨੀ ਚਾਹੀਦੀ ਹੈ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਇਸ ਵੇਲੇ ਪਟਿਆਲਾ ਦੀ ਕੇਂਦਰੀ ਜੇਲ੍ਹ ਦੀ ਕੋਠੀ ਨੰਬਰ 16 ਵਿਚ ਬੰਦ ਹੈ। ਜੇਲ੍ਹਾਂ ਬਾਰੇ ਵਧੀਕ ਡਾਇਰੈਕਟਰ ਜਨਰਲ ਰਾਜਪਾਲ ਮੀਨਾ ਨੇ ਕਿਹਾ ਕਿ ਉਸ ਨੂੰ ਨਵੀਂ ਦਿੱਲੀ ਵਿਚ ਤਬਦੀਲ ਕੀਤੇ ਜਾਣ ਬਾਰੇ 'ਸਿਰਫ਼ ਅਫ਼ਵਾਹਾਂ' ਹਨ। ਮੀਡੀਆ ਦੇ ਇਕ ਹਿੱਸੇ ਵਿਚ ਭਾਈ ਰਾਜੋਆਣਾ ਨੂੰ ਨਵੀਂ ਦਿੱਲੀ ਵਿਚ ਤਬਦੀਲ ਕੀਤੇ ਜਾਣ ਦੀਆਂ ਛਪੀਆਂ ਖ਼ਬਰਾਂ ਨੂੰ ਉਨ੍ਹਾਂ ਨੇ ਨਿਰਾਧਾਰ ਦੱਸਿਆ ਹੈ।

ਭਾਈ ਰਾਜੋਆਣਾ ਜਿਸ ਨੇ ਆਪਣਾ ਨਾ ਕੋਈ ਵਕੀਲ ਤੇ ਨਾ ਹੀ ਕੋਈ ਅਪੀਲ ਕੀਤੀ ਹੈ, ਦੀ ਭੈਣ ਕਮਲਜੀਤ ਕੌਰ ਹੀ ਉਸ ਦੇ ਚਿੱਠੀ ਪੱਤਰ ਲੈ ਕੇ ਆਉਂਦੀ ਹੈ। ਭਾਈ ਰਾਜੋਆਣਾ ਨੇ ਕੋਈ ਵੀ ਅਜਿਹੀ ਅਰਜ਼ੀ ਆਪਣੇ ਵੱਲੋਂ ਦਾਇਰ ਨਹੀਂ ਕੀਤੀ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਸੰਵਿਧਾਨ ਤਹਿਤ ਸੰਵਿਧਾਨਕ ਜਾਇਜ਼ਾ ਅਰਜ਼ੀ ਦਾਇਰ ਕੀਤੀ ਹੈ ਜਿਸ 'ਤੇ ਰਾਸ਼ਟਰਪਤੀ ਨੇ ਅਜੇ ਕੋਈ ਫ਼ੈਸਲਾ ਨਹੀਂ ਕੀਤਾ।

ਪਿਛਲੇ ਦਿਨਾਂ ਵਿਚ ਮੁੰਬਈ ਅਤਿਵਾਦੀ ਹਮਲਿਆਂ ਵਿਚ ਦੋਸ਼ੀ ਕਰਾਰ ਦਿੱਤੇ ਕਸਾਬ ਤੇ ਪਾਰਲੀਮੈਂਟ ਦੇ ਦੋਸ਼ੀ ਸਮਝੇ ਗਏ ਅਫ਼ਜਲ ਗੁਰੂ ਨੂੰ ਫਾਂਸੀ ਦੇਣ ਤੋਂ ਬਾਅਦ ਵਿਚ ਖਬਰ ਬਾਹਰ ਆਉਣ ਦਿੱਤੀ ਸੀ। ਇਸੇ ਕਾਰਨ ਆਮ ਧਾਰਨਾ ਇਹ ਹੈ ਕਿ ਭਾਈ ਰਾਜੋਆਣਾ ਨੂੰ ਵੀ ਸਰਕਾਰ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਫਾਂਸੀ ਦੇ ਸਕਦੀ ਹੈ ਜਿਸ ਕਾਰਨ ਅਜਿਹੀਆਂ ਅਫਵਾਹਾਂ ਉਡਣ ਲੱਗੀਆਂ ਹਨ।

# ਸਰਕਾਰ ਕੋਲ ਰਾਜੋਆਣਾ ਸਣੇ ਰਹਿਮ ਦੀਆਂ ਨੌਂ ਪਟੀਸ਼ਨਾਂ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਸਮੇਤ ਮੌਤ ਦੀ ਸਜ਼ਾ ਯਾਫਤਾ ਨੌਂ ਕੈਦੀਆਂ ਦੀਆਂ ਰਹਿਮ ਬਾਰੇ ਪਟੀਸ਼ਨਾਂ ਸਰਕਾਰ ਕੋਲ ਫੈਸਲੇ ਲਈ ਪਈਆਂ ਹੋਈਆਂ ਹਨ। ਗ੍ਰਹਿ ਰਾਜ ਮੰਤਰੀ ਮੁੱਲਾਪੱਲੀ ਰਾਮਾਚੰਦਰਨ ਨੇ ਰਾਜ ਸਭਾ ਵਿਚ ਦੱਸਿਆ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 72 ਤਹਿਤ ਸਜ਼ਾ ਯਾਫਤਾ ਨੌਂ ਕੈਦੀਆਂ ਜਿਨ੍ਹਾਂ ਵਿਚ ਰਾਜੋਆਣਾ ਚੰਡੀਗੜ੍ਹ ਦੀ 2012 ਤੋਂ ਇਲਾਵਾ ਧਰਮ ਪਾਲ ਹਰਿਆਣਾ ਦੀ 1999 ਤੋਂ, ਪ੍ਰਵੀਨ ਕੁਮਾਰ ਕਰਨਾਟਕ ਦੀ 2004 ਤੋਂ, ਜ਼ਫਰ ਅਲੀ ਉੱਤਰ ਪ੍ਰਦੇਸ਼ ਦੀ 2006 ਤੋਂ, ਸੋਨੀਆ ਤੇ ਸੰਜੀਵ ਹਰਿਆਣਾ ਦੀ 2007 ਤੋਂ, ਸੁੰਦਰ ਸਿੰਘ ਉੱਤਰਾਖੰਡ ਦੀ 2011 ਤੋਂ, ਸ਼ਿਵੂ ਤੇ ਜੈਦੇਸਵਾਮੀ ਕਰਨਾਟਕ ਦੀ 2013, ਬੀ. ਏ. ਉਮੇਸ਼ ਕਰਨਾਟਕ ਦੀ 2012 ਤੋਂ ਅਤੇ ਮੰਗਨਲਾਲ ਮੱਧ ਪ੍ਰਦੇਸ਼ ਦੀ 2012 ਤੋਂ ਰਹਿਮ ਬਾਰੇ ਪਟੀਸ਼ਨਾਂ ਸਰਕਾਰ ਕੋਲ ਪਈਆਂ ਹਨ।

# ਭਾਈ ਹਵਾਰਾ ਨੂੰ ਅਫ਼ਜ਼ਲ ਗੁਰੂ ਵਾਲੀ ਚੱਕੀ ਵਿਚ ਭੇਜਿਆ

**ਅੰਮ੍ਰਿਤਸਰ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ ਨੂੰ ਹੁਣ ਜੇਲ੍ਹ ਨੰਬਰ ਅੱਠ ਵਿਚੋਂ ਬਦਲ ਕੇ ਜੇਲ੍ਹ ਨੰਬਰ ਤਿੰਨ ਦੀ ਚੱਕੀ ਵਿਚ ਬੰਦ ਕਰ ਦਿੱਤਾ ਗਿਆ ਹੈ। ਇਸ ਚੱਕੀ ਵਿਚ ਫਾਂਸੀ ਤੋਂ ਪਹਿਲਾਂ ਅਫ਼ਜ਼ਲ ਗੁਰੂ ਨੂੰ ਰੱਖਿਆ ਗਿਆ ਸੀ। ਇਸ ਦਾ ਖੁਲਾਸਾ ਸਿੱਖ ਆਗੂ ਬਲਜੀਤ ਸਿੰਘ ਖਾਲਸਾ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ ਹੈ ਜਿਨ੍ਹਾਂ ਨੇ ਅੱਠ ਮਾਰਚ ਨੂੰ ਹਵਾਰਾ ਨਾਲ ਮੁਲਾਕਾਤ ਕੀਤੀ ਸੀ।



ਭਾਈ ਧਰਮ ਸਿੰਘ ਕਾਸ਼ਤੀਵਾਲ ਟਰਸੱਟ ਦੇ ਆਗੂ ਤੇ ਵੰਗਾਰ ਪੱਤ੍ਰਿਕਾ ਦੇ ਸੰਪਾਦਕ ਬਲਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਉਹ ਅਕਸਰ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਥਿਤੀ ਦਾ ਪਤਾ ਕਰਦੇ ਰਹਿੰਦੇ ਹਨ। ਇਸੇ ਤਹਿਤ ਉਨ੍ਹਾਂ ਅੱਠ ਮਾਰਚ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਹਵਾਰਾ ਨੂੰ ਹੁਣ ਜੇਲ੍ਹ ਨੰਬਰ ਤਿੰਨ ਦੀ ਚੱਕੀ ਵਿਚ ਬੰਦ ਕਰ ਦਿੱਤਾ ਗਿਆ ਹੈ। ਜੇਲ੍ਹ ਦੇ ਇਸ ਅਹਾਤੇ ਵਿੱਚ ਉਹ ਇਕੱਲਾ ਹੀ ਬੰਦ ਹੈ ਤੇ ਬਾਕੀ ਅਹਾਤਾ ਖਾਲੀ ਹੈ। ਇੱਥੇ ਹੀ ਅਫ਼ਜ਼ਲ ਗੁਰੂ ਤੇ ਮਕਬੂਲ ਬੱਟ ਦੀਆਂ ਕਬਰਾਂ ਵੀ ਹਨ। ਗੁਰੂ ਨੂੰ ਇਸ ਚੱਕੀ ਵਿਚੋਂ ਕੱਢ ਕੇ ਨੌਂ ਫਰਵਰੀ ਨੂੰ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਦੋ ਮਹੀਨੇ ਪਹਿਲਾਂ ਜਦੋਂ ਹਵਾਰਾ ਨੂੰ ਜੇਲ੍ਹ ਨੰਬਰ ਅੱਠ ਦੀ ਚੱਕੀ ਵਿਚ ਬੰਦ ਕੀਤਾ ਗਿਆ ਸੀ ਤਾਂ ਉਥੇ ਉਸ ਨੂੰ 24 ਘੰਟੇ ਬੰਦ ਰੱਖਿਆ ਜਾਂਦਾ ਸੀ ਜਦਕਿ ਉਸ ਜੇਲ੍ਹ ਵਿਚ ਕੈਦੀਆਂ ਲਈ ਦੋ ਵਾਰ ਬੰਦੀ ਖੁੱਲ੍ਹਦੀ ਹੈ। ਉਨ੍ਹਾਂ ਦੱਸਿਆ ਕਿ ਹਵਾਰਾ ਨੂੰ ਜਿਸ ਚੱਕੀ ਵਿਚ ਬੰਦ ਕੀਤਾ ਗਿਆ ਹੈ, ਉਥੇ ਹੁਣ ਜੇਲ੍ਹ ਕਰਮਚਾਰੀ ਵੀ ਜਾਣ ਤੋਂ ਡਰਦੇ ਹਨ। ਜੇਲ੍ਹ ਕਰਮੀਆਂ ਦਾ ਕਹਿਣਾ ਕਿ ਇਸ ਜੇਲ੍ਹ ਵਿਚ ਫਾਂਸੀ ਦਿੱਤੇ ਜਾਣ ਵਾਲੇ ਕੈਦੀਆਂ ਨੂੰ ਹੀ ਰੱਖਿਆ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਇਸ ਨੌਜਵਾਨ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਨੀਤੀ ਤਹਿਤ ਇੰਜ ਵੱਖ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਉਸਦਾ ਹੌਂਸਲਾ ਬੁਲੰਦ ਹੈ। ਉਸ ਨੇ ਆਖਿਆ ਕਿ ਅਫ਼ਜ਼ਲ ਗੁਰੂ ਵਾਲੀ ਚੱਕੀ ਨੂੰ ਉਹ ਇਤਿਹਾਸਕ ਚੱਕੀ ਮੰਨਦਾ ਹੈ। ਜ਼ਿਕਰਯੋਗ ਹੈ ਕਿ ਮਰਹੂਮ ਮੁੱਖ ਮੰਤਰੀ ਦੇ ਕਤਲ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਤੇ ਬਲਵੰਤ ਸਿੰਘ ਰਾਜੋਆਣਾ ਨੂੰ ਹੇਠਲੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਪਰ ਰਾਜੋਆਣਾ ਵੱਲੋਂ ਖ਼ੁਦ ਜੁਰਮ ਕਬੂਲ ਕੀਤੇ ਜਾਣ 'ਤੇ ਉਪਰਲੀ ਅਦਾਲਤ ਨੇ ਹਵਾਰਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਦੀ ਸਜ਼ਾ ਵਿਚ ਤਬਦੀਲ ਕਰ ਦਿੱਤਾ ਸੀ। ਉਸ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਮਿਲੀ ਹੈ। ਉਸ ਦੀ ਇਸ ਸਜ਼ਾ ਖ਼ਿਲਾਫ਼ ਸੀਬੀਆਈ ਵੱਲੋਂ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਹੋਈ ਹੈ ਕਿ ਉਸ ਨੂੰ ਵੀ ਫਾਂਸੀ ਦੀ ਸਜ਼ਾ ਦਿੱਤੀ ਜਾਵੇ।

# ਜਥੇਦਾਰ ਵੱਲੋਂ ਅਸ਼ਲੀਲ ਗਾਇਕੀ ਦੇ ਬਾਈਕਾਟ ਦਾ ਸੱਦਾ

ਜਲੰਧਰ: ਅਕਾਲ ਤਖ਼ਤ ਦੇ ਜਥੇਦਾਰ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਸ਼ਲੀਲ ਗੀਤ ਗਾਉਣ ਵਾਲੇ ਗਾਇਕਾਂ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅਸ਼ਲੀਲ ਗੀਤਾਂ ਵਿਚ ਔਰਤਾਂ ਬਾਰੇ ਭੱਦੀ ਸ਼ਬਦਾਵਲੀ ਵਰਤੀ ਜਾਂਦੀ ਹੈ ਜੋ ਬਹੁਤ ਮੰਦਭਾਗੀ ਗੱਲ ਹੈ। ਜ਼ਿਕਰਯੋਗ ਹੈ ਕਿ ਅਸ਼ਲੀਲ ਗਾਇਕੀ ਵਿਰੁੱਧ ਇਸਤਰੀ ਜਾਗ੍ਰਿਤੀ ਮੰਚ ਨੇ ਝੰਡਾ ਚੁੱਕਿਆ ਹੋਇਆ ਹੈ। ਇਹ ਮੰਚ ਅਜਿਹੇ ਗੀਤ ਗਾਉਣ ਵਾਲੇ ਗਾਇਕਾਂ ਦੇ ਘਰਾਂ ਅੱਗੇ ਧਰਨੇ ਵੀ ਲਾ ਚੁੱਕਾ ਹੈ।



ਇਸੇ ਦੌਰਾਨ ਪੰਜਾਬੀ ਗਾਇਕਾ ਮਿਸ ਪੂਜਾ ਵੀ ਜਲੰਧਰ ਵਿਚ ਆਪਣੀ ਫਿਲਮ 'ਪੂਜਾ ਕਿਵੇਂ ਆ' ਦੇ ਪ੍ਰਚਾਰ ਲਈ ਆਈ ਹੋਈ ਸੀ। ਜਦੋਂ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਅਸ਼ਲੀਲ ਗਾਇਕਾਂ ਦੇ ਬਾਈਕਾਟ ਕਰਨ ਦੇ ਦਿੱਤੇ ਸੱਦੇ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਆਪਣੀ ਗਾਇਕੀ ਦੌਰਾਨ ਤਿੰਨ ਹਜ਼ਾਰ ਤੋਂ ਵੱਧ ਗੀਤ ਗਾਏ ਹਨ ਜਿਨ੍ਹਾਂ ਵਿਚੋਂ ਇਕ ਵੀ ਅਸ਼ਲੀਲ ਨਹੀਂ ਗੀਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖ਼ੁਦ 6-7 ਧਾਰਮਿਕ ਕੈਸੇਟਾਂ ਦੇ ਨਾਲ ਨਸ਼ਿਆਂ ਤੇ ਭਰੂਣ ਹੱਤਿਆ ਵਿਰੁੱਧ ਗੀਤ ਗਾਏ ਹਨ। ਮਿਸ ਪੂਜਾ ਨੇ ਬਿਨਾਂ ਕਿਸੇ ਗਾਇਕ ਦਾ ਨਾਂ ਲਏ ਕਿਹਾ ਕਿ ਕੁਝ ਗਾਇਕ ਬਹੁਤ ਹੀ ਘਟੀਆ ਕਿਸਮ ਦੇ ਗੀਤ ਗਾਉਂਦੇ ਜਿਨ੍ਹਾਂ ਵਿਚ ਔਰਤ ਬਾਰੇ ਬਹੁਤ ਮਾੜਾ ਕਿਹਾ ਹੁੰਦਾ ਹੈ। ਉਨ੍ਹਾਂ ਜਿੱਥੇ ਜਥੇਦਾਰ ਅਕਾਲ ਤਖ਼ਤ ਵੱਲੋਂ ਕੀਤੀ ਅਪੀਲ ਦੀ ਸ਼ਲਾਘਾ ਕੀਤੀ, ਉੱਥੇ ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੀ ਗਾਇਕੀ ਨੂੰ ਸੁਣਨਾ ਬੰਦ ਕਰ ਦੇਣ ਤੇ ਇਹ ਗਾਇਕ ਆਪੇ ਹੀ ਚੁੱਪ ਹੋ ਜਾਣਗੇ।

# ਟੋਰਾਂਟੋ ਨੇ ਸ਼ਿਕਾਗੋ ਨੂੰ ਪਛਾੜਿਆ

**ਟੋਰਾਂਟੋ:** ਟੋਰਾਂਟੋ ਹੁਣ ਉੱਤਰੀ ਅਮਰੀਕਾ ਦਾ ਚੌਥਾ ਵੱਡਾ ਸ਼ਹਿਰ ਬਣ ਗਿਆ ਹੈ। ਆਬਾਦੀ ਦੇ ਲਿਹਾਜ਼ ਤੋਂ ਇਸ ਸ਼ਹਿਰ ਨੇ ਅਮਰੀਕੀ ਸ਼ਹਿਰ ਸ਼ਿਕਾਗੋ ਨੂੰ ਪਛਾੜ ਦਿੱਤਾ ਹੈ। 1998 ਵਿਚ ਜਦੋਂ ਦਾ ਟੋਰਾਂਟੋ ਦਾ ਆਸਪਾਸ ਦੇ ਸ਼ਹਿਰਾਂ ਨਾਲ ਰਲੇਵਾਂ ਹੋਇਆ, ਉਦੋਂ ਇਹ ਪੰਜਵੇਂ ਸਥਾਨ 'ਤੇ ਸੀ। ਇਸ ਦਾ ਇਤਿਹਾਸ 18ਵੀਂ ਸਦੀ ਤੋਂ ਤੁਰਦਾ ਹੈ ਜਦੋਂ ਬਰਤਾਨਵੀ ਰਜਵਾੜਿਆਂ ਨੇ ਇਥੇ ਕੁਝ ਥਾਂ ਖਰੀਦੀ। ਇਸ ਨੂੰ 'ਟਾਊਨ ਆਫ ਯਾਰਕ' ਕਿਹਾ ਜਾਂਦਾ ਸੀ।

ਟੋਰਾਂਟੋ ਸ਼ਹਿਰ 1812 ਦੀ ਸੰਸਾਰ ਜੰਗ ਦੌਰਾਨ ਉਜੜਿਆ ਤੇ 1849 ਤੇ 1904 ਵਿਚ ਭਿਆਨਕ ਅੱਗਾਂ ਵਿਚ ਤਬਾਹ ਹੋਇਆ। ਪਿਛਲੇ ਸਮੇਂ ਦੌਰਾਨ ਇਸ ਵਿਚ ਕਈ ਇਲਾਕੇ ਜੁੜੇ ਤੇ ਨਵੀਂ ਹੱਦਬੰਦੀ ਹੋਈ ਪਰ ਆਖਰੀ ਰਲੇਵਾਂ 1998 ਵਿਚ ਹੋਇਆ ਜਦ ਆਸਪਾਸ ਦੇ ਸ਼ਹਿਰ (ਪੂਰਬੀ ਯਾਰਕ, ਈਟੋਬੀਕੋ, ਉੱਤਰੀ ਯਾਰਕ, ਓਲਡ ਟੋਰਾਂਟੋ, ਸਕਾਰਬਰੋ ਤੇ ਯਾਰਕ) ਇਸ ਦੀ ਹੱਦ ਵਿਚ ਜੁੜ ਗਏ ਅਤੇ ਇਹ 'ਗਰੇਟਰ ਟੋਰਾਂਟੋ' ਬਣ ਗਿਆ। ਪਿਛਲੀ ਮਰਦਮਸ਼ੁਮਾਰੀ ਰਿਪੋਰਟ ਮੁਤਾਬਕ ਟੋਰਾਂਟੋ ਦੀ ਵਸੋਂ 2,791,140 ਸੀ ਜੋ ਸ਼ਿਕਾਗੋ ਤੋਂ 84 ਹਜ਼ਾਰ ਵੱਧ ਹੈ।

# ਸੁਖਬੀਰ ਬਾਦਲ ਵੱਲੋਂ ਬਾਬਾ ਹਰਨਾਮ ਸਿੰਘ ਨਾਲ ਬੰਦ ਕਮਰਾ ਮੀਟਿੰਗ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੰਘੇ ਦਿਨ ਚੌਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਵਿਖੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਮੱਥਾ ਟੇਕਿਆ ਤੇ ਤਕਰੀਬਨ ਪੌਣਾ ਘੰਟਾ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਬੰਦ ਕਮਰਾ ਮੀਟਿੰਗ ਕੀਤੀ। ਮੀਟਿੰਗ ਦੌਰਾਨ ਦੋਵਾਂ ਆਗੂਆਂ ਨੇ ਕੁਝ ਪੰਥਕ ਮਾਮਲਿਆਂ ਬਾਰੇ ਵਿਚਾਰ ਚਰਚਾ ਕੀਤੀ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਉਪ ਮੁੱਖ ਮੰਤਰੀ ਨੂੰ ਆਖਿਆ ਕਿ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਿੱਖ ਨੌਜਵਾਨ ਬਲਵੰਤ ਸਿੰਘ ਰਾਜੋਆਣਾ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਇਹ ਫਾਂਸੀ ਦੀ ਸਜ਼ਾ ਨੂੰ ਮੁਆਫ ਕਰਾਉਣ ਲਈ ਸਰਕਾਰ ਪੱਧਰ 'ਤੇ ਸੁਹਿਰਦ ਯਤਨ ਕੀਤੇ ਜਾਣ। ਇਸ ਮਾਮਲੇ ਵਿਚ ਉਪ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਨ੍ਹਾਂ ਦੋਵਾਂ ਸਿੱਖ ਨੌਜਵਾਨਾਂ ਦੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਲਈ ਹਰ ਸੰਭਵ ਯਤਨ ਕਰਨਗੇ। ਇਸ ਬਾਰੇ ਸਰਕਾਰ ਵੱਲੋਂ ਪਹਿਲਾਂ ਵੀ ਯਤਨ ਕੀਤੇ ਜਾ ਰਹੇ ਹਨ। ਇਸ ਦੌਰਾਨ ਉਪ ਮੁੱਖ ਮੰਤਰੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਦਮਦਮੀ ਟਕਸਾਲ ਅਤੇ ਸੰਤ ਸਮਾਜ ਵੱਲੋਂ ਦਿੱਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਵੀ ਸਨ। ਇਸ ਤੋਂ ਪਹਿਲਾਂ ਦੋਵਾਂ ਪਤੀ-ਪਤਨੀ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਮੱਥਾ ਟੇਕਿਆ ਤੇ ਕੀਰਤਨ ਸੁਣਿਆ।

# ਕਾਬੁਲੀ ਸਿੱਖ ਅੰਮ੍ਰਿਤਸਰ ਵਿਚ ਬਣਾਉਣਗੇ ਸਰਾਂ

**ਅੰਮ੍ਰਿਤਸਰ:** ਕਾਬਲ ਤੋਂ ਭਾਰਤ ਆ ਕੇ ਵਸੇ ਕਾਬਲੀ ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਚੌਕ ਲਛਮਣਸਰ ਵਿਖੇ ਬਾਬਾ ਗੁਰਦਿੱਤਾ ਜੀ ਨਿਵਾਸ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਦਾ ਲੰਘੇ ਦਿਨੀਂ ਨੀਂਹ ਪੱਥਰ ਰੱਖਿਆ ਗਿਆ। ਜ਼ਮੀਨਦੋਜ਼ ਹਿੱਸੇ ਤੋਂ ਇਲਾਵਾ ਪੰਜ ਮੰਜ਼ਲਾਂ ਇਮਾਰਤ ਵਿਚ 64 ਕਮਰੇ ਬਣਾਏ ਜਾਣਗੇ।

ਕਾਬੁਲੀ ਸਿੱਖਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਰੀਬ 20-22 ਸਾਲ ਪਹਿਲਾਂ ਅਫਗਾਨਿਸਤਾਨ ਦੇ ਸ਼ਹਿਰ ਕਾਬੁਲ ਤੋਂ ਭਾਰਤ ਆ ਕੇ ਵੱਸੇ ਇਨ੍ਹਾਂ ਸਿੱਦਕੀ ਸਿੱਖਾਂ ਨੇ ਮਿਹਨਤ ਕਰਕੇ ਆਪਣੇ ਪਰਿਵਾਰ ਪਾਲਣ ਦੇ ਨਾਲ-ਨਾਲ ਆਪਣੇ ਸਿੱਖ ਧਰਮ ਵਿਚ ਪ੍ਰਪੱਕ ਰਹਿਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਬੁਲੀ ਸਿੱਖ ਪਰਿਵਾਰਾਂ ਵੱਲੋਂ ਦਿੱਲੀ ਵਿਚ ਇੱਕ ਗੁਰਦੁਆਰੇ ਦੀ ਇਮਾਰਤ ਬਣਾਈ ਗਈ ਹੈ ਤੇ ਹੁਣ ਅੰਮ੍ਰਿਤਸਰ ਵਿਖੇ ਸੰਗਤ ਲਈ ਬਾਬਾ ਗੁਰਦਿੱਤਾ ਜੀ ਨਿਵਾਸ ਉਸਾਰਨ ਦਾ ਉਪਰਾਲਾ ਸ਼ਲਾਘਾਯੋਗ ਹੈ। ਇਸ ਕਾਰਜ ਲਈ ਉਨ੍ਹਾਂ ਕਾਬੁਲੀ ਸਿੱਖ ਹੀਰਾ ਸਿੰਘ, ਲਾਲ ਸਿੰਘ, ਗੁਲਸ਼ਨ ਸਿੰਘ ਤੇ ਭੁਪਿੰਦਰ ਸਿੰਘ ਦੀ ਸ਼ਲਾਘਾ ਕੀਤੀ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀ ਸੰਗਤ ਲਈ ਹੋਰ ਵਧੇਰੇ ਸਰਾਵਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। 10 ਮੰਜ਼ਲਾਂ ਸਾਰਾਗੜ੍ਹੀ ਨਿਵਾਸ ਦਾ ਅੰਦਰੂਨੀ ਕੰਮ ਚੱਲ ਰਿਹਾ ਹੈ ਤੇ ਛੇਤੀ ਹੀ ਇਹ ਮੁਕੰਮਲ ਹੋ ਜਾਵੇਗਾ। ਗੁਰੂ ਨਾਨਕ ਕੰਨਿਆ ਸਕੂਲ ਨੂੰ ਮਈ ਵਿਚ ਘਿਓ ਮੰਡੀ ਚੌਂਕ ਨੇੜੇ ਨਵੀਂ ਸਕੂਲੀ ਇਮਾਰਤ ਵਿਚ ਤਬਦੀਲ ਕਰਕੇ ਇਸ ਜਗ੍ਹਾ 'ਤੇ ਵੀ ਵੱਡੀ ਸਰਾਂ ਉਸਾਰੀ ਜਾਵੇਗੀ। ਉਨ੍ਹਾਂ ਕਾਬੁਲੀ ਸਿੱਖਾਂ ਵੱਲੋਂ ਕੀਤੀ ਬੇਨਤੀ 'ਤੇ ਬਾਬਾ ਗੁਰਦਿੱਤਾ ਜੀ ਨਿਵਾਸ ਲਈ ਦੋ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਵੀ ਐਲਾਨ ਕੀਤਾ।

# ਸ਼੍ਰੋਮਣੀ ਕਮੇਟੀ ਵੱਲੋਂ ਹਿਜਰਤ ਕਰਕੇ ਆਏ ਪਰਿਵਾਰਾਂ ਦੀ ਇਮਦਾਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕਾਬਲ ਤੋਂ ਹਿਜਰਤ ਕਰਕੇ ਆਏ 40 ਕਾਬਲੀ ਸਿੱਖ ਪਰਿਵਾਰਾਂ ਨੂੰ ਹਰ ਪੱਖੋਂ ਆਰਥਿਕ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ ਤੇ ਇਸ ਤਹਿਤ ਇਨ੍ਹਾਂ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮੁਹੱਈਆ ਕੀਤੀ ਗਈ ਹੈ। ਇਸ ਤੋਂ ਇਲਾਵਾ ਸਿਕਲੀਗਰ ਸਿੱਖ ਭਾਈਚਾਰੇ ਦੇ ਪਰਿਵਾਰਾਂ ਨੂੰ 10-10 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਦੇਣ ਦਾ ਫੈਸਲਾ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਕਾਬਲੀ ਸਿੱਖ ਪਰਿਵਾਰਾਂ ਨੂੰ ਉੱਥੇ ਸਥਿਤੀ ਠੀਕ ਨਾ ਹੋਣ ਕਾਰਨ ਹਿਜਰਤ ਕਰਕੇ ਪੰਜਾਬ ਆਉਣਾ ਪਿਆ ਹੈ। ਇਹ 40 ਪਰਿਵਾਰ ਇਸ ਵੇਲੇ ਪੰਜਾਬ ਵਿਚ ਰਹਿ ਰਹੇ ਹਨ ਤੇ ਉਨ੍ਹਾਂ ਨੂੰ ਮੁੜ-ਵਸੇਬੇ ਲਈ ਮਦਦ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਪਰਿਵਾਰਾਂ ਨੇ ਮਦਦ ਲਈ ਪਹੁੰਚ ਕੀਤੀ ਸੀ। ਇਸ ਸਬੰਧੀ ਫੈਸਲਾ ਕਰਨ ਮਗਰੋਂ ਇਨ੍ਹਾਂ ਪ੍ਰਭਾਵਿਤ ਸਿੱਖ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸਿਕਲੀਗਰ ਭਾਈਚਾਰੇ ਦੇ ਪਰਿਵਾਰਾਂ ਨੂੰ ਵੀ ਮਦਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਅਜਿਹੇ ਵਧੇਰੇ ਪਰਿਵਾਰ ਮਹਾਰਾਸ਼ਟਰ ਦੇ ਨਾਲ ਲਗਦੇ ਸਰਹੱਦੀ ਪਿੰਡਾਂ ਵਿਚ ਵਸੇ ਹੋਏ ਹਨ।

# ਪੰਜਾਬ ਦੇ ਵਿਧਾਇਕਾਂ ਨੂੰ ਟਿੱਚ ਜਾਣਦੇ ਨੇ ਬਹੁਤੇ ਅਫਸਰ

**ਬਠਿੰਡਾ:** ਪੰਜਾਬ ਵਿਚ ਬਹੁਤੇ ਅਫ਼ਸਰ ਵਿਧਾਇਕਾਂ ਨੂੰ ਟਿੱਚ ਜਾਣਦੇ ਹਨ। ਇਸੇ ਲਈ ਇਨ੍ਹਾਂ ਅਫਸਰਾਂ ਖ਼ਿਲਾਫ਼ ਵਿਧਾਇਕਾਂ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੋਲ ਲਿਖਤੀ ਪਹੁੰਚ ਕਰਨੀ ਪਈ ਹੈ। ਇਨ੍ਹਾਂ ਵਿਚੋਂ ਬਹੁਤੇ ਅਫਸਰ ਤਾਂ ਵਿਧਾਇਕਾਂ ਨੂੰ ਬਣਦਾ ਮਾਣ-ਇੱਜ਼ਤ ਦੇਣ ਤੋਂ ਹੀ ਬਾਗ਼ੀ ਸਨ ਜਦੋਂਕਿ ਕਈ ਅਧਿਕਾਰੀ ਤੇ ਮੁਲਾਜ਼ਮ ਵਿਧਾਇਕਾਂ ਦਾ ਫੋਨ ਸੁਣਨ ਨੂੰ ਵੀ ਤਿਆਰ ਨਹੀਂ ਸਨ। ਸਪੀਕਰ ਕੋਲ ਪਿਛਲੇ ਪੰਜ ਵਰ੍ਹਿਆਂ ਦੌਰਾਨ 33 ਅਫਸਰਾਂ ਤੇ ਮੁਲਾਜ਼ਮਾਂ ਦੀ ਇਹ ਸ਼ਿਕਾਇਤ ਹੋਈ ਕਿ ਉਨ੍ਹਾਂ ਨੇ ਵਿਧਾਇਕਾਂ ਦੀ ਗੱਲ ਅਣਸੁਣੀ ਕਰ ਦਿੱਤੀ ਸੀ। ਸ਼ਿਕਾਇਤ ਮਗਰੋਂ ਬਹੁਤੇ ਅਫਸਰ ਝੁਕ ਗਏ ਤੇ ਉਨ੍ਹਾਂ ਨੇ ਵਿਧਾਇਕਾਂ ਤੋਂ ਮੁਆਫ਼ੀ ਮੰਗ ਕੇ ਖਹਿੜਾ ਛਡਵਾ ਲਿਆ।

ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਅਨੁਸਾਰ ਪੰਜਾਬ ਦੇ ਵਜ਼ੀਰਾਂ ਤੇ ਵਿਧਾਇਕਾਂ ਨੇ 10 ਮਾਰਚ 2008 ਤੋਂ ਹੁਣ ਤੱਕ 28 ਸ਼ਿਕਾਇਤਾਂ ਵਿਧਾਨ ਸਭਾ ਦੇ ਸਪੀਕਰ ਕੋਲ ਲਿਖਤੀ ਕੀਤੀਆਂ ਜਿਨ੍ਹਾਂ ਵਿਚ ਇਕ ਦਰਜਨ ਸ਼ਿਕਾਇਤਾਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਨ। ਇਨ੍ਹਾਂ 'ਚੋਂ ਦੋ ਸ਼ਿਕਾਇਤਾਂ ਹਾਲੇ ਸਪੀਕਰ ਕੋਲ ਵਿਚਾਰ ਅਧੀਨ ਪਈਆਂ ਹਨ।

ਸਪੀਕਰ ਨੇ ਤਿੰਨ ਸ਼ਿਕਾਇਤਾਂ ਪਟੀਸ਼ਨ ਕਮੇਟੀ ਨੂੰ ਸੌਂਪ ਦਿੱਤੀਆਂ ਤੇ ਦੋ ਸ਼ਿਕਾਇਤਾਂ ਦਾ ਮਾਮਲਾ ਮਰਿਯਾਦਾ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ। ਸੱਤ ਸ਼ਿਕਾਇਤਾਂ ਉਹ ਹਨ ਜਿਨ੍ਹਾਂ ਵਿਚ ਅਫਸਰਾਂ ਨੇ ਵਿਧਾਇਕਾਂ ਦੇ ਟੈਲੀਫੋਨ ਨਹੀਂ ਸੁਣੇ ਜਾਂ ਟੈਲੀਫੋਨ 'ਤੇ ਦੁਰਵਿਹਾਰ ਕੀਤਾ। 18 ਸ਼ਿਕਾਇਤਾਂ ਦਾ ਨਿਬੇੜਾ ਆਪਸੀ ਰਾਜ਼ੀਨਾਮਾ ਹੋਣ ਮਗਰੋਂ ਹੋ ਗਿਆ। ਵਿਧਾਇਕਾਂ ਵੱਲੋਂ ਪੰਜ ਵਰ੍ਹਿਆਂ ਦੌਰਾਨ ਦੋ ਡਿਪਟੀ ਕਮਿਸ਼ਨਰਾਂ ਤੇ ਤਿੰਨ ਸੀਨੀਅਰ ਪੁਲਿਸ ਕਪਤਾਨਾਂ ਖ਼ਿਲਾਫ਼ ਸ਼ਿਕਾਇਤ ਸਪੀਕਰ ਕੋਲ ਕੀਤੀ ਗਈ।

ਪੰਜਾਬ ਵਿਧਾਨ ਸਭਾ ਦੇ ਤਤਕਾਲੀ ਡਿਪਟੀ ਸਪੀਕਰ ਸਤਪਾਲ ਗੋਸਾਈਂ ਨੇ 27 ਅਕਤੂਬਰ, 2008 ਨੂੰ ਤੇ ਵਿਧਾਇਕ ਸੋਹਣ ਸਿੰਘ ਠੰਡਲ ਨੇ 5 ਨਵੰਬਰ, 2008 ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸੁਮੇਰ ਸਿੰਘ ਗੁਰਜਰ ਦੀ ਸ਼ਿਕਾਇਤ ਕੀਤੀ ਸੀ ਕਿ ਇਤਲਾਹ ਹੋਣ ਦੇ ਬਾਵਜੂਦ ਡਿਪਟੀ ਕਮਿਸ਼ਨਰ ਮੀਟਿੰਗ ਵਿਚ ਹਾਜ਼ਰ ਨਹੀਂ ਹੋਇਆ ਸੀ। ਮਗਰੋਂ ਇਸ ਮਾਮਲੇ ਵਿਚ ਸਮਝੌਤਾ ਹੋ ਗਿਆ ਸੀ। ਤਤਕਾਲੀ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ 10 ਮਾਰਚ, 2008 ਨੂੰ ਪਠਾਨਕੋਟ ਦੇ ਕਾਰਜਸਾਧਕ ਅਫਸਰ ਜਤਿੰਦਰ ਸਿੰਘ ਦੀ ਸ਼ਿਕਾਇਤ ਕੀਤੀ ਸੀ ਕਿ ਉਹ ਉਸ ਦੇ ਫੋਨ ਹੀ ਅਟੈਂਡ ਨਹੀਂ ਕਰਦਾ।

ਸ੍ਰੀ ਹਰਗੋਬਿੰਦਪੁਰ ਤੋਂ ਤਿੰਨ ਵਾਰ ਵਿਧਾਇਕ ਰਹੇ ਕੈਪਟਨ ਬਲਬੀਰ ਸਿੰਘ ਬਾਠ ਨੇ ਤਾਂ ਸਪੀਕਰ ਕੋਲ ਕਾਫ਼ੀ ਅਫਸਰਾਂ ਨੂੰ ਤਲਬ ਕਰਾਇਆ। ਉਨ੍ਹਾਂ ਕੋਈ ਛੇ ਸ਼ਿਕਾਇਤਾਂ ਸਪੀਕਰ ਕੋਲ ਕੀਤੀਆਂ। ਉਨ੍ਹਾਂ 5 ਜੂਨ 2009 ਨੂੰ ਕਪੂਰਥਲਾ ਦੇ ਤਤਕਾਲੀ ਐਸਐਸਪੀ ਰਾਮ ਸਿੰਘ ਦੀ ਸ਼ਿਕਾਇਤ ਕੀਤੀ ਕਿ ਉਹ ਫੋਨ 'ਤੇ ਹੋਈ ਗੱਲਬਾਤ ਨੂੰ ਅਣਸੁਣਿਆ ਕਰ ਦਿੰਦਾ ਹੈ। ਪਿਛੋਂ ਇਸ ਮਾਮਲੇ 'ਚ ਰਾਜ਼ੀਨਾਮਾ ਹੋ ਗਿਆ। ਕੈਪਟਨ ਬਾਠ ਨੇ ਗੁਰਦਾਸਪੁਰ ਦੇ ਐਸਐਸਪੀ ਦੀ ਵੀ 24 ਅਗਸਤ 2009 ਨੂੰ ਸ਼ਿਕਾਇਤ ਕੀਤੀ। ਵਿਧਾਇਕ ਬਾਠ ਨੇ ਇਕ ਐਸਐਚਓ ਤੇ ਚੌਕੀ ਇੰਚਾਰਜ ਦੀ ਵੀ ਲਿਖਤੀ ਸ਼ਿਕਾਇਤ ਕੀਤੀ ਸੀ। ਇੰਜ ਹੀ ਮੁੱਖ ਸੰਸਦੀ ਸਕੱਤਰ ਮਹਿੰਦਰ ਕੌਰ ਜੋਸ਼ ਨੇ ਹੁਸ਼ਿਆਰਪੁਰ ਦੀ ਏਡੀਸੀ ਕਵਿਤਾ ਮੋਹਨ ਸਿੰਘ ਚੌਹਾਨ ਖ਼ਿਲਾਫ਼ 18 ਅਗਸਤ, 2009 ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਉਸ ਦਾ ਫੋਨ ਹੀ ਨਹੀਂ ਸੁਣਦੀ।

ਤਤਕਾਲੀ ਕਾਂਗਰਸੀ ਵਿਧਾਇਕ ਅਵਤਾਰ ਸਿੰਘ ਬਰਾੜ ਨੇ ਫਰੀਦਕੋਟ ਦੇ ਡੀਐਸਪੀ ਸੇਵਾ ਸਿੰਘ ਦੀ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਭੱਦੀ ਸ਼ਬਦਾਵਲੀ ਵਰਤੀ। ਮਗਰੋਂ ਦੋਵਾਂ ਵਿਚ ਸਮਝੌਤਾ ਹੋ ਗਿਆ ਸੀ। ਵਿਧਾਇਕ ਮਨਜੀਤ ਸਿੰਘ ਮੀਆਂਵਿੰਡ ਵੱਲੋਂ 10 ਜੂਨ, 2009 ਨੂੰ ਅੰਮ੍ਰਿਤਸਰ ਦੇ ਤਤਕਾਲੀ ਐਸਡੀਐਮ ਪਰਮਜੀਤ ਸਿੰਘ ਦੀ ਕੀਤੀ ਸ਼ਿਕਾਇਤ ਦਾ ਮਾਮਲਾ ਸਪੀਕਰ ਨੇ ਪਟੀਸ਼ਨ ਕਮੇਟੀ ਨੂੰ ਸੌਂਪ ਦਿੱਤਾ ਸੀ ਜਦੋਂਕਿ ਤਤਕਾਲੀ ਡਿਪਟੀ ਸਪੀਕਰ ਸਤਪਾਲ ਗੋਸਾਈਂ ਨੇ 22 ਨਵੰਬਰ 2010 ਨੂੰ ਸਿਵਲ ਹਸਪਤਾਲ ਲੁਧਿਆਣਾ ਦੇ ਡਾ. ਬਲਵਿੰਦਰ ਕੁਮਾਰ ਦੇ ਮਾਮਲੇ ਨੂੰ ਮਰਿਆਦਾ ਕਮੇਟੀ ਕੋਲ ਭੇਜ ਦਿੱਤਾ ਸੀ।

ਤਤਕਾਲੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਪੂਰਥਲਾ ਦੇ ਡੀਸੀ ਰਾਜ ਕਮਲ ਚੌਧਰੀ ਤੇ ਐਸ.ਐਸ.ਪੀ ਰਾਮ ਸਿੰਘ ਦੀ ਗਲਤ ਨੀਂਹ ਪੱਥਰ ਰੱਖਣ ਦੇ ਸਬੰਧ ਵਿਚ ਸ਼ਿਕਾਇਤ ਕੀਤੀ ਸੀ ਜਿਸ ਬਾਰੇ ਮਗਰੋਂ ਰਾਜ਼ੀਨਾਮਾ ਹੋ ਗਿਆ ਸੀ। ਮੌਜੂਦਾ ਵਿਧਾਨ ਸਭਾ ਦੇ ਕਾਰਜਕਾਲ ਦੇ ਪਹਿਲੇ ਸਾਲ ਗਿੱਦੜਬਾਹਾ ਤੋਂ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਉਰਫ ਰਾਜਾ ਵੜਿੰਗ ਨੇ ਗਿੱਦੜਬਾਹਾ ਦੇ ਹੌਲਦਾਰ ਹਰਭਗਵਾਨ ਸਿੰਘ ਦੀ 3 ਜੁਲਾਈ, 2012 ਨੂੰ ਸ਼ਿਕਾਇਤ ਕੀਤੀ ਕਿ ਹੌਲਦਾਰ ਨੇ ਉਸ ਨਾਲ ਦੁਰਵਿਹਾਰ ਕੀਤਾ ਹੈ। ਇਹ ਮਾਮਲਾ ਸਪੀਕਰ ਕੋਲ ਵਿਚਾਰ ਅਧੀਨ ਪਿਆ ਹੈ। ਇੰਜ ਹੀ ਵਿਧਾਇਕ ਮਨਜੀਤ ਸਿੰਘ ਨੇ ਸਕੂਲ ਸਿੱਖਿਆ ਵਿਭਾਗ ਦੇ ਵਧੀਕ ਸਕੱਤਰ ਨਰਿੰਦਰ ਸਿੰਘ ਬਾਠ ਦੀ 18 ਮਈ, 2012 ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੂੰ ਇਸ ਅਧਿਕਾਰੀ ਨੇ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ।

## ਪਲਾਂ 'ਚ ਉਜੜ ਗਿਆ ਹਸਦਾ ਵਸਦਾ ਘਰ

**ਸਰਦੂਲਗੜ੍ਹ:** ਹਰਿਆਣਾ ਦੀ ਹੱਦ ਨਾਲ ਲੱਗਦੇ ਪਿੰਡ ਸੰਘਾ ਵਿਚ ਉਸ ਵੇਲੇ ਮਾਤਮ ਛਾ ਗਿਆ ਜਦੋਂ ਪਿੰਡ ਵਾਸੀ ਵਿਜੈ ਕੁਮਾਰ ਦਾ ਵਸਦਾ ਰਸਦਾ ਘਰ ਪਲਾਂ ਵਿਚ ਹੀ ਉਜੜ ਗਿਆ। ਉਸ ਦੀਆਂ 3 ਮਾਸੂਮ ਧੀਆਂ ਤੇ ਖੁਦ ਵਿਜੈ ਕੁਮਾਰ ਦੀ ਮੌਤ ਹੋ ਗਈ। ਵਿਜੈ ਦੀ ਪਤਨੀ ਪੂਜਾ ਰਾਣੀ ਕਿਸੇ ਘਰੇਲੂ ਕਲੇਸ਼ ਕਾਰਨ ਆਪਣੀਆਂ ਤਿੰਨਾਂ ਧੀਆਂ ਨੂੰ ਨਾਲ ਲੈ ਕੇ ਘਰ ਛੱਡ ਕੇ ਚਲੀ ਗਈ। ਹਰਿਆਣਾ ਦੇ ਫਤਿਹਬਾਦ ਨੇੜੇ ਆਪਣੇ ਪੇਕੇ ਘਰ ਢਾਕਾ ਢਾਣੀ ਕੋਲ ਨਹਿਰ ਵਿਚ ਆਪਣੀਆਂ ਛੇ, ਨੌਂ ਤੇ ਬਾਰਾਂ ਸਾਲਾਂ ਦੀਆਂ ਧੀਆਂ ਨੂੰ ਸੁੱਟ ਦਿੱਤਾ ਤੇ ਫਿਰ ਖੁਦ ਵੀ ਨਹਿਰ ਵਿਚ ਛਾਲ ਮਾਰ ਦਿੱਤੀ। ਕੋਲੋਂ ਲੰਘ ਰਹੇ ਰਾਹਗੀਰਾਂ ਨੇ ਪੂਜਾ ਨੂੰ ਬਚਾ ਲਿਆ ਪਰ ਤਿੰਨੇ ਬੱਚੀਆਂ ਨਹਿਰ ਦੇ ਤੇਜ਼ ਵਹਾ ਵਿਚ ਰੁੜ੍ਹ ਗਈਆਂ।

ਹਰਿਆਣਾ ਪੁਲਿਸ ਨੇ ਪੂਜਾ ਰਾਣੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜਦੋਂ ਇਸ ਘਟਨਾ ਦਾ ਪਤਾ ਵਿਜੈ ਨੂੰ ਲੱਗਾ ਤਾਂ ਉਸ ਨੇ ਆਪਣੇ ਪਿੰਡ ਸੰਘਾ ਦੇ ਜਲਘਰ ਵਿਚ ਬਣੇ ਪਾਣੀ ਵਾਲੇ ਟੈਂਕ ਵਿਚ ਡੁੱਬ ਕੇ ਖੁਦਕੁਸ਼ੀ ਕਰ ਲਈ। ਵਿਜੈ ਦੇ ਤਿੰਨ ਧੀਆਂ ਹੀ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਹ ਬੜਾ ਸਾਊ ਬੰਦਾ ਸੀ, ਕਦੇ ਕਿਸੇ ਨਾਲ ਕੋਈ ਝਗੜਾ ਨਹੀਂ ਕੀਤਾ ਪਰ ਪਤਾ ਹੀ ਨਹੀਂ ਕੀ ਭਾਣਾ ਵਰਤਿਆ ਕਿ ਇਹ ਅਣਹੋਣੀ ਵਾਪਰ ਗਈ।

ਪਤਾ ਲੱਗਾ ਹੈ ਕਿ ਇਸ ਘਟਨਾ ਦਾ ਵੱਡਾ ਕਾਰਨ ਮਾਮੂਲੀ ਪਰਿਵਾਰਕ ਝਗੜਾ ਹੀ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਪਿੰਡ ਵਿਚ ਕਰਿਆਨੇ ਦੀ ਦੁਕਾਨ ਕਰਦੇ ਵਿਜੈ ਕੁਮਾਰ ਦੀਆਂ ਤਿੰਨੇ ਧੀਆਂ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹ ਰਹੀਆਂ ਸਨ। ਘਰ ਦੀ ਕਮਜ਼ੋਰ ਹਾਲਤ ਕਾਰਨ ਪੂਜਾ ਰਾਣੀ ਨੇ ਪਿਛਲੇ ਦਿਨੀਂ ਆਪਣੀਆਂ ਤਿੰਨੇ ਕੁੜੀਆਂ ਨੂੰ ਪ੍ਰਾਈਵੇਟ ਸਕੂਲ ਤੋਂ ਹਟਾ ਕੇ ਪਿੰਡ ਦੇ ਸਰਕਾਰੀ ਸਕੂਲ ਵਿਚ ਦਾਖਲ ਕਰਵਾ ਦਿੱਤਾ ਸੀ ਪਰ ਵਿਜੈ ਕੁਮਾਰ ਧੀਆਂ ਨੂੰ ਪ੍ਰਾਈਵੇਟ ਸਕੂਲ ਵਿਚ ਹੀ ਚੰਗੀ ਸਿੱਖਿਆ ਦਿਵਾਉਣ ਦੇ ਪੱਖ ਵਿਚ ਸੀ। ਇਹੀ ਗੱਲ ਪਤੀ-ਪਤਨੀ ਵਿਚਕਾਰ ਘਰੇਲੂ ਝਗੜੇ ਦਾ ਕਾਰਨ ਬਣ ਗਈ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography (with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

Call:734-261-0936 or 734-890-1767
e-mail: raj@syanvideo.com or visit at: www.syanvideo.com

# ਇਸ ਏ.ਕੇ. 47 ਵਿਚੋਂ ਹੁੰਦੀ ਹੈ ਸੁਰਾਂ ਦੀ ਵਾਛੜ

ਕਲਾ ਪਰਿਕਰਮਾ

***ਕੋਲੰਬੀਆ ਦਾ ਨੌਜਵਾਨ ਰੌਕ ਸਟਾਰ ਸੀਜ਼ਰ ਲੋਪੇਜ਼ ਸਾਲ 2003 ਤੋਂ ਮਿਸ਼ਨ ਉਤੇ ਹੈ। ਉਸ ਸਾਲ ਉਸ ਨੇ ਏ.ਕੇ. 47 ਨੂੰ ਬਦਲ ਕੇ ਗੰਨ-ਗਿਟਾਰ ਬਣਾਈ ਸੀ। ਇਸ ਦਾ ਨਾਂ ਉਸ ਨੇ ਐਸਕੋਪੇਤਰਾ ਰੱਖਿਆ। ਆਪਣੀ ਇਸ ਐਸਕੋਪੇਤਰਾ ਰਾਹੀਂ ਉਹ ਸੰਸਾਰ ਭਰ ਵਿਚ ਅਮਨ ਦਾ ਸੁਨਹਾ ਦੇ ਰਿਹਾ ਹੈ। ਉਸ ਦਾ ਮੰਨਣਾ ਹੈ ਕਿ ਸੰਗੀਤ ਵਿਚ ਲੋਕਾਂ ਦੇ ਦਿਲਾਂ ਨੂੰ ਬੰਨ੍ਹਣ ਅਤੇ ਮੱਲ੍ਹਮ ਬਣ ਜਾਣ ਦੀ ਤਾਕਤ ਹੁੰਦੀ ਹੈ। ਉਹ ਹਿੰਸਾ ਦੀ ਮਾਰ ਹੇਠ ਆਏ ਲੋਕਾਂ ਦੇ ਜ਼ਖਮਾਂ ਉਤੇ ਆਪਣੀ 'ਅਸਾਲਟ' ਰਾਹੀਂ ਪਿਛਲੇ ਇਕ ਦਹਾਕੇ ਤੋਂ ਸੁਰਾਂ ਦੀ ਮੱਲ੍ਹਮ ਲਾ ਰਿਹਾ ਹੈ।***



ਐਸਕੋਪੇਤਰਾ ਸੰਸਾਰ ਭਰ ਵਿਚ ਹੁਣ ਅਮਨ ਦਾ ਚਿੰਨ੍ਹ ਬਣ ਚੁੱਕੀ ਹੈ ਜੋ ਅਸਾਲਟ ਨੂੰ ਬਦਲ ਕੇ ਬਣਾਈ ਗਿਟਾਰ ਹੈ। ਇਹ ਹੁਣ ਛੱਰਿਆਂ ਦੀ ਵਾਛੜ ਦੀ ਥਾਂ ਸੁਰਾਂ ਦੀ ਛਹਿਬਰ ਲਾਉਂਦੀ ਹੈ। ਇਹ ਕੋਲੰਬੀਆ ਦੇ ਨੌਜਵਾਨ ਸੀਜ਼ਰ ਲੋਪੇਜ਼ ਦੇ ਦਿਲੋ-ਦਿਮਾਗ ਦੀ ਕਾਢ ਹੈ। ਕੋਲੰਬੀਆ ਕਈ ਦਹਾਕਿਆਂ ਤੋਂ ਹਿੰਸਾ ਦੀ ਮਾਰ ਹੇਠ ਹੈ। ਮਾਓਵਾਦੀ ਗੁਰੀਲੇ ਉਥੇ ਤਖਤ ਪਲਟਾਉਣ ਲਈ 1964 ਤੋਂ ਘੋਲ ਕਰ ਰਹੇ ਹਨ ਅਤੇ ਸਰਕਾਰ ਇਨ੍ਹਾਂ ਦੇ ਵਧਦੇ ਕਦਮ ਰੋਕਣ ਲਈ ਹਰ ਹੀਲਾ ਵਰਤਦੀ ਰਹੀ ਹੈ। ਇਸ ਤੋਂ ਇਲਾਵਾ ਲੋਕਾਂ ਉਤੇ ਤੀਜੀ ਮਾਰ ਨਸ਼ਿਆਂ ਦੀ ਸਮਗਲਿੰਗ ਦੀ ਪੈ ਰਹੀ ਹੈ। ਹਥਿਆਰਾਂ ਦੇ ਇਸ ਘੜਮੱਸ ਵਿਚ ਸੀਜ਼ਰ ਲੋਪੇਜ਼ 2003 ਵਿਚ ਆਪਣਾ ਇਹ ਨਵਾਂ ਸੰਗੀਤ ਹਥਿਆਰ ਲੈ ਕੇ ਆਇਆ ਅਤੇ ਅੱਜ ਤੱਕ ਅਮਨ ਦਾ ਸੁਨੇਹਾ ਵੰਡ ਰਿਹਾ ਹੈ। ਐਸਕੋਪੇਤਰਾ ਸ਼ਬਦ ਦੋ ਸਪੇਨੀ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ-ਐਸਕੋਪੇਤਾ (escopeta) ਅਤੇ ਗਿਟਾਰਾ (guitarra)। ਸੀਜ਼ਰ ਲੋਪੇਜ਼ ਨੇ ਇਹ ਐਸਕੋਪੇਤਰਾ 2003 ਵਿਚ ਬਣਵਾਈ ਸੀ। ਅਸਲ ਵਿਚ ਕੋਲੰਬੀਆ ਦੇ ਇਕ ਸ਼ਹਿਰ ਬਗੋਤਾ ਵਿਚ ਅਲ-ਨੋਗਲ ਕਲੱਬ ਵਿਚੋਂ ਹੋਏ ਧਮਾਕੇ ਤੋਂ ਬਾਅਦ ਉਥੇ ਖੜ੍ਹੇ ਇਕ ਫੌਜੀ ਦਾ ਅਕਸ ਸੀਜ਼ਰ ਲੋਪੇਜ਼ ਦੇ ਜ਼ਿਹਨ ਵਿਚ ਕਿਤੇ ਡੂੰਘਾ ਬੈਠ ਗਿਆ। ਇਸ ਫੌਜੀ ਨੇ ਆਪਣੀ ਏ.ਕੇ. 47 ਅਸਾਲਟ, ਗਿਟਾਰ ਵਾਂਗ ਫੜੀ ਹੋਈ ਸੀ। ਸੀਜ਼ਰ ਨੇ ਸੋਚ ਲਿਆ ਕਿ ਉਹ ਅਸਾਲਟ ਨੂੰ ਅਮਨ ਦਾ ਹਥਿਆਰ ਬਣਾਏਗਾ। ਆਪਣੀ ਪਹਿਲੀ ਐਸਕੋਪੇਤਰਾ ਉਸ ਨੇ ਵਿਨਚੈੱਸਟਰ ਰਾਈਫਲ ਅਤੇ ਸਟਰੈਟਰੋਕਾਸਟਰ ਇਲੈਕਟ੍ਰਿਕ ਗਿਟਾਰ ਨੂੰ ਰਲਾ ਕੇ ਬਣਵਾਈ। ਇਸ ਤੋਂ ਬਾਅਦ ਲੋਪੇਜ਼ ਨੇ 5 ਐਸਕੋਪੇਤਰਾ ਬਣਵਾਈਆਂ। ਇਹ ਸਾਰੀਆਂ ਕੋਲੰਬੀਆ ਦੇ 'ਮਾਰਟਿਨ ਲੂਥਰ ਪੰਥੀ' ਅਲਬਰਟੋ ਪੇਰੇਜ਼ ਨੇ ਬਣਾਈਆਂ ਸਨ। ਇਨ੍ਹਾਂ ਵਿਚੋਂ ਇਕ ਸੀਜ਼ਰ ਨੇ ਆਪਣੇ ਕੋਲ ਰੱਖ ਲਈ ਅਤੇ ਬਾਕੀ ਕੋਲੰਬੀਆ ਦੇ ਸੰਗੀਤਕਾਰ ਜੁਆਨਸ, ਅਰਜਨਟੀਨਾ ਦੇ ਸੰਗੀਤਕਾਰ ਫੀਤੋ ਪੇਇਜ਼, ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਤੇ ਬਗੋਤਾ ਦੀ ਨਗਰ ਕੌਂਸਲ ਨੂੰ ਦੇ ਦਿੱਤੀਆਂ। ਜੁਆਨਸ ਨੇ ਆਪਣੀ ਐਸਕੋਪੇਤਰਾ 17 ਹਜ਼ਾਰ ਡਾਲਰ ਨੂੰ ਅਗਾਂਹ ਵੇਚ ਦਿੱਤੀ। ਇਸ ਐਸਕੋਪੇਤਰਾ ਤੋਂ ਹਾਸਲ ਹੋਈ ਰਕਮ ਬਾਰੂਦੀ ਸੁਰੰਗਾਂ ਵਿਚ ਮਾਰੇ ਗਏ ਸੁਰੱਖਿਆ ਬਲਾਂ ਦੇ ਪਰਿਵਾਰਾਂ ਨੂੰ ਇਮਦਾਦ ਵਜੋਂ ਦਿੱਤੀ ਗਈ। ਸੰਯੁਕਤ ਰਾਸ਼ਟਰ ਨੂੰ ਜਿਹੜੀ ਐਸਕੋਪੇਤਰਾ ਦਿੱਤੀ ਗਈ, ਉਸ ਦੀ ਨੁਮਾਇਸ਼ ਸੰਯੁਕਤ ਰਾਸ਼ਟਰ ਨਿਸ਼ਸਤਰੀਕਰਨ ਕਾਨਫਰੰਸ ਦੌਰਾਨ ਜੂਨ 2006 ਨੂੰ ਲਾਈ ਗਈ। ਵੱਖ-ਵੱਖ ਲੋਕਾਂ ਦੇ ਮੁਲਕਾਂ ਨੇ ਅਮਨ ਦੀ ਇਸ ਨਵੀਂ ਕਾਢ ਵਿਚ ਬਹੁਤ ਉਤਸੁਕਤਾ ਦਿਖਾਈ। 2006 ਵਿਚ ਸੀਜ਼ਰ ਨੇ 12 ਹੋਰ ਐਸਕੋਪੇਤਰਾ ਬਣਵਾਈਆਂ। ਇਨ੍ਹਾਂ ਵਿਚੋਂ ਇਕ ਉਸ ਨੇ ਕੋਲੰਬੀਆ ਦੀ ਮਸ਼ਹੂਰ ਪੌਪ ਗਾਇਕਾ ਸ਼ਕੀਰਾ, ਕਾਰਲੋਸ ਸਾਨਤਾਨਾ, ਮਾਨੂ ਚਾਉ, ਬੌਬ ਗੈਲਡਫ, ਅਤੇ ਪਾਲ ਮੈਕ-ਕਰਟਨੀ ਵਰਗੇ ਗਾਇਕਾਂ-ਸੰਗੀਤਕਾਰਾਂ ਤੋਂ ਇਲਾਵਾ ਦਲਾਈਲਾਮਾ ਜਿਹੀਆਂ ਸਿਆਸੀ ਸ਼ਖ਼ਸੀਅਤਾਂ ਨੂੰ ਵੀ ਦਿੱਤੀਆਂ। ਉਂਜ ਦਲਾਈਲਾਮਾ ਦੇ ਇਕ ਸਾਥੀ ਨੇ ਇਹ ਤੋਹਫਾ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਬੰਦੂਕ ਤੋਂ ਬਣਾਈ ਗਈ ਹੈ। ਲੋਪੇਜ਼ ਨੇ ਇਸ ਬਾਰੇ ਆਪਣਾ ਪੱਖ ਰੱਖਣ ਦਾ ਯਤਨ ਕੀਤਾ ਪਰ ਦਲਾਈਲਾਮਾ ਦੇ ਸਾਥੀ ਟੱਸ ਤੋਂ ਮੱਸ ਨਾ ਹੋਏ ਅਤੇ ਤੋਹਫਾ ਸਵੀਕਾਰ ਨਾ ਕੀਤਾ। ਲੋਪੇਜ਼ ਦਾ ਕਹਿਣਾ ਸੀ ਉਹ ਤਾਂ ਖੁਦ ਹਰ ਹਥਿਆਰ ਨੂੰ ਸੁਰਾਂ ਦੀ ਸਰਗਮ ਵਿਚ ਬੰਨ੍ਹਣਾ ਚਾਹੁੰਦਾ ਹੈ, ਹਰ ਹਥਿਆਰ ਨੂੰ ਬਦਲ ਕੇ ਅਮਨ ਦਾ ਹੱਥ ਬਣਾਉਣਾ ਚਾਹੁੰਦਾ ਹੈ। ਉਸ ਨੂੰ ਦੁੱਖ ਹੈ ਕਿ ਦਲਾਈਲਾਮਾ ਦੇ ਸਾਥੀਆਂ ਨੇ ਉਸ ਦੀ ਗੱਲ ਸੁਣੀ ਵੀ ਨਹੀਂ। ਹੁਣ ਉਹ ਤਿੱਬਤੀਆਂ ਵੱਲੋਂ ਆਤਮਦਾਹ ਦੀਆਂ ਕੀਤੀਆਂ ਜਾ ਰਹੀਆਂ ਵਾਰਦਾਤਾਂ ਦਾ ਹਵਾਲਾ ਦਿੰਦਿਆਂ ਆਖਦਾ ਹੈ ਕਿ ਕੀ ਇਹ ਹਿੰਸਾ ਨਹੀਂ ਹੈ? ਕੀ ਦਲਾਈਲਾਮਾ ਦੇ ਸਾਥੀ ਇਸ ਪਾਸੇ ਧਿਆਨ ਦੇ ਰਹੇ ਹਨ, ਜਦਕਿ ਉਸ ਵੱਲੋਂ ਅਸਾਲਟ ਤੋਂ ਤਿਆਰ ਕੀਤੀ ਗਿਟਾਰ ਤਾਂ ਅਮਨ ਦਾ ਹੀ ਸੁਨੇਹਾ ਦੇ ਰਹੀ ਸੀ! ਉਸ ਦਾ ਮੁੱਖ ਖਿਆਲ, ਮਨੁੱਖਤਾ ਨੂੰ ਹਥਿਆਰਾਂ ਦੀ ਮਾਰ ਤੋਂ ਬਚਾਉਣਾ ਹੈ। ਉਧਰ, ਸੰਯੁਕਤ ਰਾਸ਼ਟਰ ਨੇ ਉਸ ਕੋਲੋਂ ਉਚੇਚੇ ਤੌਰ 'ਤੇ ਐਸਕੋਪੇਤਰਾ ਲਈਆਂ। ਇਨ੍ਹਾਂ ਵਿਚੋਂ ਇਕ ਬਰਲਿਨ (ਜਰਮਨੀ), ਇਕ ਹੋਰ ਨਿਊਯਾਰਕ (ਅਮਰੀਕਾ) ਵਿਚ ਯੂਨੈਸਕੋ ਦੇ ਦਫਤਰ ਅਤੇ ਇਕ-ਇਕ ਬ੍ਰਾਜ਼ੀਲ, ਅਰਜਨਟੀਨਾ ਤੇ ਵਿਆਨਾ ਵਿਖੇ ਪਈਆਂ ਹਨ।

ਸੀਜ਼ਰ ਲੋਪੇਜ਼ ਦਾ ਕਹਿਣਾ ਹੈ ਕਿ ਉਹ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੈ ਅਤੇ ਉਹ ਏ.ਕੇ. 47 ਤੋਂ ਬਣਾਈ ਆਪਣੀ ਗੰਨ-ਗਿਟਾਰ ਨਾਲ ਅਹਿੰਸਾ ਦਾ ਹੀ ਪ੍ਰਚਾਰ ਕਰ ਰਿਹਾ ਹੈ। ਲੋਪੇਜ਼ 2011 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਵੀ ਗਿਆ ਸੀ ਅਤੇ ਉਥੇ ਨਵੰਬਰ ਵਿਚ ਲੱਗੇ ਕੌਮਾਂਤਰੀ ਕਲਾ ਮੇਲੇ 'ਚ ਆਪਣੀ ਐਸਕੋਪੇਤਰਾ ਦੀ ਨੁਮਾਇਸ਼ ਵੀ ਲਾਈ ਸੀ। ਉਸ ਦੀ ਐਸਕੋਪੇਤਰਾ ਦੇਖਣ ਬਹੁਤ ਲੋਕ ਆਏ ਅਤੇ ਉਸ ਦਾ ਪ੍ਰੋਗਰਾਮ ਵੀ ਸਣਿਆ। ਲੋਪੇਜ਼ ਦਾ ਕਹਿਣਾ ਹੈ ਕਿ ਸੰਗੀਤ ਵਿਚ ਸੰਸਾਰ ਨੂੰ ਬੰਨ੍ਹ ਸਕਣ ਦੀ ਸ਼ਕਤੀ ਹੁੰਦੀ ਹੈ। ਉਸ ਮੁਤਾਬਕ ਕਲਾ ਅਤੇ ਸੰਗੀਤ ਰਾਹੀਂ ਦਹਿਸ਼ਤਪਸੰਦੀ ਦਾ ਖਾਤਮਾ ਕਰਨਾ ਉਸ ਦਾ ਮੁੱਖ ਉਦੇਸ਼ ਹੈ। ਗਾਂਧੀ ਦਾ ਜਨਮ ਦਿਨ ਉਹ ਹਰ ਸਾਲ ਆਪਣੇ ਢੰਗ ਨਾਲ ਮਨਾਉਂਦਾ ਹੈ। ਬਚਪਨ ਤੋਂ ਹੀ ਮਹਾਤਮਾ ਗਾਂਧੀ ਅਤੇ ਅਹਿੰਸਾ ਦਾ ਪੁਜਾਰੀ ਰਿਹਾ ਹੈ। ਆਪਣੇ ਦਿੱਲੀ ਦੌਰੇ ਦੌਰਾਨ ਸੀਜ਼ਰ ਲੋਪੇਜ਼ ਮਹਾਤਮਾ ਗਾਂਧੀ ਮਿਊਜ਼ੀਅਮ ਵੀ ਗਿਆ ਅਤੇ ਉਥੇ ਉਸ ਨੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਵਜੋਂ ਆਪਣੀ ਗੰਨ-ਗਿਟਾਰ ਐਸਕੋਪੇਤਰਾ ਭੇਟ ਕੀਤੀ। ਸੀਜ਼ਰ ਲੋਪੇਜ਼ ਕਹਿੰਦਾ ਹੈ ਕਿ ਕੋਈ ਏ.ਕੇ. 47 ਇਕੋ ਵੇਲੇ 300 ਲੋਕਾਂ ਨੂੰ ਮਾਰ ਸਕਦੀ ਹੈ, ਪਰ ਉਹ ਇਸ ਹਥਿਆਰ ਤੋਂ ਤਿਆਰ ਕੀਤੀ ਐਸਕੋਪੇਤਰਾ ਨਾਲ ਅਜਿਹਾ ਸੰਗੀਤ ਤਿਆਰ ਕਰਦਾ ਹੈ ਜੋ ਹਜ਼ਾਰਾਂ ਲੋਕਾਂ ਦਾ ਦਰਦ ਦੂਰ ਕਰਦਾ ਹੈ। ਉਹ ਹੁਣ ਤੱਕ ਉਹ 17 ਦੇਸ਼ਾਂ ਵਿਚ ਆਪਣੀ ਗੰਨ-ਗਿਟਾਰ ਦੀ ਪੇਸ਼ਕਾਰੀ ਕਰ ਚੁੱਕਾ ਹੈ। ਸੀਜ਼ਰ ਪਿਛਲੇ ਇਕ ਦਹਾਕੇ ਤੋਂ 'ਬਟਾਲੀਅਨ ਆਫ਼ ਇਮੀਡੀਏਟ ਆਰਟਿਸਟਿਕ ਰੀਐਕਸ਼ਨ' ਗਰੁੱਪ ਦਾ ਮੈਂਬਰ ਹੈ ਜੋ ਕੋਲੰਬੀਆ ਵਿਚ ਫੈਲੀ ਹਿੰਸਾ ਨੂੰ ਖਤਮ ਕਰਨਾ ਚਾਹੁੰਦਾ ਹੈ। ਇਸ ਗਰੁੱਪ ਨਾਲ ਬਹੁਤ ਸਾਰੇ ਗਾਇਕ ਸੰਗੀਤਕਾਰ ਜੁੜੇ ਹੋਏ ਹਨ। ਇਹ ਗਰੁੱਪ ਜਿਥੇ ਕਿਤੇ ਵੀ ਹਿੰਸਕ ਹਮਲਿਆਂ ਦੀ ਖ਼ਬਰ ਸੁਣਦਾ ਹੈ, ਉਥੇ ਪਹੁੰਚ ਕੇ ਪੀੜਤਾਂ ਲਈ ਸੰਗੀਤ ਪੇਸ਼ ਕਰਦਾ ਹੈ।



# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 23 ਮਾਰਚ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-56



*ਜੇ 'ਡੀ.ਐਮ.ਵੀ' ਦੇ ਅਫ਼ਸਰਾਂ ਲਿਆ 'ਸੀਨ' ਇਹ ਦੇਖ*
*ਅੱਖਾਂ ਅੱਡ ਅੱਡ ਕਹਿਣਗੇ, ਕਿਹੜਾ ਹੈ ਇਹ ਦੇਸ਼?*
*ਕਿਹੜਾ ਹੈ ਇਹ ਦੇਸ਼, ਜਿਥੇ ਵਾਹਨ ਇਹ ਚੱਲੇ*
*ਲੋਕੀਂ ਤੇ ਸਰਕਾਰ ਦੋਵੇਂ ਹੀ ਹੋਣੇ ਪੂਰੇ ਝੱਲੇ!*

## ਕੈਪਸ਼ਨ ਮੁਕਾਬਲਾ-54



ਤੱਕੀ ਜਦ ਅਖਬਾਰ 'ਚ ਫੋਟੋ,
ਮੈਨੂੰ ਚੇਤੇ ਪੰਜਾਬ ਆਇਆ।
ਮੱਕੀ ਦੀਆਂ ਰੋਟੀਆਂ ਤੇ ਘਿਓ,
ਚੇਤੇ ਗੰਦਲਾਂ ਦਾ ਸਾਗ ਆਇਆ।
ਇਥੇ ਪਰਦੇਸਾਂ 'ਚ ਖਾਧਾ ਸਾਗ,
ਪਰ ਨਾ ਮੈਨੂੰ ਉਹ ਸਵਾਦ ਆਇਆ।
ਚੁੱਲ੍ਹੇ 'ਤੇ ਰੱਖਦੀ ਸੀ ਸਾਗ ਬੇਬੇ,
ਅੱਜ ਉਹ ਦ੍ਰਿਸ਼ ਯਾਦ ਆਇਆ।

***-ਬਲਜਿੰਦਰ ਸਿੰਘ ਖਾਲਸਾ***

---

ਆਪਣੇ ਖੇਤੋਂ ਗੰਦਲਾਂ ਲਿਆ ਕੇ
ਮਾਂ ਸੀ ਸਾਗ ਬਣਾਉਂਦੀ,
ਮੱਕੀ ਦੀ ਰੋਟੀ ਸਾਗ ਤੇ ਮੱਖਣ
ਰੀਝਾਂ ਨਾਲ ਖੁਆਉਂਦੀ।
ਲੱਸੀ, ਮੱਖਣ, ਸਾਗ, ਰੋਟੀਆਂ
ਸਭ ਝਬਿਆਂ ਵਿਚ ਵੜ ਗਏ,
ਸੱਚ ਆਖੇ 'ਸੁਰਜੀਤ' ਅਸੀਂ ਸਭ
ਸਮੇਂ ਦੀ ਭੇਟਾ ਚੜ੍ਹ ਗਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਨਾ ਹਾਰਾ ਤੇ ਨਾ ਹੀ ਪਾਥੀਆਂ,
ਢੰਗ ਤਾਂ ਕੋਈ ਬਣਾਉਣਾ ਪਊ।
ਦਾਤੀ ਨਾਲ ਬਰੀਕ ਚੀਰ ਕੇ ,
ਕੂੱਕਰ ਦੇ ਵਿਚ ਪਾਉਣਾ ਪਊ।
ਬਿਨਾ ਸਾਗ ਦੇ ਸਰ ਨੀ ਸਕਦਾ,
ਮੱਖਣ ਵਿਚ ਰਲਾਉਣਾ ਪਊ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬਾਰੀਂ ਬਰਸੀ ਖੱਟਣ ਗਿਆ ਸੀ,
ਖੱਟ ਕੇ ਲਿਆਂਦਾ ਕਮਾਦ।
ਫਾਸਟ ਫੂਡ ਨੇ ਜੋ ਪੱਟੀਆਂ,
ਕੀ ਜਾਣਨ ਸਾਗ ਦਾ ਸਵਾਦ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਵਿਚ ਪਰਦੇਸੀਂ ਬੈਠਿਆਂ ਮੇਰੀ
ਇਸ ਕਰਕੇ ਅੱਖ ਭਰ ਆਈ,
ਕਿ ਪਿੰਡ ਵਿਹੜੇ ਵਿਚ ਬੈਠੀ
ਸਾਗ ਚੀਰਦੀ ਹੋਣੀ ਮਾਈ।

***-ਪਰਸ਼ੋਤਮ ਸਿੰਘ ਯੂਬਾ ਸਿਟੀ।***

---

ਦੇਸੀ ਜੀਵਨ ਦਾ ਪੈ ਗਿਆ ਭੋਗ ਯਾਰੋ
ਰੀਤ ਵਿੱਸਰੀ ਤੜਕੇ ਦੀ ਜਾਗ ਵਾਲੀ।
ਢਾਬੇ, ਹੋਟਲਾਂ ਵਿਚ ਬਣਦੇ ਖਾਣਿਆਂ ਨੇ
ਕਰਨੀ ਰੀਸ ਕੀ ਤੌੜੀ ਦੇ ਸਾਗ ਵਾਲੀ।

***-ਫ਼ਕੀਰ ਚੰਦ ਸੈਂਪਲਾ, ਐਲ ਏ***

ਪੰਜਾਬੀ ਭਰਾਵਾਂ ਦਾ ਆਪਣਾ ਟਰੱਕ ਸਟਾਪ

# Conoco Truckstop

3851 Hwy 119 Longmont, CO 80504 (Interstate 25, Exit 240)



Large cstore, Punjabi dhaba (veg+ non-veg), Truck Parts, Western Union, Cat Scale, Laundry, Shower, large parking lot

Buffet $8.95



ਟਰੱਕਰ ਵੀਰਾਂ ਲਈ ਸਪੈਸ਼ਲ

ਡੀਜ਼ਲ ਟੈਂਕੀ ਭਰੋ ਅਤੇ ਖਾਣੇ 'ਤੇ 10% ਛੋਟ ਲਓ ਚਾਹ ਅਤੇ ਸ਼ਾਵਰ ਫਰੀ

Truck driver special

You fill up diesel 10% off dishes and free chai and free shower.

ਪੰਜਾਬੀ ਖਾਣੇ ਦਾ ਅਨੰਦ ਮਾਣੋ

ਤੁਸੀਂ ਆਪਣਾ ਖਾਣਾ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ

ਕੁਲਦੀਪ ਸਿੰਘ, ਫੋਨ: 303-776-9396

# DCL Trucking

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

## ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States

24/7 Dispatch Available

Quick payment via Direct Deposit

ਸੰਪਰਕ ਕਰੋ: ਪਰਮਿੰਦਰ

ਫੋਨ: 317-399-9800

e-mail: info@DCLTrucking.com

# ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?




- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਸੁਰੀਲੀ ਅਵਾਜ਼ ਤੇ ਅੰਦਾਜ਼ ਦਾ ਸੁਮੇਲ ਐਲਬਮ 'ਮਿਸਟਰ ਰਾਂਝਾ'

ਜਦੋਂ ਵੀ ਮੈਂ ਕਿਸੇ ਕਲਾਕਾਰ ਨਾਲ ਮੁਲਾਕਾਤ ਕਰਨ ਮੌਕੇ ਸਵਾਲ ਪੁੱਛਦਾ ਹਾਂ, 'ਰਿਆਜ਼ ਕਿੰਨੀ ਕੁ ਦੇਰ ਕਰਦੇ ਓ?' ਜਵਾਬ ਮਿਲਦੈ, 'ਸਵੇਰੇ-ਸ਼ਾਮ, ਦੋਹੀਂ ਵੇਲੇ ਘੰਟਾ-ਘੰਟਾ, ਡੇਢ-ਡੇਢ ਘੰਟਾ ਲਾਈਦੈ।' ਇਹ ਜਵਾਬ ਸੁਣ ਬਹੁਤੀ ਵਾਰ ਮੈਂ ਇਹ ਕਹਿਣੋਂ ਝਿਜਕ ਜਾਂਦਾ ਹਾਂ ਕਿ, 'ਏਨਾ ਰਿਆਜ਼ ਕਰਨ ਦੇ ਬਾਵਜੂਦ ਪਾਟੇ ਬਾਂਸ ਵਰਗੀ ਤੁਹਾਡੀ ਅਵਾਜ਼ 'ਚ ਸੁਧਾਰ ਕਿਉਂ ਨਹੀਂ ਹੋਇਆ।'

ਪਰ ਜਿਹੜੇ ਗਾਇਕ ਦੀ ਗੱਲ ਕਰਨ ਜਾ ਰਿਹਾ ਹਾਂ, ਉਸ ਨੂੰ ਰਿਆਜ਼ ਕਰਦਿਆਂ ਇੱਕ ਵਾਰ ਨਹੀਂ, ਪੱਚੀ-ਤੀਹ ਵਾਰ ਤਾਂ ਮੈਂ ਖ਼ੁਦ ਹੀ ਦੇਖ ਚੁੱਕਾਂ। ਉਹ ਏਨਾ ਮਿੱਠਾ ਗਾਉਂਦੈ ਕਿ ਸ਼ਬਦ ਮੁੱਕਣ ਲੱਗਦੇ ਨੇ। ਨਾਂ ਏ ਉਸ ਦਾ ਬਲਰਾਜ, ਤੇ ਗਾਉਂਦਿਆਂ ਉਸ ਨੂੰ ਅੱਠ-ਦਸ ਸਾਲ ਹੋ ਚੱਲੇ ਨੇ। ਉਹ ਸੰਗੀਤ ਸਮਰਾਟ ਜਨਾਬ ਚਰਨਜੀਤ ਆਹੂਜਾ ਦਾ ਸ਼ਾਗਿਰਦ ਏ। ਹਾਰਮੋਨੀਅਮ ਕਿਵੇਂ ਫੜੀਦੈ, ਕਿਵੇਂ ਵਜਾਈਦਾ, 'ਸਾਅ' ਕੀ ਹੁੰਦੀ ਏ ਤੇ 'ਸਰਗਮ' ਕੀ ਏ, ਸਾਰਾ ਕੁਝ ਉਨ੍ਹਾਂ ਤੋਂ ਹੀ ਸਿੱਖਿਆ। ਉਦੋਂ ਹੀ ਉਸ ਦੀ ਪਹਿਲੀ ਐਲਬਮ 'ਵੈਰਨੇ ਕਿਉਂ ਲਾਈਆਂ' ਰਿਕਾਰਡ ਹੋਈ ਤੇ ਉਸ ਵਿਚਲਾ ਧੀਆਂ-ਧਿਆਣੀਆਂ ਨਾਲ ਸਬੰਧਤ ਗੀਤ ਉਸ ਦਾ ਹਾਸਲ ਬਣ ਗਿਆ। ਪਾਠਕਾਂ 'ਚੋਂ ਬਹੁਤਿਆਂ ਨੇ ਸੁਣਿਆ ਹੀ ਹੋਵੇਗਾ, 'ਮਰਜ਼ੀ ਨਹੀਓਂ ਚੱਲਦੀ ਵੇ ਸਾਡੇ ਪਿੰਡ ਵਿਚ ਧੀਆਂ ਦੀ।' ਕਿੰਨਾ ਖ਼ੂਬ ਸੀ ਇਹ ਗੀਤ!

ਪਹਿਲੀ ਐਲਬਮ ਨੇ ਇਹ ਤਾਂ ਦੱਸ ਦਿੱਤਾ ਕਿ ਬਲਰਾਜ ਨਾਂ ਦਾ ਕੋਈ ਗਵੱਈਆ ਏ, ਪਰ ਗੂੜ੍ਹੀ ਪਛਾਣ ਲਈ ਉਸ ਨੂੰ ਨਿਰੰਤਰਤਾ ਜਾਰੀ ਰੱਖਣੀ ਪੈਣੀ ਸੀ, ਕਈ ਕਾਰਨਾਂ ਕਰਕੇ ਉਹ ਕਾਇਮ ਨਾ ਰੱਖ ਸਕਿਆ। ਚਾਰ ਕੁ ਸਾਲ ਬਾਅਦ ਅਗਲੀ ਐਲਬਮ ਆਈ, 'ਬਲਰਾਜ ਲਾਈਵ'। ਇਸ ਜ਼ਰੀਏ ਉਸ ਨੇ ਫਿਰ ਦੱਸਿਆ ਕਿ ਉਸ ਨੂੰ ਸਟੇਜੀ ਗਿਆਨ ਵੀ ਹੈ, ਸ਼ੇਅਰਾਂ ਦੀ ਪੇਸ਼ਕਾਰੀ ਦਾ ਢੰਗ ਵੀ ਤੇ ਹਾਜ਼ਰੀਨ ਨੂੰ ਆਪਣੇ ਨਾਲ ਤੋਰਨ ਦਾ ਵੱਲ ਵੀ। ਉਨ੍ਹੀਂ ਦਿਨੀਂ ਪੰਜਾਬ ਦੇ ਕਈ ਕਲਾਕਾਰਾਂ 'ਲਾਈਵ' ਐਲਬਮਾਂ ਕੀਤੀਆਂ, ਉਨ੍ਹਾਂ 'ਚੋਂ ਥੋੜ੍ਹਿਆਂ ਕੁ ਦੀਆਂ ਕਾਮਯਾਬ ਹੋਈਆਂ ਤੇ ਬਲਰਾਜ ਉਨ੍ਹਾਂ ਵਿਚੋਂ ਇਕ ਸੀ।

ਬਲਰਾਜ ਸਿਰਫ਼ ਗਾਉਣ ਬਾਬਤ ਹੀ ਨਹੀਂ ਸੋਚਦਾ, ਸਗੋਂ ਕਾਮਰੇਡ ਪਰਿਵਾਰ ਨਾਲ ਸਬੰਧ ਹੋਣ ਕਰਕੇ ਸਮਾਜ ਵਿਚ ਵਾਪਰਦੀਆਂ ਘਟਨਾਵਾਂ 'ਤੇ ਵੀ ਤਿੱਖੀ ਨਜ਼ਰ ਰੱਖਦਾ ਏ। ਉਂਜ ਵੀ ਬਿਲਗਾ ਪਿੰਡ 'ਚੋਂ ਬਹੁਤੇ ਪਰਿਵਾਰ ਕਾਮਰੇਡੀ ਖ਼ਿਆਲਾਂ ਨਾਲ ਜੁੜੇ ਹੋਏ ਨੇ ਤੇ ਬਲਰਾਜ ਦਾ ਪਰਿਵਾਰ ਵੀ ਉਨ੍ਹਾਂ 'ਚੋਂ ਇਕ ਏ।

ਬਲਰਾਜ ਨੂੰ ਬੜੀ ਵਾਰ ਮੈਂ ਕਿਹੈ, 'ਪਛਾਣ ਗੂੜ੍ਹੀ ਕਰਨ ਲਈ ਨਵੇਂ ਕਲਾਕਾਰ ਨੂੰ ਹਰ ਸਾਲ ਇਕ-ਦੋ ਗੀਤ ਰਿਲੀਜ਼ ਜ਼ਰੂਰ ਕਰਨੇ ਚਾਹੀਦੇ ਨੇ, ਕਿਉਂਕਿ ਸਰੋਤਿਆਂ ਦਾ ਚੇਤਾ ਏਨਾ ਚੰਗਾ ਨਹੀਂ ਕਿ ਇਕੋ ਐਲਬਮ ਨੂੰ ਤਿੰਨ-ਤਿੰਨ ਸਾਲ ਯਾਦ ਰੱਖਣ?' ਉਹ ਕਹਿ ਛੱਡਦੈ, 'ਪੈਸੇ ਵੀ ਤਾਂ ਬਹੁਤ ਚਾਹੀਦੇ ਨੇ ਇਸ ਸਭ ਲਈ, ਹੌਲੀ-ਹੌਲੀ 'ਕੱਠੇ ਕਰਨੇ ਪੈਂਦੇ ਨੇ।' ਉਸ ਦਾ ਇਹ ਜਵਾਬ ਸੁਰੀਲੇ ਕਲਾਕਾਰਾਂ ਮੂਹਰੇ ਖੜ੍ਹੀਆਂ ਚੁਣੌਤੀਆਂ ਵੱਲ ਇਸ਼ਾਰਾ ਕਰ ਜਾਂਦਾ ਏ।

ਹੁਣ ਬਲਰਾਜ ਕਾਫੀ ਵਕਫ਼ੇ ਬਾਅਦ 'ਮਿਸਟਰ ਰਾਂਝਾ' ਟਾਈਟਲ ਵਾਲੀ ਐਲਬਮ ਲੈ ਕੇ ਆਇਐ। ਪਹਿਲੀ ਨਜ਼ਰੇ ਉਸ ਦਾ ਟਾਈਟਲ ਅਵੱਲਾ ਜਿਹਾ ਲੱਗਦੈ, ਪਰ ਜਦੋਂ ਟਾਈਟਲ ਗੀਤ ਸੁਣੀਦੈ ਤਾਂ ਸਭ ਸ਼ੱਕ ਦੂਰ ਹੋ ਜਾਂਦੇ ਨੇ, 'ਮੇਰੇ ਯਾਰ ਮੈਨੂੰ ਰਾਂਝਾ-ਰਾਂਝਾ ਆਖਦੇ, ਕੰਨੀਂ ਮੁੰਦਰਾਂ ਪਵਾ ਲਵਾਂ ਕੇ ਨਾ।' ਏਨਾ ਮਿੱਠਾ ਹੈ ਇਹ ਗਾਣਾ ਕਿ ਕਈ ਵਾਰ ਸੁਣਨ ਦੇ ਬਾਵਜੂਦ ਹਰ ਰੋਜ਼ ਦੋ-ਤਿੰਨ ਵਾਰ ਫੇਰ ਸੁਣਨ ਨੂੰ ਮਨ ਕਰਦੈ।

'ਮਿਸਟਰ ਰਾਂਝਾ' ਐਲਬਮ ਵਿਚ ਬਲਰਾਜ ਨੇ ਸੈਡ ਵੀ ਗਾਇਐ, ਰੋਮਾਂਟਿਕ ਵੀ, ਬੀਟ ਵੀ ਤੇ ਡਿਊਟ ਵੀ। ਪਰ ਪਹਿਲਾਂ ਨਾਲੋਂ ਫਰਕ ਇਹ ਐ ਕਿ ਪੂਰੀ ਐਲਬਮ ਮੁੰਡਿਆਂ-ਖੁੰਡਿਆਂ ਦੀ ਪਸੰਦ ਵਾਲੀ ਏ। ਅਸੀਂ ਸਵਾਲ ਕੀਤਾ, 'ਤੁਸੀਂ ਤਾਂ ਧੀਆਂ ਦੀ ਮਰਜ਼ੀ ਵਾਲੇ ਗੀਤ ਗਾਉਂਦੇ ਸੀ, ਹੁਣ ਕੀ ਹੋ ਗਿਆ?' ਜਵਾਬ ਸੀ, 'ਗਾਉਣਾ ਤਾਂ ਹੁਣ ਵੀ ਉਹੀ ਕੁਝ ਚਾਹੁੰਦਾ ਹਾਂ ਪਰ ਕਰੀਏ ਕੀ, ਜਿੰਨੇ ਵਿਆਹਾਂ 'ਤੇ ਅੱਜ ਤੱਕ ਗਾਉਣ ਗਿਆਂ, ਮਸੀਂ ਦਸ ਫ਼ੀਸਦੀ 'ਤੇ ਹਾਜ਼ਰੀਨ ਨੇ ਕਿਹਾ ਹੋਏਗਾ ਕਿ 'ਧੀਆਂ' ਵਾਲਾ ਗਾਣਾ ਵੀ ਗਾਓ...ਲੋਕ ਚੱਕ ਲਓ, ਚੱਕ ਲਓ


ਬਲਰਾਜ

ਭਾਲਦੇ ਨੇ, ਪਰ ਥੋੜ੍ਹੀ ਪਛਾਣ ਗੂੜ੍ਹੀ ਹੋਣ 'ਤੇ ਸਮਾਜਿਕ ਸਰੋਕਾਰਾਂ ਵਾਲੇ ਗੀਤ ਵੀ ਗਾਵਾਂਗਾ।'

'ਮਿਸਟਰ ਰਾਂਝਾ' ਨੂੰ ਰਿਲੀਜ਼ 'ਟੀ ਸੀਰੀਜ਼' ਕੰਪਨੀ ਨੇ ਕੀਤਾ ਏ ਤੇ ਇਸ ਦਾ ਸੰਗੀਤ ਆਹੂਜਾ ਪਰਿਵਾਰ 'ਚੋਂ ਹੀ ਸਚਿਨ ਆਹੂਜਾ ਨੇ ਤਿਆਰ ਕੀਤਾ ਏ। ਐਲਬਮ ਦੇ ਗੀਤ ਮਿੰਟੂ ਹੇਅਰ, ਲਾਲ ਅਠੌਲੀ ਵਾਲਾ, ਸੱਤੀ ਲੋਹੇਖੇੜੇ ਵਾਲਾ, ਸੰਜੀਵ ਆਨੰਦ ਤੇ ਮੱਟ ਸ਼ੇਰੋਵਾਲੀਆ ਦੇ ਲਿਖੇ ਹੋਏ ਨੇ। ਤਿੰਨ ਗੀਤਾਂ ਦੇ ਵੀਡੀਓ ਬਣੇ ਨੇ, ਪਹਿਲਾ ਚੈਨਲਾਂ 'ਤੇ ਚੱਲ ਰਿਹੈ, 'ਅੱਜ ਸਾਨੂੰ ਦੱਸ ਦੇ', ਦੂਜਾ ਚੱਲਣ ਲਈ ਤਿਆਰ ਏ, 'ਰਾਂਝਾ ਰਾਂਝਾ' ਤੇ ਤੀਜਾ ਤਿਆਰ ਹੋ ਰਿਹੈ, 'ਇਹ ਇਲਾਕਾ ਸ਼ੇਰਾਂ ਦਾ'। 'ਇਲਾਕਾ' ਗਾਣਾ ਬਲਰਾਜ ਨੇ ਕੇ.ਐਸ. ਮੱਖਣ ਨਾਲ ਮਿਲ ਕੇ ਗਾਇਐ।

ਬਲਰਾਜ ਨੂੰ ਇਸ ਗੱਲ ਦੀ ਪੂਰੀ ਸਮਝ ਹੈ ਕਿ ਹੁਣ ਉਦਾਸ ਗਾਇਕੀ ਵੀ ਪਹਿਲਾਂ ਵਰਗੀ ਨਹੀਂ ਰਹੀ। ਪਹਿਲੇ ਵੇਲਿਆਂ ਵਿਚ ਸੈਡ ਗਾਇਕੀ ਦੇ ਨਾਂ 'ਤੇ ਕੀਰਨੇ ਪੈਂਦੇ ਸਨ, ਪਰ ਹੁਣ ਇਹ ਸਿਨਫ਼ ਵੀ ਹਾਈਟੈਕ ਹੋ ਚੁੱਕੀ ਏ। ਇਸੇ ਕਰਕੇ ਨਵੇਂ ਰੰਗ ਦੇ ਸੰਗੀਤ ਨਾਲ ਸਜਿਆ ਗੀਤ 'ਉਹਨੂੰ ਹੁਣ ਸਾਡੇ ਨਾਲ ਪਿਆਰ ਹੋਣ ਵਾਲਾ ਏ' ਜਵਾਨੀ ਦਾ ਧਿਆਨ ਆਪਣੇ ਵੱਲ ਖਿੱਚਦਾ ਏ।

ਬਲਰਾਜ ਦਾ 'ਅੱਜ ਸਾਨੂੰ ਦੱਸ ਦੇ' 'ਯੂ ਟਿਊਬ' 'ਤੇ ਹਫ਼ਤੇ ਵਿਚ ਡੇਢ ਲੱਖ ਲੋਕਾਂ ਦੀ ਪਸੰਦ ਬਣਿਆ ਤੇ 'ਮਰਜ਼ੀ ਨਹੀਓਂ ਚੱਲਦੀ ਸਾਡੇ ਪਿੰਡ ਵਿਚ ਧੀਆਂ ਦੀ' ਪੰਜ ਸਾਲ ਬਾਅਦ ਪੰਜਾਹ ਕੁ ਹਜ਼ਾਰ ਦੇ ਅੰਕੜੇ 'ਤੇ ਖੜ੍ਹਾ ਏ, ਜਿਸ ਨੂੰ ਦੇਖ ਹੈਰਾਨੀ ਹੋਣੀ ਕੁਦਰਤੀ ਏ। ਚੰਗੀ ਗਾਇਕੀ ਸਾਡੀ ਸੋਚ ਦਾ ਹਿੱਸਾ ਬਣਨੀ ਚਾਹੀਦੀ ਏ, ਪਰ ਅਸੀਂ ਉਤੋਂ ਉਤੋਂ ਢੈਂਗੜ-ਢੈਂਗੜ ਵਾਲੀ ਗਾਇਕੀ ਖ਼ਿਲਾਫ਼ ਬੋਲਦੇ ਹਾਂ ਤੇ ਅੰਦਰੋਂ ਉਨ੍ਹਾਂ ਗੀਤਾਂ ਨੂੰ ਹੀ ਪਿਆਰਦੇ ਹਾਂ।

ਬਲਰਾਜ ਬਾਰੇ ਮੇਰੀ ਸੋਚ ਇਕਪਾਸੜ ਨਹੀਂ। ਹਾਂ, ਉਸ ਦਾ ਸ਼ੁਭਚਿੰਤਕ ਜ਼ਰੂਰ ਹਾਂ ਤੇ ਉਹ ਇਸ ਕਰਕੇ ਕਿ ਉਹ ਕਾਮਰੇਡ ਪਰਿਵਾਰ ਨਾਲ ਜੁੜਿਆ ਏ, ਦੂਜਾ ਚਰਨਜੀਤ ਆਹੂਜਾ ਦਾ ਲਾਡਲਾ ਸ਼ਾਗਿਰਦ ਏ, ਤੀਜਾ ਉਸ ਨੂੰ ਸੱਚੀਮੁੱਚੀਂ ਗਾਉਣਾ ਆਉਂਦਾ ਏ ਤੇ ਚੌਥਾ ਉਹ ਯਾਰਾਂ ਦਾ ਯਾਰ ਏ।

### ਗਾਇਕਾਂ ਦਾ ਡਰ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਕਲਾਕਾਰਾਂ ਨੂੰ ਅਜੀਬ ਜਿਹਾ ਭੈਅ ਸਤਾ ਰਿਹੈ। ਭੈਅ ਹੈ ਵੀ ਜਾਇਜ਼, ਕਿਉਂਕਿ ਇਨ੍ਹਾਂ ਦੇ ਇਕ ਸਾਥੀ 'ਤੇ ਇਕ ਕੁੜੀ ਵਲੋਂ ਜ਼ਬਰ ਜਨਾਹ ਦੇ ਦੋਸ਼ ਲਾਏ ਗਏ ਨੇ। ਦੋਸ਼ ਸਹੀ ਨੇ ਜਾਂ ਗਲਤ, ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਗੱਲ ਪੱਕੀ ਏ ਕਿ ਹੁਣ ਗਾਉਣ ਵਾਲੇ ਪਹਿਲਾਂ ਵਾਂਗ ਫੋਨ ਕਰਨ ਵਾਲੀਆਂ ਕੁੜੀਆਂ ਨੂੰ 'ਡਾਰਲਿੰਗ' ਕਹਿ ਕੇ ਸੰਬੋਧਨ ਕਰਨੋਂ ਗੁਰੇਜ਼ ਕਰਦੇ ਨੇ। ਜਿਸ ਕਲਾਕਾਰ 'ਤੇ ਕੁੜੀ ਨੇ ਦੋਸ਼ ਲਾਏ ਨੇ, ਉਸ ਨੇ ਇਹ ਵੀ ਕਿਹੈ ਕਿ ਮੇਰੇ ਇਸ ਨਾਲ 2006 ਤੋਂ ਸਬੰਧ ਨੇ ਤੇ ਇਹਨੇ ਮੈਨੂੰ ਵਾਰ-ਵਾਰ ਬਲੈਕਮੇਲ ਕੀਤੈ। ਸਵਾਲ ਇਹ ਵੀ ਐ ਕਿ ਜੇ ਬਲੈਕਮੇਲ 2006 ਤੋਂ ਕੀਤਾ ਜਾ ਰਿਹੈ ਤਾਂ ਹੁਣ ਤੱਕ ਬੁੱਲ੍ਹ ਕਿਉਂ ਸਿਉਂਤੇ ਰੱਖੇ ਤੇ ਜੇ ਹੁਣ ਕਲਾਕਾਰ ਦਾ ਨਾਂ ਲੈਣਾ ਹੀ ਸੀ ਤਾਂ ਨਾਲ ਦੇ ਤਿੰਨ ਸਾਥੀਆਂ ਦਾ ਜ਼ਿਕਰ ਵਿਚ ਕਿਵੇਂ ਆ ਗਿਆ? ਜੇ ਉਹ ਵੀ ਆ ਗਿਆ ਤਾਂ ਤੁਸੀਂ ਮਾਡਲਿੰਗ ਦੇ ਨਾਂ 'ਤੇ ਆਪਣੇ ਸਰੀਰ ਦਾ ਸ਼ੋਸ਼ਣ ਕਿਉਂ ਕਰਾਉਂਦੇ ਰਹੇ?

ਖੈਰ, ਇਨ੍ਹਾਂ ਗੱਲਾਂ ਦੀ ਜਾਂਚ ਪੁਲਿਸ ਵਲੋਂ ਕੀਤੀ ਜਾ ਰਹੀ ਏ, ਪਰ ਜਾਪਦੈ ਮਾਮਲਾ ਦਬ ਜਾਣੈ, ਕਿਉਂਕਿ ਅੰਦਰਖਾਤੇ ਕਈ ਤਰ੍ਹਾਂ ਦੀਆਂ ਗੱਲਾਂ ਉਠ ਰਹੀਆਂ। ਦੂਜੇ ਪਾਸੇ ਜਿਸ ਦਿਨ ਤੋਂ ਇਹ ਗੱਲ ਉਠੀ ਏ, ਪੰਜਾਬ ਦੇ ਬਹੁਗਿਣਤੀ ਕਲਾਕਾਰਾਂ ਨੇ 'ਚਾਹੁਣ ਵਾਲੀਆਂ' ਨੂੰ ਮਿਲਣਾ ਬੰਦ ਕਰ ਦਿੱਤਾ ਏ ਤੇ ਇੱਕ ਕਲਾਕਾਰ ਜਦੋਂ ਪਿਛਲੇ ਦਿਨੀਂ ਸਾਡੇ ਕੋਲ ਬੈਠਾ ਸੀ ਤਾਂ ਉਸ ਨੂੰ ਫੈਨ ਕੁੜੀ ਦਾ ਫੋਨ ਆ ਗਿਆ। ਉਸ ਵਲੋਂ ਕੁੜੀ ਨੂੰ ਜਦੋਂ ਵਾਰ-ਵਾਰ 'ਭੈਣ ਜੀ' ਕਿਹਾ ਜਾ ਰਿਹਾ ਸੀ ਤਾਂ ਸਾਡਾ ਹਾਸਾ ਨਿਕਲ ਰਿਹਾ ਸੀ, ਕਿਉਂਕਿ ਕਲਾਕਾਰਾਂ ਵਲੋਂ ਕੁੜੀ ਨੂੰ 'ਭੈਣ' ਕਹਿਣ ਦੀ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ।

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

# ਤਵਿਆਂ ਦੀ ਵਿਰਾਸਤ ਸਾਂਭੀ ਬੈਠਾ ਸਰਾਭੇ ਦਾ ਜੰਮਪਲ ਸੰਜੀਵ ਪੁਰੀ

ਜਗ ਜਾਣਦਾ ਹੈ ਕਿ ਸੂਰਮਿਆਂ ਦੀ ਜਨਮ ਭੂਮੀ 'ਤੇ ਜਨਮ ਲੈਣ ਵਾਲੇ ਹਰ ਜੀਅ ਦੇ ਅੰਦਰ ਕੁਝ ਕਰ ਕੇ ਦਿਖਾਉਣ ਦੀ ਸੋਚ ਦਾ ਹੋਣਾ ਸੁਭਾਵਿਕ ਹੈ। ਅਜਿਹੀ ਹੀ ਇਕ ਸ਼ਖ਼ਸੀਅਤ ਹੈ- ਸੰਜੀਵ ਕੁਮਾਰ ਪੁਰੀ ਉਰਫ਼ ਬਬਲੂ। 'ਪੁਰੀ ਸਰਾਭੇ ਵਾਲਾ' ਦੇ ਨਾਂ ਨਾਲ ਜਾਣੇ ਜਾਂਦੇ ਇਸ ਨੌਜਵਾਨ ਦਾ ਜਨਮ ਇਥੋਂ ਦੇ ਪੱਖੋਵਾਲ ਰੋਡ 'ਤੇ ਸ਼ਹੀਦ

ਸਤਵਿੰਦਰ ਬਸਰਾ
ਫੋਨ: 91-98766-53143

ਕਰਤਾਰ ਸਿੰਘ ਸਰਾਭਾ ਦੀ ਜਨਮ ਭੂਮੀ ਸਰਾਭੇ ਦੀ ਸੱਦਾ ਪੱਤੀ ਵਿਚ ਪਿਤਾ ਭਗਵੰਤ ਕਿਸ਼ੋਰ ਪੁਰੀ ਅਤੇ ਮਾਤਾ ਸੀਤਾ ਪੁਰੀ ਦੇ ਘਰ ਹੋਇਆ। ਅੱਜ ਕਲ੍ਹ ਉਹ ਪੱਖੋਵਾਲ ਦੇ ਪੰਜਾਬ ਮਾਤਾ ਨਗਰ ਵਿਚ ਰਹਿੰਦਾ ਹੈ। ਸੰਜੀਵ ਪੁਰੀ ਆਪਣੇ ਸਭਿਆਚਾਰ ਅਤੇ ਆਪਣੀ ਵਿਰਾਸਤ ਦਾ ਝੰਡਾ ਚੁੱਕੀ, ਇਸ ਨੂੰ ਸੰਭਾਲਣ ਦਾ ਹੋਕਾ ਦੇ ਰਿਹਾ ਹੈ।

ਜਦੋਂ ਮੈਨੂੰ ਸੰਜੀਵ ਦੇ ਹਿੰਦੀ-ਪੰਜਾਬੀ ਗਾਣਿਆਂ ਦੇ ਰਿਕਾਰਡਾਂ ਨਾਲ ਭਰੇ ਕਮਰੇ ਵਿਚ ਜਾਣ ਦਾ ਮੌਕਾ ਮਿਲਿਆ ਤਾਂ 80ਵਿਆਂ ਤੋਂ ਪਹਿਲਾਂ ਦਾ ਇੱਕ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਘੁੰਮ ਗਿਆ। ਯਾਦ ਆਇਆ ਕਿ ਮੇਰੇ ਮਾਮੇ ਦੀ ਲੜਕੀ ਦਾ ਵਿਆਹ ਸੀ ਤਾਂ ਇੱਕ ਵਿਅਕਤੀ ਸਿਰ 'ਤੇ ਦੋ ਲੱਕੜ ਦੇ ਬਕਸੇ ਰੱਖੀ ਸਾਡੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਉਸ ਨੇ ਪਹਿਲਾਂ ਇੱਕ ਲੋਹੇ ਦਾ ਸਪੀਕਰ ਸਾਡੇ ਘਰ ਦੇ ਬਨ੍ਹੇਰੇ 'ਤੇ ਮੁਹੱਲੇ ਵੱਲ ਨੂੰ ਮੂੰਹ ਕਰਕੇ ਰੱਖ ਦਿੱਤਾ। ਲੱਕੜ ਦੇ ਬਕਸਿਆਂ ਵਿਚੋਂ ਇੱਕ ਵਿਚ ਰਿਕਾਰਡ ਚਲਾਉਣ ਵਾਲੀ ਮਸ਼ੀਨ ਅਤੇ ਦੂਜੇ ਵਿਚ ਲਿਫਾਫਿਆਂ 'ਚ ਪਾ ਕੇ ਤਵੇ ਚਿਣ ਕੇ ਰੱਖੇ ਹੋਏ ਸਨ। ਉਸ ਨੇ ਇੱਕ ਹਿੰਦੀ ਫਿਲਮ (ਸੁਹਾਗ) ਦਾ ਗਾਣਾ 'ਤੇਰੀ ਰੱਬ ਨੇ ਬਣਾ'ਤੀ ਜੋੜੀ, ਤੂੰ ਨਾਂਹ ਕਰ ਜਾਂ ਹਾਂ ਕਰ ਯਾਰਾ' ਲਾਇਆ ਜੋ ਅੱਜ ਵੀ ਮੇਰੇ ਮਨ ਦੀ ਕਿਸੇ ਨੁੱਕਰ ਵਿਚ ਜਿਉਂ ਦਾ ਤਿਉਂ ਵਜਦਾ ਸੁਣਾਈ ਦੇ ਰਿਹਾ ਹੈ। ਇਹ ਉਹ ਸਮਾਂ ਸੀ ਜਦੋਂ ਕੋਠੇ 'ਤੇ ਦੋ ਮੰਜੇ ਜੋੜ ਸਪੀਕਰ ਲੱਗਿਆ ਕਰਦੇ ਸਨ।

ਸੰਜੀਵ ਦੇ ਘਰ ਇੰਨੀ ਵੱਡੀ ਗਿਣਤੀ ਵਿਚ ਪੁਰਾਣੇ ਰਿਕਾਰਡ ਦੇਖ ਕੇ ਮੇਰੇ ਮਨ ਅੰਦਰ ਉਤੇਜਨਾ ਜਿਹੀ ਜਾਗੀ ਅਤੇ ਮੈਂ ਉਸ ਤੋਂ ਇਨ੍ਹਾਂ ਰਿਕਾਰਡਾਂ ਬਾਰੇ ਪੁੱਛਿਆ। ਉਸ ਕੋਲ ਗ੍ਰਾਮੋਫੋਨ ਦੇ 40 ਕੁ ਵੱਖ ਵੱਖ ਮਾਡਲ ਸੰਭਾਲੇ ਹੋਏ ਹਨ। ਇਨ੍ਹਾਂ ਵਿਚੋਂ ਇੱਕ ਉਸ ਦੇ ਦਾਦਾ ਲਾਲਾ ਰੌਣਕੀ ਰਾਮ ਪੁਰੀ 1945 ਵਿਚ ਲਾਹੌਰ ਤੋਂ ਖ਼ਰੀਦ ਕੇ ਲਿਆਏ ਸਨ ਜੋ 1924 ਦਾ ਬਣਿਆ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ ਪਰਿਵਾਰ ਨੂੰ ਗੀਤ-ਸੰਗੀਤ ਸੁਣਨ ਦੀ ਚੇਟਕ ਲੱਗੀ।

ਸੰਜੀਵ ਪੁਰੀ ਨੇ ਦੱਸਿਆ ਕਿ ਉਸ ਦੇ ਦਾਦਾ ਜੀ 1920 ਦਾ ਇੱਕ ਰੇਡੀਓਗ੍ਰਾਮ ਵੀ ਲੈ ਕੇ ਆਏ ਸਨ ਜੋ ਇੰਗਲੈਂਡ ਦਾ ਬਣਿਆ ਹੋਇਆ ਸੀ। 1955 ਵਿਚ ਉਸ ਦੇ ਪਿਤਾ ਨੇ ਸਾਊਂਡ ਦੀ ਦੁਕਾਨ ਖੋਲ੍ਹੀ ਅਤੇ ਲੋਕਾਂ ਦੇ ਵਿਆਹਾਂ-ਸ਼ਾਦੀਆਂ 'ਤੇ ਗ੍ਰਾਮੋਫੋਨ ਲੈ ਜਾਣੇ ਸ਼ੁਰੂ ਕਰ ਦਿੱਤੇ। ਉਸ ਦੇ ਪਿਤਾ ਨੂੰ ਗੀਤ ਲਿਖਣ ਦਾ ਵੀ ਸ਼ੌਕ ਸੀ। ਉਨ੍ਹਾਂ ਦੇ ਲਿਖੇ ਗੀਤ ਉਸ ਸਮੇਂ ਦੇ ਕਈ ਮਸ਼ਹੂਰ ਗਾਇਕਾਂ ਦੀ ਅਵਾਜ਼ ਵਿਚ ਰਿਕਾਰਡ ਹੋਏ। ਕੁਝ ਸਾਲ ਬਾਅਦ ਸਾਂਝੇ ਪਰਿਵਾਰ ਦੀ ਵੰਡ ਹੋ ਗਈ ਤਾਂ ਇਹ ਰਿਕਾਰਡਾਂ ਦਾ ਭੰਡਾਰ ਕਈ ਹਿੱਸਿਆਂ ਵਿਚ ਵੰਡਿਆ ਗਿਆ। ਇਸ ਵੰਡ ਕਾਰਨ ਸੰਜੀਵ ਦੇ ਮਨ ਨੂੰ ਠੇਸ ਪੁੱਜੀ ਅਤੇ ਉਸ ਨੇ ਅਜਿਹਾ ਖ਼ਜ਼ਾਨਾ ਮੁੜ ਇਕੱਠਾ ਕਰਨ ਲਈ ਸੰਘਰਸ਼ ਆਰੰਭ ਦਿੱਤਾ। ਇਸ ਮਕਸਦ ਨੂੰ ਸਰ ਕਰਨ ਲਈ ਉਹ ਦੇਸ਼ ਦੇ ਕਈ ਸ਼ਹਿਰਾਂ ਵਿਚ ਗਿਆ ਅਤੇ ਜਿੱਥੋਂ ਕਿਤੋਂ ਵੀ ਕੋਈ ਪੁਰਾਣੇ ਰਿਕਾਰਡ ਮਿਲਦੇ, ਉਹ ਲਿਆ ਕੇ ਘਰ ਦੇ ਕਮਰੇ ਵਿਚ ਸਜਾ ਦਿੰਦਾ। 1995 ਵਿਚ ਸ਼ੁਰੂ ਹੋਇਆ ਇਹ ਸਿਲਸਿਲਾ ਅਜੇ ਤੱਕ ਜਾਰੀ ਹੈ।

ਸੰਜੀਵ ਨੇ ਦੱਸਿਆ ਕਿ ਉਸ ਕੋਲ ਹਿੰਦੀ ਗਾਣਿਆਂ ਦੇ 8000 ਅਤੇ ਪੰਜਾਬੀ ਗਾਣਿਆਂ ਦੇ 6000 ਦੇ ਕਰੀਬ ਰਿਕਾਰਡ (ਤਵੇ) ਸੰਭਾਲੇ ਹੋਏ ਹਨ। ਇਨ੍ਹਾਂ ਤੋਂ ਇਲਾਵਾ 500 ਦੇ ਕਰੀਬ ਅੰਗਰੇਜ਼ੀ ਗਾਣਿਆਂ ਦੇ ਰਿਕਾਰਡ ਵੀ ਹਨ। ਇਨ੍ਹਾਂ ਵਿਚੋਂ ਬਹੁਤੇ ਰਿਕਾਰਡ ਉਸ ਸਮੇਂ ਦੀਆਂ ਮਸ਼ਹੂਰ ਕੰਪਨੀਆਂ ਐਚ.ਐਮ.ਵੀ., ਕੋਲੰਬੀਆ, ਕੋਹਨੂਰ, ਹਿੰਦੋਸਤਾਨ ਦੇ ਬਣੇ ਹੋਏ ਹਨ। ਸੰਜੀਵ ਨੇ ਰੁਮਾਲੀ ਰਿਕਾਰਡ ਦੀ ਗੱਲ ਕਰਦਿਆਂ ਦੱਸਿਆ ਕਿ ਇਨ੍ਹਾਂ ਦਾ ਸਾਈਜ਼ 7 ਇੰਚ ਹੈ ਅਤੇ ਇਨ੍ਹਾਂ ਨੂੰ 33 ਆਰ.ਐਮ.ਪੀ. ਦੀ ਸਪੀਡ 'ਤੇ ਚਲਾਇਆ ਜਾਂਦਾ ਹੈ। ਇਨ੍ਹਾਂ ਵਿਚੋਂ 2 ਰਿਕਾਰਡ ਰੂਸੀ ਭਾਸ਼ਾ, 2 ਅੰਗਰੇਜ਼ੀ ਅਤੇ 3 ਹਿੰਦੀ ਗਾਣਿਆਂ ਦੇ ਹਨ।

ਪੁਰਾਣੇ ਰਿਕਾਰਡਾਂ ਦਾ ਭੰਡਾਰ ਸੰਜੀਵ ਨੇ ਇੰਨਾ ਸੰਭਾਲ ਕੇ ਰੱਖਿਆ ਹੋਇਆ ਹੈ ਕਿ ਅੱਜ ਵੀ ਇਨ੍ਹਾਂ ਦੀ ਬਾਹਰੀ ਚਮਕ ਜਿਉਂ ਦੀ ਤਿਉਂ ਕਾਇਮ ਹੈ। ਉਸ ਕੋਲ 4, 6, 7, 9, 10 ਅਤੇ 12 ਇੰਚ ਦੇ ਰਿਕਾਰਡ ਪਏ ਹੋਏ ਹਨ। ਇਨ੍ਹਾਂ ਰਿਕਾਰਡਾਂ ਨੂੰ ਚਲਾਉਣ ਲਈ ਜ਼ਿਆਦਾਤਰ ਮਸ਼ੀਨਾਂ ਦੇ ਰਿਕਾਰਡ ਪਲੇਅਰ ਦਾ ਸਾਈਜ਼ 7, 10 ਅਤੇ 12 ਇੰਚ ਹੁੰਦਾ ਸੀ। ਇਸ ਵਿਚ ਡਾਇਰੈਕਟਰ ਡਰਾਈਵ ਲੱਗੀ ਹੁੰਦੀ ਸੀ ਜਿਸ ਨਾਲ ਲੱਗੀ ਸੂਈ ਦੇ ਮੂੰਹ 'ਤੇ ਜ਼ਿਆਦਾਤਰ ਹੀਰੇ ਦਾ ਅੰਸ਼ ਲੱਗਾ ਹੁੰਦਾ ਸੀ। ਸੂਈ ਰਿਕਾਰਡ 'ਤੇ ਰੱਖਦਿਆਂ ਹੀ ਟੁਣਕਵੇਂ ਗਾਣੇ ਵੱਜਣੇ ਸ਼ੁਰੂ ਹੋ ਜਾਂਦੇ। ਸੂਈਆਂ ਵੀ ਅੱਗੋਂ ਦਰਜਨਾਂ ਕਿਸਮ ਦੀਆਂ ਸਨ। ਸੰਜੀਵ ਨੇ ਜਿੰਨੇ ਵੀ ਰਿਕਾਰਡ ਮੈਨੂੰ ਦਿਖਾਏ, ਉਨ੍ਹਾਂ ਦੇ ਪਿਛੋਕੜ ਬਾਰੇ ਵੀ ਦੱਸਿਆ। ਉਸ ਦੇ ਦਾਦਾ ਜੀ ਨੇ ਇੱਕ ਪੱਥਰ ਦਾ ਰਿਕਾਰਡ ਵੀ ਖ਼ਰੀਦ ਕੇ ਲਿਆਂਦਾ ਸੀ ਜੋ 1905 ਦਾ ਬਣਿਆ ਹੋਇਆ ਸੀ। ਰਿਕਾਰਡ ਜਿਸ ਮਸ਼ੀਨ 'ਤੇ ਵਜਾਇਆ ਜਾਂਦਾ ਸੀ, ਉਹ ਚਾਬੀ ਨਾਲ ਚਲਦੀ ਸੀ। ਗੀਤ ਚੰਗੀ ਤਰ੍ਹਾਂ ਸੁਣਨ ਲਈ ਇਸ ਨੂੰ 78 ਆਰ.ਐਮ.ਪੀ. ਦੀ ਸਪੀਡ 'ਤੇ ਚਲਾਉਣਾ ਪੈਂਦਾ ਸੀ। ਅਜਿਹੇ ਇੱਕ ਰਿਕਾਰਡ ਦਾ ਵਜ਼ਨ 100 ਤੋਂ 200 ਗ੍ਰਾਮ ਹੁੰਦਾ ਸੀ। ਇਨ੍ਹਾਂ ਦੇ ਟੁੱਟਣ ਦਾ ਡਰ ਬਣਿਆ ਰਹਿੰਦਾ ਸੀ। ਇਹ ਰਿਕਾਰਡ ਵੀ 6, 7, 9, 10 ਅਤੇ 12 ਇੰਚ ਦੇ ਅਕਾਰ ਵਿਚ ਹੁੰਦੇ ਸਨ। ਪੱਥਰ ਦੇ ਇਨ੍ਹਾਂ ਰਿਕਾਰਡਾਂ ਵਿਚ 1-1 ਗਾਣਾ ਹੀ ਹੁੰਦਾ ਸੀ। ਇਨ੍ਹਾਂ ਤਵਿਆਂ ਨੂੰ ਚਲਾਉਣ ਵਾਲੀ ਮਸ਼ੀਨ ਦੀ ਸੂਈ ਲੋਹੇ, ਪਿੱਤਲ ਅਤੇ ਸਟੀਲ ਆਦਿ ਧਾਤਾਂ ਦੀ ਬਣੀ ਹੁੰਦੀ ਸੀ। ਹੌਲੀ ਹੌਲੀ ਇਨ੍ਹਾਂ ਦੀ ਥਾਂ ਪਲਾਸਟਿਕ ਤੇ ਲਾਖ ਤੋਂ ਤਿਆਰ ਕੀਤੇ ਤਵੇ ਬਾਜ਼ਾਰ ਵਿਚ ਆਉਣੇ ਸ਼ੁਰੂ ਹੋ ਗਏ। ਇਹ ਜਿੱਥੇ ਭਾਰ ਵਿਚ ਹਲਕੇ ਸਨ, ਉਥੇ ਇਨ੍ਹਾਂ ਨੂੰ ਇੱਕ-ਥਾਂ ਤੋਂ ਦੂਜੀ ਥਾਂ ਲੈ ਕੇ ਜਾਣਾ ਵੀ ਅਸਾਨ ਸੀ।


*ਸੰਜੀਵ ਪੁਰੀ ਉਰਫ ਬਬਲੂ ਆਪਣੇ ਸੰਭਾਲੇ ਖਜਾਨੇ ਨਾਲ*

ਸੰਜੀਵ ਨੇ ਦੱਸਿਆ ਕਿ ਇਨ੍ਹਾਂ ਰਿਕਾਰਡਾਂ ਵਿਚੋਂ 12 ਇੰਚ ਦੇ (ਐਲ.ਪੀ.) ਰਿਕਾਰਡ ਵਿਚ 4 ਤੋਂ 12, 10 ਇੰਚ ਵਿਚ 1 ਤੋਂ 4 ਜਦਕਿ 7 ਇੰਚ ਦੇ ਤਵੇ (ਈ.ਪੀ.) 'ਤੇ 2 ਤੋਂ 6 ਤੱਕ ਗਾਣੇ ਰਿਕਾਰਡ ਹੁੰਦੇ ਸਨ। ਇਨ੍ਹਾਂ ਨੂੰ ਵੀ ਵੱਖ ਵੱਖ ਸਪੀਡ 'ਤੇ ਚਲਾਇਆ ਜਾਂਦਾ ਸੀ।

ਸੰਜੀਵ ਕੋਲ ਸਾਂਭੇ ਰਿਕਾਰਡਾਂ ਵਿਚ ਚਾਂਦੀ ਰਾਮ ਚਾਂਦੀ, ਸਾਦੀ ਬਖ਼ਸ਼ੀ, ਯਮਲਾ ਜੱਟ, ਸਵਰਨ ਲਤਾ, ਸਾਜਨ ਰਾਏਕੋਟ, ਦੀਦਾਰ ਸਿੰਘ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਅਮਰ ਸਿੰਘ ਚਮਕੀਲਾ, ਦੀਦਾਰ ਸੰਧੂ, ਕੁਲਦੀਪ ਪਾਰਸ, ਅਮਰ ਨੂਰੀ, ਮਹਿੰਦਰ ਕਪੂਰ, ਚਿਤਰਾ ਸਿੰਘ, ਅਸ਼ੋਕ ਸਹਿਗਲ, ਅਕਬਰ ਅਲੀ ਜੋਧਾ, ਸ਼ਮਸ਼ਾਦ ਬੇਗਮ, ਨੂਰ ਜਹਾਂ, ਲਤਾ ਮੰਗੇਸ਼ਕਰ, ਨਰਿੰਦਰ ਬੀਬਾ, ਆਸ਼ਾ ਭੋਂਸਲੇ, ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਕਰਮਜੀਤ ਧੂਰੀ, ਰਣਜੀਤ ਧੂਰੀ-ਬਿਮਲਾ, ਜਗਜੀਤ ਸਿੰਘ, ਸ਼ਿਵ ਕੁਮਾਰ, ਜਗਤ ਸਿੰਘ ਜੱਗਾ ਤੋਂ ਇਲਾਵਾ ਅਨੇਕਾਂ ਹੀ ਹੋਰ ਗਾਇਕਾਂ ਦੇ ਹਿੰਦੀ ਅਤੇ ਪੰਜਾਬੀ ਗੀਤ ਸ਼ਾਮਲ ਹਨ।

ਸੰਜੀਵ ਇੱਕ ਚੰਗਾ ਸਟੰਟਮੈਨ ਵੀ ਹੈ। ਉਹ ਹਿੰਦੀ ਫਿਲਮ ਗਦਰ ਤੋਂ ਇਲਾਵਾ ਪੰਜਾਬੀ ਫਿਲਮਾਂ ਮੇਲਾ, ਬਾਗੀ, ਜਾਵਰ ਆਦਿ ਵਿਚ ਸਟੰਟਮੈਨ ਵਜੋਂ ਕੰਮ ਕਰ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਉਹ ਇਸ ਮੁਕਾਮ 'ਤੇ ਕਦੇ ਨਾ ਪੁੱਜਦਾ ਜੇ ਪਰਿਵਾਰ ਵੱਲੋਂ ਉਸ ਨੂੰ ਸਹਿਯੋਗ ਨਾਲ ਮਿਲਦਾ। ਉਸ ਦੀ ਪ੍ਰਾਪਤੀ ਪਿੱਛੇ ਮਾਤਾ ਸੀਤਾ ਪੁਰੀ ਅਤੇ ਭੈਣ ਮੀਰਾ ਪੁਰੀ ਦਾ ਅਹਿਮ ਯੋਗਦਾਨ ਹੈ। ਕਿਸੇ ਯੂਨੀਵਰਸਿਟੀ ਜਾਂ ਸੰਸਥਾ ਤੋਂ ਵੱਧ ਖ਼ਜ਼ਾਨਾ ਸੰਭਾਲੀ ਬੈਠੇ ਇਕੱਲੇ ਸੰਜੀਵ ਨੂੰ ਇਸ ਗੱਲ ਦਾ ਗਿਲਾ ਹੈ ਕਿ ਕਿਸੇ ਸਰਕਾਰੀ ਅਫਸਰ ਜਾਂ ਰਾਜਨੀਤਕ ਆਗੂ ਨੇ ਉਸ ਦੀ ਇਸ ਘਾਲਣਾ ਲਈ ਗੱਲੀਂ-ਬਾਤੀਂ ਵੀ ਕਦੇ ਹੌਸਲਾ ਅਫਜਾਈ ਨਹੀਂ ਕੀਤੀ।

# ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ...

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅੱਠ ਮਾਰਚ ਦੁਨੀਆਂ ਭਰ ਵਿਚ ਮਹਿਲਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮਹਿਲਾਵਾਂ ਨੂੰ ਸਰੀਰਕ ਤੇ ਆਤਮਕ ਸ਼ਕਤੀ ਦੇਣ ਦੀਆਂ ਗੱਲਾਂ ਹੁੰਦੀਆਂ ਹਨ। ਬਲਾਤਕਾਰੀਆਂ ਨੂੰ ਸਜ਼ਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਪਰ ਮਰਦਾਂ ਦੀ ਮਾਨਸਿਕਤਾ ਵਿਚ ਅਜਿਹਾ ਨਿਘਾਰ ਆ ਚੁੱਕਾ ਹੈ ਕਿ ਮਹਿਲਾ ਦੇ ਅਪਮਾਨ ਦੀਆਂ ਖਬਰਾਂ ਦਾ ਕੋਈ ਅੰਤ ਨਹੀਂ ਰਿਹਾ। ਸਮੂਹਕ ਬਲਾਤਕਾਰ ਦੇ ਕਿੱਸੇ ਵੀ ਹੁੰਦੇ ਹਨ। ਬਲਾਤਕਾਰ ਦੇ ਦੋਸ਼ੀਆਂ ਵਿਚ ਪੁਲਸੀਆਂ ਦੇ ਨਾਂ ਵੀ ਆ ਰਹੇ ਹਨ। ਧੀ ਧਿਆਣੀ ਦੀ ਰਾਖੀ ਕਰਨ ਵਾਲੇ ਪੁਲਸੀਆਂ ਦੇ ਕਾਤਲਾਂ ਦੇ ਵੀ। ਜਾਪਦਾ ਇਹ ਹੈ ਕਿ ਦੋਸ਼ੀਆਂ ਨੂੰ ਪੁਰਾਣੇ ਸਮਿਆਂ ਵਾਂਗ ਅਪੰਗ ਕਰਕੇ ਜੀਵਨ ਭਰ ਲਈ ਜੇਲ੍ਹਾਂ ਵਿਚ ਤਾੜਨ ਤੋਂ ਬਿਨਾ ਇਸ ਮਾਨਸਿਕਤਾ ਦਾ ਕੋਈ ਇਲਾਜ ਨਹੀਂ।

ਇਹ ਵੀ ਸਬੱਬ ਹੈ ਕਿ 8 ਮਾਰਚ ਨੂੰ ਜਨਮ ਲੈਣ ਵਾਲਾ ਉਰਦੂ ਕਵੀ ਤੇ ਗੀਤਕਾਰ ਆਪਣੀ ਮਾਂ ਦਾ ਬਹੁਤ ਆਦਰ ਮਾਣ ਕਰਦਾ ਸੀ। 'ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਦਨਾਮ ਕੀਆ' ਮੁਖੜੇ ਵਾਲਾ ਗੀਤ ਲਿਖਣ ਵਾਲਾ ਵੀ ਉਹੀਓ ਸੀ। ਇਸ ਗੀਤ ਨੂੰ ਉਰਦੂ ਜ਼ੁਬਾਨ ਦੇ ਰਸੀਏ ਮਰਦ ਤੇ ਔਰਤਾਂ ਗਾਉਂਦੇ ਆਏ ਹਨ। ਸਾਹਿਰ ਲੁਧਿਆਣਵੀ ਦੀ ਜਨਮ ਸ਼ਤਾਬਦੀ ਸਮੇਂ ਭਾਰਤ ਸਰਕਾਰ ਵਲੋਂ ਸਾਹਿਰ ਲੁਧਿਆਣਵੀ ਦੇ ਨਾਂ ਦੀ ਡਾਕ ਟਿਕਟ ਜਾਰੀ ਕੀਤੇ ਜਾਣ ਨੂੰ ਚਿੰਨ੍ਹਾਤਮਕ ਮਲ੍ਹਮ ਵਜੋਂ ਲਿਆ ਜਾਣਾ ਚਾਹੀਦਾ



ਸਾਹਿਰ ਲੁਧਿਆਣਵੀ

ਹੈ। ਕਹਿੰਦੇ ਹਨ ਇਸ ਦਾ ਸੁਝਾਅ ਦਿੱਲੀ ਰਹਿ ਚੁੱਕੇ ਪੁਲਿਸ ਕਮਿਸ਼ਨਰ ਕੇ. ਕੇ. ਪਾਲ ਵਲੋਂ ਆਇਆ ਸੀ। ਸਾਡੇ ਦੇਸ਼ ਵਿਚ ਅਜਿਹੇ ਅਮਲ ਵੀ ਸਬੱਬ ਨਾਲ ਬਣਦੇ ਹਨ। ਮੈਂ 7 ਅਪਰੈਲ 1997 ਨੂੰ ਪੰਜਾਬੀ ਨਾਵਲਕਾਰ ਨਾਨਕ ਸਿੰਘ ਦੇ ਨਾਂ ਦੀ ਟਿਕਟ ਜਾਰੀ ਕੀਤੇ ਜਾਣ ਸਮੇਂ ਦਾ ਚਸ਼ਮਦੀਦ ਗਵਾਹ ਹਾਂ। ਇਹ ਟਿਕਟ ਪੰਜਾਬੀ ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਦੇ ਸੁਝਾਅ ਉਤੇ ਸ਼੍ਰੀ ਇੰਦਰ ਕੁਮਾਰ ਗੁਜਰਾਲ ਵਲੋਂ ਜਾਰੀ ਕੀਤੀ ਗਈ ਸੀ। ਅਸੀਂ ਤਾਂ ਚਾਹਾਂਗੇ ਕਿ ਲੇਖਕਾਂ ਤੇ ਕਲਾਕਾਰਾਂ ਦੇ ਘਰਾਂ ਜਾਂ ਟਿਕਾਣਿਆਂ ਨੂੰ ਸ਼ੇਕਸਪੀਅਰ, ਟਾਮਸ ਹਾਰਡੀ, ਲਾਰਡ ਬਾਇਰਨ ਦੇ ਘਰਾਂ ਤੇ ਟਿਕਾਣਿਆਂ ਵਰਗਾ ਸਤਿਕਾਰ ਮਿਲੇ ਜਿਸ ਤਰ੍ਹਾਂ ਇੰਗਲੈਂਡ ਵਿਚ ਹੈ। ਫੇਰ ਵੀ ਭਾਰਤ ਸਰਕਾਰ ਵਲੋਂ ਦਿੱਤੀ ਗਈ ਥੋੜ੍ਹੀ ਸ਼ੋਭਾ ਦਾ ਵੀ ਸਵਾਗਤ ਹੋਣਾ ਕਰਨਾ ਬਣਦਾ ਹੈ।

### ਸੈਕੰਡਰੀ ਸਕੂਲਾਂ ਦੇ ਮੈਗਜ਼ੀਨ

ਸਾਲ 2012 ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਪੰਜਾਬ ਦੇ ਸਰਕਾਰੀ ਸੈਕੰਡਰੀ ਤੇ ਸੀਨੀਅਰ ਸੈਕੰਡਰੀ ਸਕੂਲਾਂ ਨੇ ਸਕੂਲੀ ਬੱਚਿਆਂ ਨੂੰ ਰੁਝਾਈ ਰੱਖਣ ਤੇ ਉਸਾਰੂ ਕਾਰਜਾਂ ਲਈ ਤਿਆਰ ਕਰਨ ਦੇ ਮੰਤਵ ਨਾਲ ਇਕ ਬਹੁਤ ਵਧੀਆ ਪਹਿਲਕਦਮੀ ਕੀਤੀ। ਸਕੂਲਾਂ ਨੇ ਇਹ ਕਦਮ ਨਵ-ਨਿਯੁਕਤ ਡਾਇਰੈਕਟਰ ਜਨਰਲ ਕਾਹਨ ਸਿੰਘ ਪੰਨੂੰ ਦੇ ਨਿਰਦੇਸ਼ਾਂ ਅਧੀਨ ਚੁਕਿਆ ਹੈ। ਇਨ੍ਹਾਂ ਮੈਗਜ਼ੀਨਾਂ ਵਿਚ ਨਿੱਕੇ ਬੱਚਿਆਂ ਨੇ ਗੀਤ, ਕਵਿਤਾਵਾਂ, ਕਹਾਣੀਆਂ ਤੇ ਲੇਖਾਂ ਰਾਹੀਂ ਆਪਣੇ ਮਨ ਦੀਆਂ ਗੱਲਾਂ ਕਹੀਆਂ ਹਨ। ਨਸ਼ੇ, ਭਰੂਣ ਹੱਤਿਆ, ਰਸਮਾਂ, ਭਰਮ-ਭੁਲੇਖੇ, ਮਾਨਵੀ ਕੀਮਤਾਂ, ਰਿਸ਼ਤਿਆਂ ਦੀ ਟੁੱਟ ਭੱਜ, ਵਾਤਾਵਰਣ, ਮਾਂ ਬੋਲੀ, ਮੌਜ ਮੇਲੇ, ਮਿੱਠਾ ਬੋਲਣਾ, ਰੁੱਖਾਂ ਨਾਲ ਪਿਆਰ, ਧੀਆਂ ਦੀ ਇੱਜ਼ਤ, ਪਾਲਤੂ ਜਾਨਵਰ, ਅੰਧ ਵਿਸ਼ਵਾਸ ਆਦਿ ਵਿਸ਼ਿਆਂ ਉਤੇ ਬਾਲਕਾਂ ਦੇ ਕਿੰਤੂ-ਪ੍ਰੰਤੂ ਪੜ੍ਹਦਿਆਂ ਵੱਡਿਆਂ ਨੂੰ ਬੱਚਿਆਂ ਦੀਆਂ ਸੋਚਾਂ ਤੇ ਉਮੰਗਾਂ ਦਾ ਹੀ ਪਤਾ ਨਹੀਂ ਲਗਦਾ, ਆਪਣਾ ਬਚਪਨ ਵੀ ਯਾਦ ਆਉਂਦਾ ਹੈ। ਕਈ ਮੈਗਜ਼ੀਨ ਤਿਮਾਹੀ ਹਨ ਤੇ ਕਈ ਛਿਮਾਹੀ, ਕਈ ਸਾਲਾਨਾ ਰਿਪੋਰਟ ਮਾਤਰ। ਸਕੂਲਾਂ ਦੇ ਅਧਿਆਪਕਾਂ ਤੇ ਸੇਵਾਦਾਰਾਂ ਨੇ ਵੀ ਕੁਝ ਨਾ ਕੁਝ ਲਿਖਿਆ ਹੈ। ਬਹੁਤ ਚੰਗਾ ਲਗਦਾ ਹੈ।

ਹਰ ਸਕੂਲ ਨੇ ਆਪਣੇ ਮੈਗਜ਼ੀਨ ਨੂੰ ਉਸਾਰੂ ਨਾਂ ਦਿੱਤਾ ਹੈ। ਬਾਲ ਸੁਪਨੇ, ਪਰਵਾਜ਼, ਦਸਤਕ, ਉਡਾਣ, ਆਗਾਜ਼, ਤਮੰਨਾ, ਜਾਗ੍ਰਿਤੀ, ਕਚੀਆਂ ਕਲਮਾਂ, ਰਚਨਾ, ਸਿਰਜਣਾ ਆਦਿ ਨਾਂ ਦੱਸਦੇ ਹਨ ਕਿ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸੋਚ ਕਿਸ ਪਾਸੇ ਜਾ ਰਹੀ ਹੈ। ਇੱਕ ਗਲ ਤਾਂ ਪੱਕੀ ਹੈ ਕਿ ਅਜਿਹਾ ਕਰਨ ਨਾਲ ਬੱਚਿਆਂ ਦੀ ਲਿਖਣ-ਪੜ੍ਹਨ ਵਿਚ ਰੁਚੀ ਵਧਦੀ ਹੈ। ਸਿਰਜਣਾਤਮਕ ਅਮਲ ਤੇਜ਼ ਹੁੰਦਾ ਹੈ। ਇੱਕ ਦੂਜੇ ਨਾਲ ਉਸਾਰੂ ਟਾਕਰੇ ਦੀ ਭਾਵਨਾ ਪੈਦਾ ਹੁੰਦੀ ਹੈ। ਜੀਵਨ ਵਿਚ ਦਿਲਚਸਪੀ ਵਧਦੀ ਹੈ।

ਇਨ੍ਹਾਂ ਸਕੂਲਾਂ ਦਾ ਉਤਸ਼ਾਹ ਦੇਖ ਕੇ ਹੁਣ ਡਾਇਰੈਕਟੋਰੇਟ ਨੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀਆਂ ਲਿਖਤਾਂ ਲਈ ਡਾ. ਦੇਵਿੰਦਰ ਬੋਹਾ ਦੀ ਸੰਪਾਦਨਾ ਹੇਠ 'ਪ੍ਰਵੇਸ਼' ਨਾਂ ਦਾ ਤ੍ਰੈਮਾਸਕ ਮੈਗਜ਼ੀਨ ਵੀ ਛਾਪਣਾ ਸ਼ੁਰੂ ਕੀਤਾ ਹੈ ਜਿਹੜਾ ਇਸ ਲਹਿਰ ਨੂੰ ਤੇਜ਼ੀ ਬਖਸ਼ੇਗਾ। ਇਸ ਸਭ ਕਾਸੇ ਨਾਲ ਪੰਜਾਬ ਦੀ ਨਵੀਂ ਪਨੀਰੀ ਨੂੰ ਨਵਾਂ ਹੁਲਾਰਾ ਮਿਲਣ ਦੀ ਆਸ ਹੈ। ਕੱਲ ਨੂੰ ਦੂਜੇ ਰਾਜ ਵੀ ਪੰਜਾਬ ਦੇ ਇਸ ਉਸਾਰੂ ਅਮਲ ਦੀ ਨਕਲ ਕਰ ਸਕਦੇ ਹਨ।

**ਅੰਤਿਕਾ:** ਕਵਿੰਦਰ ਚਾਂਦ
(ਚੋਣ ਸੰਸਥਾ 'ਬਾਲ ਸੁਪਨੇ')
ਪਿਤਾ ਦੀ ਪੱਗ, ਘਰ ਦੀ ਲਾਜ,
ਨਾਲੇ ਪਿਆਰ ਦੀ ਖੁਸ਼ਬੋ।
ਇਨ੍ਹਾਂ ਕੁੜੀਆਂ ਨੇ ਕੀ ਕੁਝ
ਸਾਂਭਿਆ ਹੈ ਚੁੰਨੀਆਂ ਓਹਲੇ।

# ਕੌਰ ਭੈਣਾਂ ਤੇ ਮੰਗੇਸ਼ਕਰ ਭੈਣਾਂ

ਸੁਰਤ ਤੇ ਸੰਗੀਤ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਆਪਣੇ ਬਾਲ-ਮਨ ਉਤੇ ਪਏ ਖਾੜਿਆਂ, ਜਲਸਿਆਂ, ਤਵਿਆਂ, ਗਾਇਕਾਂ, ਖਾਸ ਕਰ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਪ੍ਰਭਾਵ ਦੀ ਗੱਲ ਕਰਦਿਆਂ ਜੇ ਮੈਂ ਹਿੰਦੀ ਫਿਲਮੀ ਗੀਤਾਂ ਨੂੰ ਅਣਗੌਲਿਆ ਕਰਾਂ ਤਾਂ ਵਾਜਬ ਨਹੀਂ ਹੋਵੇਗਾ। ਸਾਡੀ ਪੀੜ੍ਹੀ ਤਾਂ ਲਤਾ ਤੇ ਰਫ਼ੀ ਦੇ ਗਾਏ ਗੀਤ ਗੁਣਗੁਣਾਉਂਦਿਆਂ ਹੀ ਵੱਡੀ ਹੋਈ ਹੈ। ਇਹ ਫਿਲਮਾਂ ਦਾ ਉਹ ਸੁਨਹਿਰੀ ਜੁੱਗ ਸੀ ਜਦੋਂ ਵੱਡੇ ਸ਼ਾਇਰ ਗੀਤ ਲਿਖ ਰਹੇ ਸਨ, ਨਿਪੁੰਨ ਸੰਗੀਤਕਾਰ ਉਨ੍ਹਾਂ ਦੀਆਂ ਧੁਨਾਂ ਤਿਆਰ ਕਰ ਰਹੇ ਸਨ ਅਤੇ ਸਮਰਪਨ ਤੇ ਸਾਧਨਾ ਦੇ ਵਿਸ਼ਵਾਸੀ ਗਾਇਕ ਉਨ੍ਹਾਂ ਨੂੰ ਲਾਜਵਾਬ ਆਵਾਜ਼ ਦੇ ਰਹੇ ਸਨ। ਇਸੇ ਕਰਕੇ ਇਹ ਗੀਤ ਸਰੋਤੇ ਨੂੰ ਸਾਹਿਤਕ ਰੱਜ ਵੀ ਦਿੰਦੇ ਸਨ ਤੇ ਸੰਗੀਤਕ ਸੰਤੁਸ਼ਟੀ ਵੀ।

ਗਾਇਕੀ ਨੂੰ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੇ ਪਰਿਵਾਰ ਦੀ ਦੇਣ ਬਾਰੇ ਸੋਚੀਏ ਤਾਂ ਸੁਤੇ-ਸਿਧ ਹੀ ਮੰਗੇਸ਼ਕਰ ਪਰਿਵਾਰ ਚੇਤੇ ਆ ਜਾਂਦਾ ਹੈ। ਮੈਨੂੰ ਹੀ ਨਹੀਂ, ਸਰੋਤਿਆਂ ਦੀਆਂ ਕਈ ਪੀੜ੍ਹੀਆਂ ਨੂੰ ਜਿਵੇਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਪੰਜਾਬੀ ਸ਼ਬਦ ਤੇ ਸੰਗੀਤ ਦੇ ਸੂਹਜ ਨਾਲ ਜੋੜਿਆ, ਐਨ ਉਸੇ ਤਰ੍ਹਾਂ ਮੰਗੇਸ਼ਕਰ ਭੈਣਾਂ ਨੇ ਉਰਦੂ ਤੇ ਹਿੰਦੁਸਤਾਨੀ ਗੀਤਾਂ ਰਾਹੀਂ ਸ਼ਬਦ ਤੇ ਸੰਗੀਤ ਦੇ ਇਕ ਹੋਰ ਸੰਸਾਰ ਦੇ ਬੂਹੇ ਸਾਡੇ ਲਈ ਖੋਲ੍ਹ ਦਿੱਤੇ। ਸੁਰਿੰਦਰ ਕੌਰ ਤੇ ਲਤਾ ਵਿਚ ਸਾਂਝ ਏਨੀਂ ਹੀ ਨਹੀਂ ਸੀ ਕਿ ਦੋਵਾਂ ਪਰਿਵਾਰਾਂ 'ਚ ਕਈ ਗਾਇਕ ਸਨ। ਜਿਵੇਂ ਸੁਰਿੰਦਰ ਕੌਰ ਦੇ ਪਰਿਵਾਰ ਵਿਚ ਪ੍ਰਕਾਸ਼ ਕੌਰ ਤੇ ਨਰਿੰਦਰ ਕੌਰ ਸਨ, ਲਤਾ ਦੇ ਪਰਿਵਾਰ ਵਿਚ ਮੀਨਾ ਮੰਗੇਸ਼ਕਰ (ਖਡੀਕਰ), ਆਸ਼ਾ ਮੰਗੇਸ਼ਕਰ (ਭੋਸਲੇ) ਤੇ ਊਸ਼ਾ ਮੰਗੇਸ਼ਕਰ ਹਨ। ਦੋਵਾਂ ਵਿਚਕਾਰ ਸਾਂਝ ਵੀ ਇਸ ਤੋਂ ਬਹੁਤ ਅੱਗੇ ਤੱਕ ਸੀ ਤੇ ਫ਼ਰਕ ਵੀ।

ਇਕ ਫ਼ਰਕ ਤਾਂ ਇਹੋ ਸੀ ਕਿ ਜਿਥੇ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਸੰਗੀਤ ਨਾਲ ਜੁੜਨ ਵਾਲੀ ਪਹਿਲੀ ਪੀੜ੍ਹੀ ਸਨ, ਮੰਗੇਸ਼ਕਰ ਭੈਣਾਂ ਦਾ ਪਿਤਾ ਪੰਡਿਤ ਦੀਨਾ ਨਾਥ ਮੰਗੇਸ਼ਕਰ ਮੰਨਿਆ ਹੋਇਆ ਕਲਾਸੀਕਲ ਗਾਇਕ ਤੇ ਥੀਏਟਰ ਐਕਟਰ ਸੀ। ਇਉਂ ਸੁਰਤ ਸੰਭਾਲਣ ਵੇਲੇ ਤੋਂ ਹੀ ਉਨ੍ਹਾਂ ਦੁਆਲੇ ਕਲਾ ਹੀ ਕਲਾ ਸੀ। ਇਹ ਗੱਲ ਜ਼ਰੂਰ ਸਾਂਝੀ ਹੈ ਕਿ ਸੁਰਿੰਦਰ ਕੌਰ ਤੇ ਆਸ਼ਾ ਭੋਸਲੇ ਦੀ ਅਗਲੀ ਪੀੜ੍ਹੀ ਤੇ ਅਗਲੇਰੀ ਪੀੜ੍ਹੀ ਇਸ ਪਰੰਪਰਾ ਨੂੰ ਅੱਗੇ ਵਧਾ ਰਹੀਆਂ ਹਨ।

ਸਬੱਬ ਦੇਖੋ, ਦੋਵਾਂ ਪਰਿਵਾਰਾਂ ਦਾ ਵੱਡੀ ਗਾਇਕੀ ਵਿਚ ਪ੍ਰਵੇਸ਼ ਐਨ ਇਕੋ ਸਮੇਂ ਹੋਇਆ। ਪ੍ਰਕਾਸ਼ ਕੌਰ ਨੇ 1941 ਵਿਚ ਤੇ ਸੁਰਿੰਦਰ ਕੌਰ ਨੇ 1943 ਵਿਚ ਪਹਿਲੀ ਵਾਰ ਰੇਡੀਓ ਤੋਂ ਗਾਇਆ। ਲਤਾ ਨੇ 1942 ਵਿਚ ਤੇ ਆਸ਼ਾ ਨੇ 1943 ਵਿਚ ਗਾਇਕੀ ਦਾ ਆਰੰਭ ਕੀਤਾ। ਸੁਰਿੰਦਰ ਕੌਰ ਹਿੰਦੀ ਫਿਲਮਾਂ ਵਿਚ ਗਾਉਣ ਲਈ 1948 ਵਿਚ ਮੁੰਬਈ ਪਹੁੰਚੀ ਅਤੇ ਉਥੋਂ ਦੇ ਪੰਜਾਬੀ ਸੰਗੀਤ-ਨਿਰਦੇਸ਼ਕ ਉਹਦੀ ਕਲਾ ਦੇ ਪ੍ਰਸ਼ੰਸਕ ਹੋਣ ਕਾਰਨ ਜਾਂਦਿਆਂ ਹੀ ਵੱਡੀਆਂ ਹਿੰਦੀ ਫਿਲਮਾਂ



ਲਤਾ ਮੰਗੇਸ਼ਕਰ

ਵਿਚ ਗਾਉਣ ਲੱਗੀ। ਮਰਾਠੀ ਨਾਟਕਾਂ ਤੇ ਫਿਲਮਾਂ ਵਿਚ ਗਾਉਣ ਪਿਛੋਂ ਲਤਾ ਤੇ ਆਸ਼ਾ ਨੇ ਵੀ 1948 ਵਿਚ ਹੀ ਹਿੰਦੀ ਫਿਲਮਾਂ ਦੀ ਦੇਹਲੀ ਉਤੇ ਪੈਰ ਰੱਖਿਆ। ਲਤਾ ਦੇ ਫਿਲਮੀ ਗਾਇਕੀ ਦੇ ਲੰਮੇ, ਬੇਮਿਸਾਲ ਤੇ ਸ਼ਾਨਦਾਰ ਸਫ਼ਰ ਦੇ ਇਸ ਆਰੰਭ ਨਾਲ ਇਕ ਅਜਿਹੀ ਘਟਨਾ ਜੁੜੀ ਹੋਈ ਹੈ ਜਿਸ ਦਾ ਸਿੱਧਾ ਸਬੰਧ ਸੁਰਿੰਦਰ ਕੌਰ ਨਾਲ ਵੀ ਹੈ। ਇਸ ਕਰਕੇ ਇਹ ਪੰਜਾਬੀ ਪਾਠਕਾਂ ਵਾਸਤੇ ਵਿਸ਼ੇਸ਼ ਦਿਲਚਸਪੀ ਵਾਲੀ ਹੈ।

ਸਟੂਡੀਓ ਫਿਲਮਿਸਤਾਨ ਦੇ ਮਾਲਕ, ਫਿਲਮ-ਨਿਰਮਾਤਾ ਸ਼ਸ਼ਧਰ ਮੁਕਰਜੀ 1948 ਵਿਚ ਆਜ਼ਾਦੀ ਦਾ ਵਿਸ਼ਾ ਲੈ ਕੇ ਉਸ ਸਮੇਂ ਦੀ ਚਰਚਿਤ ਜੋੜੀ ਦਲੀਪ ਕੁਮਾਰ ਤੇ ਕਾਮਿਨੀ ਕੌਸ਼ਲ ਨਾਲ ਪ੍ਰਸਿੱਧ ਫਿਲਮ 'ਸ਼ਹੀਦ' ਬਣਾ ਰਹੇ ਸਨ। ਸੰਗੀਤ-ਨਿਰਦੇਸ਼ਕ ਮਾਸਟਰ ਗ਼ੁਲਾਮ ਹੈਦਰ ਸਨ ਜੋ ਪੰਜਾਬੀ ਸਨ। ਉਹ ਕਾਮਿਨੀ ਦੇ ਗੀਤਾਂ ਵਾਸਤੇ ਮੁਕਰਜੀ ਕੋਲ ਲਤਾ ਨੂੰ ਲੈ ਕੇ ਆਏ ਤੇ ਉਹਦੀ ਸਿਫ਼ਾਰਸ਼ ਕੀਤੀ। ਸੁਣ ਕੇ ਮੁਕਰਜੀ ਨੇ ਇਨਕਾਰ ਕਰ ਦਿੱਤਾ, "ਆਵਾਜ਼ ਕੁਛ ਵਧੇਰੇ ਹੀ ਪਤਲੀ ਹੈ!" ਇਸ ਪਿਛੋਂ ਹੈਦਰ ਸਾਹਿਬ ਨੇ ਉਹ ਗੀਤ ਸੁਰਿੰਦਰ ਕੌਰ ਤੋਂ ਗਵਾਏ। ਉਹਦੀ ਆਵਾਜ਼ ਵਿਚ ਜੇ. ਨਕਸ਼ਬ ਦਾ ਲਿਖਿਆ 'ਆਨਾ ਹੈ ਤੋ ਆ ਜਾਓ...' ਅਤੇ ਰਾਜਾ ਮਹਿਦੀ ਅਲੀ ਖਾਂ ਦੇ ਲਿਖੇ ਗੀਤ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ...' ਤੇ 'ਹਮ ਕਹਾਂ ਔਰ ਤੁਮ ਕਹਾਂ...' ਬੇਹੱਦ ਮਕਬੂਲ ਹੋਏ। ਵੈਸੇ ਤਾਂ ਅੱਗੇ ਚੱਲ ਕੇ ਪੈਰ ਪੱਕੇ ਜੰਮਦਿਆਂ ਹੀ ਲਤਾ ਨੇ ਇਕ ਇਕ ਕਰ ਕੇ ਇਸਤਰੀ ਗਾਇਕਾਂ ਲਈ ਹਾਲਾਤ ਮੁਸ਼ਕਿਲ ਕਰਨੇ ਸ਼ੁਰੂ ਕਰ ਦਿੱਤੇ, ਪਰ ਲਗਦਾ ਹੈ, ਉਹਨੇ ਸੁਰਿੰਦਰ ਕੌਰ ਦੇ ਸਬੰਧ ਵਿਚ ਇਸ ਗੱਲ ਦੀ ਖਾਰ ਵੀ ਜ਼ਰੂਰ ਖਾਧੀ ਹੋਵੇਗੀ।

ਉਪਰੋਕਤ ਘਟਨਾ ਵਾਪਰਨ ਸਮੇਂ ਆਵਾਜ਼ ਦੇ ਪਾਰਖੀ ਗ਼ੁਲਾਮ ਹੈਦਰ ਨੇ ਬੜੇ ਸਖ਼ਤ ਸ਼ਬਦਾਂ ਵਿਚ ਉਤਰ ਦਿੱਤਾ, "ਮੁਕਰਜੀ ਸਾਹਿਬ, ਆਉਂਦੇ ਸਮੇਂ ਵਿਚ ਨਿਰਮਾਤਾ ਤੇ ਨਿਰਦੇਸ਼ਕ ਲਤਾ ਦੇ ਪੈਰਾਂ ਉਤੇ ਡਿੱਗਿਆ ਕਰਨਗੇ ਤੇ ਆਪਣੀਆਂ ਫਿਲਮਾਂ ਦੇ ਗੀਤ ਗਵਾਉਣ ਵਾਸਤੇ ਉਹਦੇ ਤਰਲੇ-ਮਿੰਨਤਾਂ ਕਰਿਆ ਕਰਨਗੇ!" ਆਪਣੀ ਭਵਿੱਖਬਾਣੀ ਨੂੰ ਸੱਚੀ ਸਿੱਧ ਕਰਨ ਖ਼ਾਤਰ ਉਹਨੇ ਉਸੇ ਸਾਲ ਆਪਣੇ ਸੰਗੀਤ-ਨਿਰਦੇਸ਼ਨ ਹੇਠ ਫਿਲਮ 'ਮਜਬੂਰ' ਵਾਸਤੇ ਪ੍ਰਮੁੱਖ ਨਾਇਕਾ ਮੁਨੱਵਰ ਸੁਲਤਾਨਾ ਦੇ ਬੁੱਲ੍ਹਾਂ ਲਈ ਨਾਜ਼ਿਮ ਪਾਨੀਪਤੀ ਦਾ ਲਿਖਿਆ ਗੀਤ 'ਦਿਲ ਮੇਰਾ ਤੋੜਾ, ਮੁਝੇ ਕਹੀਂ ਕਾ ਨਾ ਛੋੜਾ, ਹਾਇ ਤੇਰੇ ਪਿਆਰ ਨੇ...' ਗਵਾ ਕੇ ਲਤਾ ਦੀ ਗਾਇਕੀ ਲਈ ਬੂਹੇ ਚੁਪੱਟ ਖੋਲ੍ਹ ਦਿੱਤੇ। ਝੱਟ ਹੀ ਉਹਨੂੰ ਵੱਡੀਆਂ ਫਿਲਮਾਂ ਮਿਲਣ ਲੱਗ ਪਈਆਂ।

ਅਗਲੇ ਸਾਲ ਪਰਦੇ ਉਤੇ ਆਈ ਫਿਲਮ 'ਮਹੱਲ' ਦੇ ਗੀਤਾਂ 'ਦਿਲ ਨੇ ਫਿਰ ਯਾਦ ਕੀਆ', 'ਮੁਸ਼ਕਿਲ ਹੈ ਬਹੁਤ ਮੁਸ਼ਕਿਲ' ਤੇ ਖਾਸ ਕਰਕੇ 'ਆਏਗਾ ਆਨੇ ਵਾਲਾ' ਨੇ ਧੁੰਮਾਂ ਪਾ ਦਿੱਤੀਆਂ। ਜਦੋਂ ਉਹਦੇ ਨਾਲ ਹੀ ਆਈ ਰਾਜਕਪੂਰ ਦੀ ਫਿਲਮ 'ਬਰਸਾਤ' ਵਿਚ ਨਰਗਿਸ ਤੇ ਨਿੰਮੀ, ਦੋਵਾਂ ਲਈ ਗਾਏ ਗੀਤ ਗਲੀ ਗਲੀ ਗੂੰਜਣ ਲੱਗੇ, ਫੇਰ ਤਾਂ ਸਮਝੋ ਲਤਾ ਲਤਾ ਹੀ ਹੋਣ ਲੱਗ ਪਈ। ਇਨ੍ਹਾਂ ਸਾਰੇ ਦੇ ਸਾਰੇ ਗੀਤਾਂ ਦੀ ਚਿਰਜੀਵਤਾ ਤੇ ਹਰਮਨਪਿਆਰਤਾ ਦੇਖੋ ਕਿ 'ਜੀਆ ਬੇਕਰਾਰ ਹੈ, ਛਾਈ ਬਹਾਰ ਹੈ', 'ਮੁਝੇ ਕਿਸੀ ਸੇ ਪਿਆਰ ਹੋ ਗਿਆ', 'ਵਿਛੜੇ ਹੂਏ ਪਰਦੇਸੀ ਇਕ ਵਾਰ ਤੋ ਆਨਾ ਤੂ', 'ਅਬ ਮੇਰਾ ਕੌਨ ਸਹਾਰਾ', 'ਛੋੜ ਗਏ ਬਾਲਮ ਮੁਝੇ ਹਾਇ ਅਕੇਲਾ ਛੋੜ ਗਏ', 'ਮੇਰੀ ਆਂਖੋਂ ਮੇਂ ਵਸ ਗਿਆ ਕੋਈ ਰੇ', 'ਹਮ ਸੇ ਮਿਲੇ ਤੁਮ ਸਜਨ ਤੁਮ ਸੇ ਮਿਲੇ ਹਮ, ਬਰਸਾਤ ਮੇਂ", 'ਹਵਾ ਮੇਂ ਉੜਤਾ ਜਾਏ ਮੋਰਾ ਲਾਲ ਦੁਪੱਟਾ ਮਲਮਲ ਕਾ ਹੋ ਜੀ ਹੋ ਜੀ' ਅੱਜ ਵੀ ਸੁਣੇ ਤੇ ਬੇਹੱਦ ਸਲਾਹੇ ਜਾਂਦੇ ਹਨ। ਇਸ ਪਿਛੋਂ ਹਿੰਦੀ ਫਿਲਮਾਂ ਦੀ ਇਸਤਰੀ ਗਾਇਕੀ ਉਤੇ ਲਤਾ ਦਾ ਅਣਵੰਗਾਰਿਆ ਰਾਜ ਕਾਇਮ ਹੋ ਗਿਆ।

ਇਕ ਵੱਡਾ ਫ਼ਰਕ ਨਜ਼ਰੀਏ ਦਾ ਸੀ-ਕਲਾ ਨੂੰ ਕਲਾ ਵਜੋਂ ਲੈਣਾ ਹੈ ਜਾਂ ਨਿਰੋਲ ਵਿਕਣਯੋਗ ਵਸਤ ਵਜੋਂ। ਆਪਣੀ ਆਪਣੀ ਉਚਾਈ ਛੋਹ ਕੇ ਵੀ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਸਿਰਫ਼ ਇਕ ਦੂਜੀ ਵੱਲ ਹੀ ਸੁਹਿਰਦ ਤੇ ਸਨਿਮਰ ਨਹੀਂ ਰਹੀਆਂ, ਸਗੋਂ ਉਨ੍ਹਾਂ ਜਿੰਨੀ ਪ੍ਰਸਿੱਧੀ ਨਾ ਖੱਟ ਸਕੀ ਤੀਜੀ ਭੈਣ ਨਰਿੰਦਰ ਕੌਰ ਦੀ ਕਲਾ ਨੂੰ ਵੀ ਪੂਰੀ ਮਾਨਤਾ ਦਿੰਦੀਆਂ ਰਹੀਆਂ। ਜਿਥੇ ਵੀ ਸੰਭਵ



ਆਸ਼ਾ ਭੌਂਸਲੇ

ਹੁੰਦਾ, ਉਹ ਮੰਚ ਉਤੇ ਉਹਨੂੰ ਆਪਣੀ ਬਰਾਬਰ ਦੀ ਸਾਂਝੀਦਾਰ ਬਣਾਉਂਦੀਆਂ। ਇਹੋ ਰਵਈਆ ਉਨ੍ਹਾਂ ਦਾ ਹੋਰ ਸਭ ਇਸਤਰੀ ਗਾਇਕਾਂ ਵੱਲ ਸੀ। ਜੇ ਨਰਿੰਦਰ ਕੌਰ ਦੀ ਗਾਇਕੀ ਨੂੰ ਮਾਣਨਾ ਹੋਵੇ ਤੇ ਸੁਰਿੰਦਰ ਕੌਰ ਨਾਲ ਕਦਮ ਮਿਲਾ ਕੇ ਤੁਰਦੀ ਦੇਖਣਾ ਹੋਵੇ, ਉਨ੍ਹਾਂ ਦੋਵਾਂ ਦੇ ਬੜੀ ਨੇੜਤਾ ਤੇ ਅਪਣੱਤ ਨਾਲ ਮਿਲ ਕੇ ਗਾਏ ਦੋ ਖ਼ੂਬਸੂਰਤ ਗੀਤ 'ਕਾਲੇ ਰੰਗ ਦਾ ਪਰਾਂਦਾ...' ਤੇ 'ਚੰਨ ਵੇ ਕਿ ਸ਼ੌਕਣ ਮੇਲੇ ਦੀ...' ਨੈਟ ਤੋਂ ਦੇਖੇ ਤੇ ਸੁਣੇ ਜਾ ਸਕਦੇ ਹਨ। ਇਹਦੇ ਉਲਟ ਇਕ ਬੜੀ ਦਿਲਚਸਪ ਗੱਲ ਮੇਰੇ ਪੜ੍ਹਨ ਵਿਚ ਆਈ। ਜੇ ਲਤਾ ਨੂੰ ਮਜਬੂਰੀ ਵੱਸ ਆਸ਼ਾ ਨਾਲ ਦੋਗਾਣਾ ਗਾਉਣਾ ਪੈ ਹੀ ਜਾਂਦਾ, ਉਹ ਆਪਣਾ ਮੂੰਹ ਨਾਲ ਖਲੋਤੀ ਆਸ਼ਾ ਤੋਂ ਪਰ੍ਹੇ ਰੱਖਣ ਲਈ ਗੀਤ ਦੇ ਸ਼ਬਦਾਂ ਤੇ ਸੁਰਲਿਪੀ ਵਾਲਾ ਕਾਗ਼ਜ਼ ਦੂਜੇ ਹੱਥ ਵਿਚ ਫੜਦੀ ਸੀ! ਜਦੋਂ ਉਹਨੂੰ ਪਤਾ ਲੱਗਿਆ ਕਿ ਇਕ ਵੱਡੇ ਸਮਾਗਮ ਵਿਚ ਨਹਿਰੂ ਦੀ ਹਾਜ਼ਰੀ ਵਿਚ ਗੀਤ 'ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ' ਗਾਉਣ ਵਾਸਤੇ ਆਸ਼ਾ ਨਾਲ ਗੱਲ ਚੱਲ ਰਹੀ ਹੈ, ਲਤਾ ਨੇ ਸਰਕਾਰੀ ਅਧਿਕਾਰੀਆਂ ਨਾਲ ਜੁੜੀਆਂ ਤੰਦਾਂ ਇਉਂ ਹਿਲਾਈਆਂ ਕਿ ਅੰਤ ਨੂੰ ਇਹ ਗੀਤ ਗਾਉਣ ਦਾ ਸੁਭਾਗ ਉਹਨੂੰ ਹੀ ਮਿਲਿਆ!

ਲਤਾ, ਜੋ 2001 ਵਿਚ 'ਭਾਰਤ ਰਤਨ' ਨਾਲ ਸਨਮਾਨੀ ਗਈ, ਨੇ ਆਪਣੀ ਕਲਾ ਦਾ ਸਿੱਕਾ ਕੀ ਮੰਨਵਾਇਆ ਕਿ ਲੋਕਾਂ ਦੇ ਮਨਾਂ ਉਤੇ ਛਾਈਆਂ ਹੋਈਆਂ ਸਭ ਗਾਇਕਾਵਾਂ ਨੂੰ ਬੜੀ ਜੁਗਤ ਨਾਲ ਇਕ ਇਕ ਕਰ ਕੇ ਘਰ ਬਿਠਾ ਦਿੱਤਾ। ਇਸ ਅਮਲ ਦਾ ਅਰੰਭ ਉਹਨੇ ਆਪਣੀ ਹੀ ਭੈਣ ਆਸ਼ਾ ਤੋਂ ਕੀਤਾ। ਕਿੰਨੇ ਸਾਲ ਉਹ ਨਾਇਕਾਵਾਂ ਲਈ ਗਾਉਣ ਵਾਲੀਆਂ ਲਤਾ ਤੇ ਹੋਰ ਗਾਇਕਾਵਾਂ ਦੇ ਛੱਡੇ ਹੋਏ ਗੀਤ, ਮਿਸਾਲ ਵਜੋਂ ਖਲਨਾਇਕਾ ਦੇ ਗੀਤ ਗਾਉਣ ਵਾਸਤੇ ਮਜਬੂਰ ਰਹੀ। ਪਰ ਉਹਨੇ ਦਮ ਦਿਖਾਇਆ, ਡਟੀ ਰਹੀ ਅਤੇ ਆਪਣੀ ਗਾਇਕੀ ਉਤੇ ਮਾਣ ਕਰਦਿਆਂ ਕੰਮ ਦੀ ਭਾਲ ਤੇ ਉਡੀਕ ਵਿਚ ਸੰਗੀਤਕਾਰਾਂ ਦੇ ਚੱਕਰ ਕਟਦੀ ਰਹੀ। ਇਕ ਟੀ ਵੀ ਇੰਟਰਵਿਊ ਵਿਚ ਉਹਨੇ ਇਕ ਦਿਲਚਸਪ ਕਿੱਸਾ ਸੁਣਾਇਆ। "ਇਕ ਸਟੂਡੀਓ ਵਿਚ ਜਾਣ ਲਈ ਮੈਂ ਪੈਦਲ ਪ੍ਰਵੇਸ਼-ਦੁਆਰ ਕੋਲ ਪਹੁੰਚੀ ਹੀ ਸੀ ਕਿ ਪਿੱਛੋਂ ਦੀਦੀ ਦੀ ਜਹਾਜ਼ ਜਿੱਡੀ ਕਾਰ ਆਈ ਤੇ ਰੁਕੇ ਬਿਨਾਂ ਮੇਰੇ ਉਤੇ ਧੂੜ ਪਾਉਂਦੀ ਲੰਘ ਗਈ। ਮੈਂ ਹੱਥ ਜੋੜੇ, ਰੱਬਾ, ਕਦੀ ਮੇਰੇ ਕੋਲ ਵੀ ਕਾਰ ਹੋਊ!" ਅੰਤ ਉਹਦੀ ਦ੍ਰਿੜ੍ਹਤਾ ਅਜਿਹਾ ਰੰਗ ਲਿਆਈ ਕਿ ਦੀਦੀ ਨੇ ਵੀ ਰਿਸ਼ਤਾ ਸੁਧਾਰਨ ਵਿਚ ਹੀ ਭਲਾ ਸਮਝਿਆ।



ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ

ਅੱਜ ਬਹੁਤ ਸਾਰੇ ਕਲਾ-ਆਲੋਚਕ ਆਵਾਜ਼ ਦੀ ਵਿਲੱਖਣਤਾ ਤੇ ਵੰਨਸਵੰਨੀਆਂ ਸ਼ੈਲੀਆਂ ਵਿਚ ਗਾਉਣ ਦੀ ਸਮਰੱਥਾ ਸਦਕਾ ਉਹਨੂੰ ਲਤਾ ਨਾਲੋਂ ਵੀ ਵੱਧ ਨੰਬਰ ਦਿੰਦੇ ਹਨ। 2008 ਵਿਚ ਉਹਨੂੰ

(ਬਾਕੀ ਸਫਾ 27 'ਤੇ)

# ਕੁਦਰਤਿ ਕਰਿ ਕੈ ਵਸਿਆ ਸੋਇ



ਡਾ. ਗੁਰਨਾਮ ਕੌਰ, ਕੈਨੇਡਾ

ਵਾਤਾਵਰਣ ਨੂੰ ਬਚਾਉਣਾ ਸਮੇਂ ਦੀ ਸ਼ਾਇਦ ਸਭ ਤੋਂ ਵੱਡੀ ਜ਼ਰੂਰਤ ਬਣ ਗਈ ਹੈ। ਕਾਰਨ ਇਹ ਹੈ ਕਿ ਮਨੁੱਖ ਦੀ ਕੁਦਰਤਿ ਨਾਲ ਲੋੜੋਂ ਵੱਧ ਛੇੜ-ਛਾੜ ਨੇ ਹਵਾ, ਪਾਣੀ, ਮਿੱਟੀ ਤੋਂ ਲੈ ਕੇ ਹਰ ਕੁਦਰਤੀ ਸੋਮੇ ਨੂੰ ਪਲੀਤ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਵਿਗਿਆਨਕ ਖੋਜਾਂ ਰਾਹੀਂ ਆਧੁਨਿਕ ਸਹੂਲਤਾਂ ਲਈ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਮਨੁੱਖੀ ਲਾਲਸਾ ਹੈ। ਵਾਤਾਵਰਣ ਇਥੋਂ ਤੱਕ ਗੰਧਲਾ ਹੋ ਗਿਆ ਹੈ ਕਿ ਸਾਹ ਲੈਣ ਲਈ ਸ਼ੁਧ ਹਵਾ ਅਤੇ ਪੀਣ ਲਈ ਸ਼ੁਧ ਪਾਣੀ ਵੀ ਮਿਲਣਾ ਮੁਹਾਲ ਹੋ ਗਿਆ ਹੈ। ਪਰਮਾਣੂ ਬਾਲਣ ਦੀ ਰਹਿੰਦ-ਖੂੰਹਦ, ਜ਼ਹਿਰੀਲੀਆਂ ਗੈਸਾਂ, ਕਾਰਖਾਨਿਆਂ ਦਾ ਗੰਧਲਾ ਪਾਣੀ, ਕੀੜੇ-ਮਾਰ ਦਵਾਈਆਂ ਅਤੇ ਰਸਾਇਣਕ ਖਾਦਾਂ ਦੀ ਲੋੜੋਂ ਵੱਧ ਵਰਤੋਂ ਨੇ ਸਮੁੰਦਰ, ਦਰਿਆਵਾਂ, ਨਦੀਆਂ, ਨਾਲਿਆਂ, ਧਰਤੀ ਹੇਠਲੇ ਪਾਣੀਆਂ, ਮਿੱਟੀ ਅਤੇ ਹਵਾ-ਸਭ ਨੂੰ ਦੂਸ਼ਿਤ ਕਰ ਦਿੱਤਾ ਹੈ। ਜੰਗਲਾਂ ਦੀ ਕਟਾਈ ਨੇ ਹਵਾ ਦੀ ਸ਼ੁਧਤਾ ਨੂੰ ਰੋਕ ਕੇ ਵਾਤਾਵਰਣ ਦਾ ਬਹੁਤ ਨੁਕਸਾਨ ਕੀਤਾ ਹੈ। ਇਸੇ ਲਈ ਅੱਜ ਦਾ ਚੇਤੰਨ ਸ਼ਹਿਰੀ ਵਾਤਾਵਰਣ ਲਈ ਸਭ ਤੋਂ ਵੱਧ ਚਿੰਤਤ ਹੈ। ਮਨੁੱਖੀ ਲਾਲਸਾ ਕਾਰਨ ਕੁਦਰਤੀ ਸੋਮਿਆਂ ਦੇ ਨਾਲ ਨਾਲ ਜੰਗਲੀ ਜਾਨਵਰਾਂ, ਪੰਛੀਆਂ, ਪੌਧਿਆਂ-ਸਭ ਦੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਜਾਨਵਰਾਂ ਅਤੇ ਪੰਛੀਆਂ ਦੀਆਂ ਬਹੁਤ ਸਾਰੀਆਂ ਨਸਲਾਂ ਅਲੋਪ ਹੋ ਰਹੀਆਂ ਹਨ। ਹਵਾ-ਪਾਣੀ ਦੂਸ਼ਿਤ ਹੋਣ ਨਾਲ ਡੈਂਗੂ, ਟਾਈਫਾਈਡ, ਕੈਂਸਰ ਵਰਗੇ ਭਿਆਨਕ ਰੋਗ ਮਨੁੱਖੀ ਜਿੰਦਾਂ ਦਾ ਖੌ ਬਣ ਰਹੇ ਹਨ। ਵੱਡਾ ਕਾਰਨ ਮਨੁੱਖ ਦਾ ਆਪਣੇ ਵਾਤਾਵਰਣ ਪ੍ਰਤੀ ਸੁਚੇਤ ਨਾ ਹੋਣਾ ਹੈ।

ਸਿੱਖ ਜਗਤ ਵੱਲੋਂ ਪਿਛਲੇ ਕੁੱਝ ਸਾਲਾਂ ਤੋਂ ਵਾਤਾਵਰਣ ਪ੍ਰਤੀ ਚੇਤਨਾ ਪੈਦਾ ਕਰਨ ਅਤੇ ਵਾਤਾਵਰਣ ਦੀ ਸਹੀ ਦੇਖ-ਰੇਖ ਲਈ ਸਤਵੀਂ ਨਾਨਕ ਜੋਤਿ ਗੁਰੂ ਹਰ ਰਾਇ ਜੀ ਦਾ ਗੁਰਗੱਦੀ ਦਿਵਸ 14 ਮਾਰਚ 'ਸਿੱਖ ਵਾਤਾਵਰਣ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕਾਦਰ ਅਤੇ ਉਸ ਦੀ ਰਚਨਾ ਕੁਦਰਤ ਨਾਲ ਪਿਆਰ ਕਰਨ ਦਾ ਸੰਦੇਸ਼ ਦਿੰਦੀ ਹੈ। ਸਤਵੀਂ ਨਾਨਕ ਜੋਤਿ ਗੁਰੂ ਹਰ ਰਾਇ ਦਾ ਜਨਮ 16 ਜਨਵਰੀ ਸੰਨ 1630 ਨੂੰ ਗੁਰੂ ਹਰਗੋਬਿੰਦ ਰਾਇ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਘਰ ਕੀਰਤਪੁਰ ਵਿਖੇ ਹੋਇਆ। ਬਹੁਤ ਛੋਟੀ ਉਮਰ ਤੋਂ ਹੀ ਉਨ੍ਹਾਂ ਨੂੰ ਜੀਵਾਂ ਅਤੇ ਕੁਦਰਤਿ ਨਾਲ ਬਹੁਤ ਜ਼ਿਆਦਾ ਪ੍ਰੇਮ ਸੀ। ਗੁਰੂ ਹਰਗੋਬਿੰਦ ਸਾਹਿਬ ਨੂੰ ਆਪਣੇ ਇਸ ਪੋਤੇ ਨਾਲ ਬਹੁਤ ਸਨੇਹ ਸੀ। ਛੋਟੀ ਉਮਰੇ ਇੱਕ ਦਿਨ ਜਦੋਂ ਹਰ ਰਾਇ ਘਰ ਪਰਤ ਰਹੇ ਸਨ ਤਾਂ ਗੁਰੂ ਹਰਗੋਬਿੰਦ ਸਾਹਿਬ ਨੂੰ ਦੇਖਦਿਆਂ ਘੋੜੇ ਤੋਂ ਉਤਰ ਪਏ ਅਤੇ ਕਾਹਲ ਵਿਚ ਉਨ੍ਹਾਂ ਦਾ ਕਪੜਾ ਝਾੜੀ ਵਿਚ ਅਟਕ ਗਿਆ ਜਿਸ ਨਾਲ ਕੁੱਝ ਫੁੱਲ ਟੁੱਟ ਕੇ ਥੱਲੇ ਡਿਗ ਪਏ। ਕਹਿੰਦੇ ਹਨ ਕਿ ਇਸ ਨਾਲ ਹਰ ਰਾਇ ਦਾ ਮਨ ਏਨਾ ਦੁਖਿਆ ਕਿ ਉਹ ਰੋਣ ਲੱਗ ਪਏ। ਚੌਦਾਂ ਸਾਲ ਦੀ ਉਮਰ ਵਿਚ ਲੋੜੀਂਦੀ ਸਿੱਖਿਆ ਪ੍ਰਾਪਤੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਪੋਤੇ ਹਰ ਰਾਇ ਨੂੰ ਗੁਰਗੱਦੀ ਬਖਸ਼ਿਸ਼ ਕੀਤੀ। ਗੁਰੂ ਹਰ ਰਾਇ ਸ਼ਿਕਾਰ ਕਰਨ ਦੇ ਸ਼ੌਕੀਨ ਸਨ ਪਰ ਉਹ ਜਾਨਵਰਾਂ ਦਾ ਸ਼ਿਕਾਰ ਕਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਚਿੜੀਆ ਘਰ ਵਿਚ ਪਾਲਤੂ ਜਾਨਵਰਾਂ ਵਜੋਂ ਰੱਖਦੇ।

ਗੁਰੂ ਨਾਨਕ ਦੇਵ ਨੇ 'ਜਪੁ' ਬਾਣੀ ਵਿਚ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਕਾਲ ਪੁਰਖ ਦੀ ਰਚੀ ਕੁਦਰਤਿ ਦੀ ਹਰ 'ਹੋਂਦ' ਦਾ ਆਪਣਾ ਆਪਣਾ ਮਨੋਰਥ ਹੈ। ਇਹ ਸਾਰੀ ਰਚਨਾ ਉਸ ਦੇ ਹੁਕਮ ਵਿਚ ਹੋਈ ਹੈ। ਉਸ ਕਰਤਾਪੁਰਖ ਨੇ ਅਨੇਕਾਂ ਰੰਗਾਂ, ਕਿਸਮਾਂ, ਜਿਨਸਾਂ ਦੀ ਰਚਨਾ ਰਚੀ ਹੈ। ਉਹ ਜੀਵਾਂ ਉਤੇ ਅਨੇਕਾਂ ਬਖਸ਼ਿਸ਼ਾਂ ਕਰ ਰਿਹਾ ਹੈ। ਇਸ ਬੇਅੰਤ ਰਚਨਾ ਦੀ ਪਾਲਣਾ ਵੀ ਉਹ ਆਪ ਹੀ ਕਰ ਰਿਹਾ ਹੈ ਕਿਉਂਕਿ ਉਹ ਆਪ ਸਦੀਵੀ ਰਹਿਣ ਵਾਲੀ ਇਕ ਹਸਤੀ ਹੈ ਅਤੇ ਜਿਸ ਦਾ ਜਸ ਹਮੇਸ਼ਾ ਟਿਕਿਆ ਰਹਿਣ ਵਾਲਾ ਹੈ। ਇਸ ਸੰਸਾਰ ਵਿਚ ਕੋਈ ਵੀ ਅਜਿਹਾ ਨਹੀਂ ਹੈ ਜੋ ਇਹ ਦੱਸ ਸਕੇ ਕਿ ਉਹ ਕਰਤਾਰ ਕਿਥੇ ਬੈਠ ਕੇ ਆਪਣੀ ਇਸ ਬੇਅੰਤ ਸ੍ਰਿਸ਼ਟੀ ਦੀ ਸੰਭਾਲ ਕਰ ਰਿਹਾ ਹੈ। ਇਹ ਦੱਸ ਸਕਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ। ਇਸ ਸ੍ਰਿਸ਼ਟੀ ਦੀ ਹਰ ਹੋਂਦ ਦਾ ਇੱਕ ਮਨੋਰਥ ਹੈ। ਮਨੁੱਖ ਦੇ ਜੀਵਨ ਦਾ ਵੀ ਇੱਕ ਮਨੋਰਥ ਹੈ ਕਿ ਉਹ ਅਕਾਲ ਪੁਰਖ ਦੀ ਰਜ਼ਾ ਵਿਚ ਰਹੇ। ਇਹੀ ਰਸਤਾ ਹੈ ਉਸ ਅਕਾਲ ਪੁਰਖ ਨਾਲੋਂ ਪਈ ਵਿੱਥ ਨੂੰ ਮੇਟਣ ਦਾ। ਹਵਾ, ਪਾਣੀ ਆਦਿ ਕੁਦਰਤੀ ਤੱਤਾਂ ਤੋਂ ਲੈ ਕੇ ਉਚੇ ਜੀਵਨ ਵਾਲੇ ਮਹਾਂਪੁਰਖਾਂ ਤੱਕ ਸਾਰੀ ਰਚਨਾ ਆਪਣੀ ਹੋਂਦ ਦੇ ਇਸ ਮਨੋਰਥ ਨੂੰ ਪੂਰਾ ਕਰਨ ਵੱਲ ਜਤਨਸ਼ੀਲ ਹੈ।

ਗੁਰੂ ਨਾਨਕ 'ਸਿਰੀ ਰਾਗੁ' ਵਿਚ ਫਰਮਾਉਂਦੇ ਹਨ ਕਿ ਇਹ ਸਾਰੀ ਕੁਦਰਤਿ ਕਰਤਾਰ ਨੇ ਆਪਣੇ ਆਪ ਤੋਂ ਰਚੀ ਹੈ। ਪਰਮਾਤਮਾ ਨੇ ਆਪਣੇ ਆਪ ਤੋਂ ਹਵਾ (ਹਵਾ ਦਾ ਅਰਥ ਸੂਖਮ ਤੱਤ ਵੀ ਹੈ) ਪੈਦਾ ਕੀਤੀ ਅਤੇ ਹਵਾ ਤੋਂ ਜਲ ਅਰਥਾਤ ਪਾਣੀ ਪੈਦਾ ਹੋਇਆ ਅਤੇ ਪਾਣੀ ਤੋਂ ਇਸ ਸਾਰੇ ਸੰਸਾਰ ਦੀ ਰਚਨਾ ਹੋਈ। ਪਰਮਾਤਮਾ ਦੇ ਸਿਰਜੇ ਇਸ ਸੰਸਾਰ ਦੀ ਹਰ ਹੋਂਦ ਵਿਚ ਉਸ ਦੀ ਜੋਤਿ ਵਿਆਪਕ ਹੈ। ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਨੂੰ (ਸ਼ਬਦ ਗਿਆਨ ਦਾ ਸੋਮਾ ਹੈ ਜਿਸ ਤੋਂ ਇਸ ਵਿਆਪਕਤਾ ਦੀ ਸੋਝੀ ਮਨੁੱਖ ਨੂੰ ਮਿਲਦੀ ਹੈ) ਇਸ ਸੰਸਾਰ ਵਿਚ ਵੀ ਅਤੇ ਅਗਲੇ ਜਹਾਨ ਵਿਚ ਵੀ ਸਤਿਕਾਰ ਮਿਲਦਾ ਹੈ। ਅਜਿਹਾ ਮਨੁੱਖ ਸਦਾ ਪਵਿੱਤਰ ਰਹਿੰਦਾ ਹੈ ਅਤੇ ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ,

ਸਾਚੇ ਤੇ ਪਵਨਾ ਭਇਆ
ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ
ਘਟਿ ਘਟਿ ਜੋਤਿ ਸਮੋਇ॥
ਨਿਰਮਲੁ ਮੈਲਾ ਨਾ ਥੀਐ
ਸਬਦਿ ਰਤੇ ਪਤਿ ਹੋਇ॥ (ਪੰਨਾ 19)

ਇਸੇ ਸਿਧਾਂਤ ਦੀ ਪ੍ਰੋੜਤਾ ਕਰਦਿਆਂ ਗੁਰੂ ਨਾਨਕ ਕਹਿੰਦੇ ਹਨ ਕਿ ਪਰਮਾਤਮਾ ਨੇ ਕੁਦਰਤਿ ਦੀ ਰਚਨਾ ਕੀਤੀ ਹੈ ਅਤੇ ਇਸ ਵਿਚ ਉਹ ਆਪ ਸਮਾਇਆ ਹੋਇਆ ਹੈ। ਉਸ ਪਰਮਾਤਮਾ ਦਾ ਅਸਲੀ ਸੇਵਕ ਉਹੀ ਬਣਦਾ ਹੈ ਜੋ ਇਸ ਗੱਲ 'ਤੇ ਵਿਚਾਰ ਕਰਦਾ ਹੈ ਕਿ ਉਸ ਦੇ ਇਸ ਸੰਸਾਰ 'ਤੇ ਆਉਣ ਦਾ ਮਨੋਰਥ ਕੀ ਹੈ? ਪਰਮਾਤਮਾ ਨੂੰ ਅਨੁਭਵ ਕਰਦਿਆਂ ਨਾ ਹੀ ਉਸ ਨੂੰ ਅਤੇ ਨਾ ਹੀ ਉਸ ਦੀ ਰਚੀ ਕੁਦਰਤਿ ਨੂੰ ਮਾਪਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਦੀ ਕੀਮਤ ਪਾਈ ਜਾ ਸਕਦੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਸਾਹਿਬ ਨੇ ਕਾਦਰ ਦੀ ਕੁਦਰਤਿ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਜੋ ਕੁੱਝ ਦਿਖਾਈ ਦੇ ਰਿਹਾ ਹੈ, ਜੋ ਕੁੱਝ ਸੁਣਿਆ ਜਾ ਰਿਹਾ ਹੈ, ਸਭ ਉਸ ਸਿਰਜਣਹਾਰ ਦੀ ਕੁਦਰਤਿ ਹੈ। ਇਹ ਨਿਰਮਲ ਭਉ ਜੋ ਸਾਰੇ ਸੁੱਖਾਂ ਦਾ ਮੂਲ ਹੈ, ਇਹ ਵੀ ਉਸ ਦੀ ਕੁਦਰਤਿ ਹੈ। ਪਾਤਾਲ, ਆਕਾਸ਼, ਇਹ ਸਾਰਾ ਦਿਸਦਾ ਸੰਸਾਰ ਸਭ ਉਸੇ ਦੀ ਕੁਦਰਤਿ ਹੈ, ਅਨੋਖੀ ਖੇਡ ਹੈ। ਵੇਦ, ਪੁਰਾਣ, ਕਤੇਬ ਆਦਿ ਸੰਸਾਰ ਦੀਆਂ ਧਾਰਮਿਕ ਪੁਸਤਕਾਂ, ਸਾਰੇ ਤਰ੍ਹਾਂ ਦੇ ਵਿਚਾਰ/ਫਲਸਫ਼ੇ, ਸੰਸਾਰਕ ਵਿਹਾਰ-ਖਾਣ-ਪਹਿਨਣ ਆਦਿ ਵਿਚ ਉਸ ਅਕਾਲ ਪੁਰਖ ਦੀ ਕੁਦਰਤਿ ਹੈ। ਸੰਸਾਰ ਵਿਚ ਮਨੁੱਖੀ ਨਸਲਾਂ, ਜਾਤਾਂ, ਜਿਣਸਾਂ, ਰੰਗਾਂ, ਜੀਵਾਂ, ਨੇਕੀ ਅਤੇ ਬਦੀ ਵਿਚ ਉਸੇ ਅਕਾਲ ਪੁਰਖ ਦੀ ਕੁਦਰਤਿ ਵਰਤ ਰਹੀ ਹੈ। ਨੇਕੀ, ਬਦੀ, ਸਤਿਕਾਰ ਅਤੇ ਅਭਿਮਾਨ ਆਦਿ ਮਨੁੱਖੀ ਵਰਤਾਰਾ-ਹਰ ਇੱਕ ਵਿਚ ਕਾਦਰ ਦੀ ਕੁਦਰਤਿ ਵਰਤ ਰਹੀ ਹੈ। ਹਵਾ, ਪਾਣੀ, ਧਰਤੀ ਦੀ ਖ਼ਾਕ ਆਦਿ ਇਹ ਸਾਰੇ ਤੱਤਾਂ ਦਾ ਵਰਤਾਰਾ ਉਸੇ ਦਾ ਹੀ ਖੇਡ-ਤਮਾਸ਼ਾ ਹੈ। ਉਹ ਆਪ ਹੀ ਇਸ ਕੁਦਰਤਿ ਦਾ ਮਾਲਕ ਹੈ ਅਤੇ ਆਪ ਹੀ ਇਸ ਦਾ ਰਚੈਤਾ। ਉਸ ਪਵਿੱਤਰ ਹਸਤੀ ਦੀ ਵਡਿਆਈ ਵੀ ਸੁੱਚੀ ਹੈ, ਜੋ ਕੁਦਰਤਿ ਦੀ ਰਚਨਾ ਕਰਕੇ ਇਸ ਦੀ ਸੰਭਾਲ ਕਰ ਰਿਹਾ ਹੈ ਅਤੇ ਇਸ ਵਿਚ ਹਰ ਥਾਂ ਮੌਜੂਦ ਹੈ,

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥ (ਪੰਨਾ 464)

ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਅਤੇ ਉਸ ਦੀ ਕੁਦਰਤਿ ਦੀ ਅਸਚਰਜਤਾ ਦਾ ਅਹਿਸਾਸ ਕਰਾਉਣ ਲਈ ਵਾਰ ਵਾਰ ਇਸ ਤੱਥ ਨੂੰ ਦ੍ਰਿੜ ਕਰਾਇਆ ਹੈ ਕਿ ਇਸ ਸੰਸਾਰ ਦੀ ਰਚਨਾ ਕਰਤਾਪੁਰਖ ਨੇ ਆਪ ਕੀਤੀ ਹੈ ਅਤੇ ਉਹ ਆਪਣੀ ਕੁਦਰਤਿ ਵਿਚ ਵੱਸ ਰਿਹਾ ਹੈ। ਜਦੋਂ ਮਨੁੱਖ ਉਸ ਪਰਮਾਤਮਾ ਦੀ ਵਿਆਪਕਤਾ ਦਾ ਅਨੁਭਵ ਉਸ ਦੀ ਕੁਦਰਤਿ ਵਿਚ ਕਰੇਗਾ, ਫਿਰ ਉਹ ਇਸ ਦੀ ਤਬਾਹੀ ਕਿਵੇਂ ਕਰ ਸਕਦਾ ਹੈ? ਉਸ ਦੀ ਸਾਜੀ ਕੁਦਰਤਿ ਦਾ ਸਤਿਕਾਰ ਨਾ ਕਰਨ ਦਾ ਅਰਥ ਹੈ, ਉਸ ਕਾਦਰ ਤੋਂ ਬੇਮੁੱਖਤਾ। ਗੁਰੂ ਨਾਨਕ ਕਾਦਰ ਦੇ ਕੁਦਰਤਿ ਵਿਚ ਵਿਆਪਕ ਹੋਣ ਦਾ ਅਨੁਭਵ ਕਰਾਉਂਦੇ ਹਨ ਕਿ ਉਹ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਇਸ ਸੰਸਾਰ ਦਾ ਰਚੈਤਾ ਅਤੇ ਪਾਲਣਹਾਰ ਹੈ। ਇਹ ਸੰਸਾਰ ਉਸ ਦਾ ਪਰਗਟ ਰੂਪ ਹੈ ਜਦ ਕਿ ਆਪ ਉਹ ਅਦ੍ਰਿਸ਼ਟ ਅਤੇ ਬੇਅੰਤ ਹੈ। ਧਰਤੀ ਅਤੇ ਆਕਾਸ਼ ਦੋ ਪੁੜਾਂ ਨੂੰ ਜੋੜ ਕੇ ਉਸ ਨੇ ਸੰਸਾਰ ਦੀ ਰਚਨਾ ਕੀਤੀ ਹੈ ਜਿਸ ਵਿਚ ਜੀਵਾਂ ਨੂੰ ਪੈਦਾ ਕਰਕੇ ਮਾਇਆ-ਮੋਹ ਵਿਚ ਲਾ ਦਿੱਤਾ ਹੈ। ਉਸ ਨੇ ਹੀ ਸੂਰਜ ਅਤੇ ਚੰਦਰਮਾ ਸੰਸਾਰ ਨੂੰ ਦਿਨ ਅਤੇ ਰਾਤ ਵੇਲੇ ਚਾਨਣ ਦੇਣ ਵਾਸਤੇ ਬਣਾਏ ਹਨ। ਜੀਵਾਂ ਦੀਆਂ ਖਾਣੀਆਂ ਅਤੇ ਬਾਣੀਆਂ ਪੈਦਾ ਕੀਤੀਆਂ ਹਨ। ਗੁਰੂ ਨਾਨਕ ਸਾਹਿਬ ਨੇ ਪਾਣੀ ਨੂੰ ਪਹਿਲਾ ਜੀਵ ਕਿਹਾ ਹੈ ਜਿਸ ਨਾਲ ਇਹ ਸਾਰਾ ਸੰਸਾਰ ਹਰਿਆ-ਭਰਿਆ ਹੁੰਦਾ ਹੈ, ਪਾਣੀ ਸਭ ਨੂੰ ਜੀਵਨ-ਦਾਨ ਬਖ਼ਸ਼ਦਾ ਹੈ। ਗੁਰੂ ਨਾਨਕ ਰਾਗ ਰਾਮਕਲੀ ਵਿਚ ਜੋਗੀ ਮਛਿੰਦ੍ਰ ਨਾਥ ਨਾਲ ਵਿਚਾਰ ਚਰਚਾ ਕਰਦਿਆਂ ਕਹਿੰਦੇ ਹਨ ਕਿ ਪਰਮਾਤਮਾ ਨੇ ਪਉਣ ਅਰਥਾਤ ਹਵਾ ਅਤੇ ਪਾਣੀ ਵਿਚ ਜੀਵਾਂ ਦੇ ਪ੍ਰਾਣ ਟਿਕਾ ਕੇ ਰੱਖ ਦਿੱਤੇ ਹਨ। ਸੰਸਾਰ ਨੂੰ ਰੋਸ਼ਨੀ ਦੇਣ ਲਈ ਚੰਦ ਅਤੇ ਸੂਰਜ-ਦੋ ਦੀਵੇ ਬਣਾਏ ਹਨ, ਰਹਿਣ ਲਈ ਜੀਵਾਂ ਨੂੰ ਧਰਤੀ ਦਿੱਤੀ ਹੈ। ਜੀਵਾਂ ਨੇ ਪਰਮਾਤਮਾ ਨੂੰ ਭੁਲਾ ਕੇ ਉਸ ਦੇ ਉਪਕਾਰ ਭੁਲਾ ਦਿੱਤੇ ਹਨ,

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ
ਚੰਦੁ ਸੂਰਜੁ ਮੁਖਿ ਦੀਏ॥
ਮਰਣੁ ਜੀਵਣ ਕਉ ਧਰਤੀ ਦੀਨੀ
ਏਤੇ ਗੁਣ ਵਿਸਰੇ॥2॥ (ਪੰਨਾ 877)

ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਨੇ ਪਉਣ ਅਰਥਾਤ ਹਵਾ ਨੂੰ ਗੁਰੂ ਕਿਹਾ ਹੈ ਅਤੇ ਪਾਣੀ ਨੂੰ ਸਭ ਦਾ ਪਿਤਾ ਕਿਹਾ ਹੈ ਜੋ ਜੀਵਾਂ ਦੀ ਹੋਂਦ ਲਈ ਜ਼ਰੂਰੀ ਹੈ। ਧਰਤੀ ਨੂੰ ਸਭ ਦੀ ਵੱਡੀ ਮਾਂ ਦਾ ਦਰਜਾ ਦਿੱਤਾ ਹੈ। ਦਿਨ ਅਤੇ ਰਾਤ ਜੀਵਾਂ ਦੇ ਖਿਡਾਵਾ ਅਤੇ ਖਿਡਾਵੀ ਹਨ ਜੋ ਸੰਸਾਰ ਨੂੰ ਕਾਰੇ ਲਾਈ ਰੱਖਦੇ ਹਨ। ਧਰਮਰਾਜ ਬੜੇ ਧਿਆਨ ਨਾਲ ਇਥੇ ਕੀਤੇ ਚੰਗੇ-ਬੁਰੇ ਕੰਮਾਂ ਨੂੰ ਵਿਚਾਰ ਰਿਹਾ ਹੈ ਜਿਨ੍ਹਾਂ ਕਾਰਨ ਜੀਵ ਅਕਾਲਪੁਰਖ ਦੇ ਨੇੜੇ ਜਾਂ ਦੂਰ ਹੁੰਦਾ ਹੈ (ਅੰਤਮ ਫੈਸਲਾ ਮਨੁੱਖ ਦੇ ਇਥੇ ਕੀਤੇ ਕੰਮਾਂ ਅਨੁਸਾਰ ਹੁੰਦਾ ਹੈ)। ਜਿਨ੍ਹਾਂ ਮਨੁੱਖਾਂ ਨੇ ਉਸ ਦਾ ਨਾਮ ਸਿਮਰਿਆ ਹੈ, ਉਸ ਨੂੰ ਧਿਆਇਆ ਹੈ ਉਨ੍ਹਾਂ ਨੇ ਆਪਣੀ ਮਿਹਨਤ ਨੂੰ ਸਫ਼ਲ ਕਰ ਲਿਆ ਹੈ ਅਤੇ ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖਰੂ ਹਨ। ਉਨ੍ਹਾਂ ਦੀ ਸੰਗਤਿ ਵਿਚ ਰਹਿ ਕੇ ਹੋਰ ਲੋਕਾਈ ਵੀ ਮੁਕਤ ਹੋ ਗਈ ਹੈ,

ਪਉਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਨਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਹੋਰ ਕੇਤੀ ਛੁਟੀ ਨਾਲਿ॥ (ਪੰਨਾ 146)

ਗੁਰੂ ਹਰ ਰਾਇ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਸੀ ਕਿ ਉਨ੍ਹਾਂ ਦੇ ਕਪੜਿਆਂ ਨਾਲ ਅਟਕ ਕੇ ਪੌਦੇ ਦੇ ਫੁੱਲ ਝੜ ਗਏ ਸਨ। ਭਗਤ ਕਬੀਰ ਇਸੇ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਕਹਿੰਦੇ ਹਨ ਕਿ ਮੂਰਤੀ ਅੱਗੇ ਭੇਟ ਕਰਨ ਲਈ ਮਾਲਣ ਪੱਤਰ ਤੋੜਦੀ ਹੈ ਪਰ ਉਹ ਇਹ ਨਹੀਂ ਜਾਣਦੀ ਕਿ ਹਰ ਪੱਤਰ ਵਿਚ ਜਾਨ ਹੈ। ਜਿਸ ਮੂਰਤੀ ਅੱਗੇ ਭੇਟ ਧਰਨ ਲਈ ਉਹ ਪੱਤਰ ਤੋੜਦੀ ਹੈ ਉਹ ਮੂਰਤੀ ਪੱਥਰ ਦੀ ਬਣੀ ਹੋਣ ਕਰਕੇ ਨਿਰਜਿੰਦ ਹੈ ਪਰ ਇਹ ਪੱਤਰ ਜਿੰਦ-ਜਾਨ ਵਾਲੇ ਹਨ। ਨਿਰਜਿੰਦ ਮੂਰਤੀ ਦੀ ਸੇਵਾ ਕਰਦਿਆਂ ਮਾਲਣ ਇਹ ਗੱਲ ਭੁੱਲ ਗਈ ਹੈ ਕਿ ਉਹ ਸਤਿਗੁਰੂ ਤਾਂ ਜਿਉਂਦਾ ਜਾਗਦਾ ਦੇਵਤਾ ਹੈ। ਭਗਤ ਕਬੀਰ ਮਾਲਣ ਨੂੰ ਸੰਬੋਧਨ ਕਰਦੇ ਹਨ ਕਿ ਹੇ ਮਾਲਣ ਇਹ ਪੱਤਰ ਬ੍ਰਹਮਾ ਦਾ ਰੂਪ ਹਨ, ਡਾਲੀਆਂ ਵਿਸ਼ਨੂੰ ਅਤੇ ਫੁੱਲ ਸ਼ਿਵ ਦਾ ਰੂਪ ਹਨ। ਫੁੱਲ-ਪੱਤਰ ਤੋੜ ਕੇ ਇਨ੍ਹਾਂ ਤਿੰਨਾਂ ਹੀ ਦੇਵਤਿਆਂ ਨੂੰ ਨਸ਼ਟ ਕਰ ਰਹੀ ਹੈਂ, ਫਿਰ ਪੂਜਾ ਕਿਸ ਦੀ ਕਰਨੀ ਹੈ? ਅਰਥਾਤ ਨਿਰਜਿੰਦ ਮੂਰਤੀ ਦੀ ਖ਼ਾਤਰ ਜਿਉਂਦੇ-ਜਾਗਦੇ ਪੌਦੇ ਨੂੰ ਕਿਉਂ ਤਬਾਹ ਕਰ ਰਹੀ ਹੈਂ? ਮੂਰਤੀ ਘੜਨ ਵਾਲੇ ਨੇ ਪੱਥਰ ਨੂੰ ਘੜ ਕੇ ਮੂਰਤੀ ਬਣਾਉਣ ਵੇਲੇ ਮੂਰਤੀ ਦੀ ਛਾਤੀ 'ਤੇ ਪੈਰ ਧਰ ਕੇ ਮੂਰਤੀ ਤਿਆਰ ਕੀਤੀ ਹੈ। ਜੇ ਕਰ ਇਹ ਮੂਰਤੀ ਹੀ ਅਸਲੀ ਦੇਵਤਾ ਹੈ ਤਾਂ ਇਸ ਨੇ ਉਸ ਘੜਨ ਵਾਲੇ ਨੂੰ ਕਿਉਂ ਨਹੀਂ ਖਾਧਾ ਜਿਸ ਨੇ ਇਸ ਦਾ ਨਿਰਾਦਰ ਕੀਤਾ? ਜੋ ਕੁੱਝ ਸੀਧਾ-ਪੱਤਾ ਮੂਰਤੀ ਨੂੰ ਭੇਟ ਕੀਤਾ ਜਾਂਦਾ ਹੈ ਉਹ ਤਾਂ ਪੁਜਾਰੀ ਖਾ ਜਾਂਦਾ ਹੈ, ਮੂਰਤੀ ਨਿਰਜਿੰਦ ਹੋਣ ਕਰਕੇ ਉਸ ਨੂੰ ਭੋਗ ਨਹੀਂ ਲਗਦਾ। ਭਗਤ ਕਬੀਰ ਕਹਿੰਦੇ ਹਨ ਕਿ ਸੰਸਾਰ ਵੀ ਮਾਲਣ ਦੀ ਤਰ੍ਹਾਂ ਇਸ ਭੁਲੇਖੇ ਵਿਚ ਹੈ ਪਰ ਪਰਮਾਤਮਾ ਨੇ ਆਪਣੀ ਮਿਹਰ ਕਰਕੇ ਸਾਨੂੰ ਇਸ ਭੁਲੇਖੇ ਤੋਂ ਬਚਾ ਲਿਆ ਹੈ,

ਪਾਤੀ ਤੋਰੈ ਮਾਲਿਨੀ
ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ
ਸੋ ਪਾਹਨੁ ਨਿਰਜੀਉ॥1॥ (ਪੰਨਾ 479)

ਗੁਰੂ ਨਾਨਕ ਦੇਵ ਕਿਸੇ ਕਿਸਮ ਦੀ ਮੂਰਤੀ ਪੂਜਾ ਅਤੇ ਆਰਤੀ ਉਤਾਰਨ ਦੇ ਉਲਟ ਕੁਦਰਤਿ ਰਾਹੀਂ ਉਸ ਕਾਦਰ ਦੀ ਹੋ ਰਹੀ ਆਰਤੀ ਦਾ ਜ਼ਿਕਰ ਕਰਦੇ ਹਨ ਕਿ ਇਹ ਆਕਾਸ਼ ਥਾਲ ਦੀ ਤਰ੍ਹਾਂ ਹੈ ਜਿਸ ਵਿਚ ਸੂਰਜ ਅਤੇ ਚੰਦ ਦੀਵੇ ਬਲ ਰਹੇ ਹਨ, ਸਾਰਾ ਤਾਰਾ-ਮੰਡਲ ਇਸ ਥਾਲ ਵਿਚ ਰੱਖੇ ਮੋਤੀ ਹਨ। ਮਾਲਾਵਰ ਪਰਬਤ ਵਲੋਂ ਆਉਣ ਵਾਲੀ ਸੁਗੰਧਤ ਹਵਾ ਧੂਫ ਦਾ ਕੰਮ ਦੇ ਰਹੀ ਹੈ ਅਤੇ ਹਵਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਉਸ ਜੋਤਿ-ਰੂਪ ਪਰਮਾਤਮਾ ਦੀ ਆਰਤੀ ਲਈ ਫੁੱਲਾਂ ਦਾ ਕੰਮ ਦੇ ਰਹੀ ਹੈ। ਜੀਵਾਂ ਦਾ ਜਨਮ ਮਰਨ ਨਾਸ ਕਰਨ ਵਾਲੇ ਦੀ ਕਿੰਨੀ ਸੁੰਦਰ ਆਰਤੀ ਹੋ ਰਹੀ ਹੈ। ਸਾਰੇ ਜੀਵਾਂ ਵਿਚ ਰੁਮਕ ਰਹੀ ਜੀਵਨ ਰਉਂ ਮਾਨੋ ਉਸ ਪਰਮਾਤਮਾ ਦੀ ਆਰਤੀ ਲਈ ਨਗਾਰੇ ਵੱਜ ਰਹੇ ਹਨ। ਉਸ ਦੀ ਬ੍ਰਹਿਮੰਡ ਵਿਚ ਵਿਆਪਕਤਾ ਉਸ ਦਾ ਸਰਗੁਣ ਸਰੂਪ ਹੈ ਅਤੇ ਇਸ ਸੰਸਾਰ ਦੀ ਵਿਆਪਕਤਾ ਤੋਂ ਵੀ ਉਤੇ ਹੋਣ ਕਰਕੇ ਉਹ ਨਿਰਗੁਣ ਸਰੂਪ ਹੈ, ਇਸੇ ਦੀ ਵਿਆਖਿਆ ਕਰਦਿਆਂ ਗੁਰੂ ਨਾਨਕ ਫਰਮਾਉਂਦੇ ਹਨ ਕਿ ਉਸ ਸਰਬ-ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁੱਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ,

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥1॥
(ਪੰਨਾ 663)

ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਭੁਲਾ ਕੇ ਇਸ ਦੀ ਮੂਰਤੀ ਦੀ ਤਰ੍ਹਾਂ ਹੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਹੈ। ਹਰ ਗੁਰਦੁਆਰੇ ਦੇ ਆਸ-ਪਾਸ ਗੇਂਦੇ ਦੇ ਫੁੱਲਾਂ ਦੀਆਂ ਕਈ ਕਈ ਦੁਕਾਨਾਂ ਹੁੰਦੀਆਂ ਹਨ ਜਿਥੇ ਅਰਪਤ ਕਰਨ ਲਈ ਫੁੱਲ ਅਤੇ ਫੁੱਲਾਂ ਦੇ ਹਾਰ ਖਰੀਦੇ-ਵੇਚੇ ਜਾਂਦੇ ਹਨ, ਧੂਫ ਧੁਖਾਈ ਜਾਂਦੀ ਹੈ, ਗਰਮੀ ਵਿਚ ਏ.ਸੀ. ਲਾਇਆ ਜਾਂਦਾ ਹੈ ਅਤੇ ਸਰਦੀ ਵਿਚ ਕੰਬਲ ਵੀ ਪਹਿਨਾਇਆ ਜਾਂਦਾ ਹੈ। ਕਿੰਨੇ ਮਨਮਤੀਏ ਹੋ ਗਏ ਹਾਂ ਅਸੀਂ। ਕਾਦਰ ਅਤੇ ਉਸ ਦੀ ਕੁਦਰਤਿ ਨਾਲ ਪਿਆਰ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਸਾਡਾ ਕੁਦਰਤਿ ਪ੍ਰਤੀ ਨਜ਼ਰੀਆ ਹਾਂ-ਮੁਖੀ ਹੋਵੇਗਾ ਅਤੇ ਅਸੀਂ ਉਸ ਅੰਦਰ ਨਿਹਿਤ ਉਸ ਦੀ ਕੀਮਤ ਨੂੰ ਸਮਝਾਂਗੇ।

## ਕਾਮਿ ਕਰੋਧਿ ਨਗਰੁ ਬਹੁ ਭਰਿਆ

### ਗੁਰਬਾਣੀ ਗਿਆਨ

ਰਾਗ ਗਉੜੀ ਪੂਰਬੀ ਮਹਲਾ ੪
ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥
ਕਰਿ ਡੰਡਉਤ ਪੁਨੁ ਵਡਾ ਹੇ॥੧॥ਰਹਾਉ॥
ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ॥੪॥

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਬਖਸ਼ਿਸ਼ ਕਰਦੇ ਹਨ ਕਿ ਜੀਵ ਦਾ ਇਹ ਸਰੀਰ ਰੂਪੀ ਨਗਰ ਕਾਮ ਅਤੇ ਕ੍ਰੋਧ ਨਾਲ ਭਰਿਆ ਪਿਆ ਹੈ ਅਤੇ ਪੂਰੇ ਗੁਰੂ ਨੂੰ ਮਿਲ ਕੇ ਹੀ ਇਸ ਕਾਮ ਕ੍ਰੋਧ ਦੇ ਗੜ੍ਹ ਨੂੰ ਖੰਡਲ ਖੰਡਾ, ਭਾਵ ਤੋੜਿਆ ਜਾ ਸਕਦਾ ਹੈ। ਜਿਸ ਜੀਵ ਨੂੰ ਪਿਛਲੇ ਚੰਗੇ ਕਰਮਾਂ ਕਰ ਕੇ ਗੁਰੂ ਮਿਲ ਪੈਂਦਾ ਹੈ, ਉਸ ਜੀਵ ਦੀ ਲਿਵ ਪ੍ਰਭੂ ਨਾਲ ਜੁੜ ਜਾਂਦੀ ਹੈ ਅਤੇ ਉਸ ਦੇ ਅੰਦਰੋਂ ਕਾਮ ਕ੍ਰੋਧ ਜਿਹੇ ਵਿਕਾਰਾਂ ਦਾ ਗੜ੍ਹ ਟੁੱਟ ਜਾਂਦਾ ਹੈ। ਹੇ ਭਾਈ, ਕਰ ਸਾਧੂ ਅੰਜਲੀ, ਭਾਵ ਗੁਰੂ ਅੱਗੇ ਦੋਵੇਂ ਹੱਥ ਜੋੜ, ਇਹ ਬਹੁਤ ਉਤਮ ਕੰਮ ਹੈ। ਗੁਰੂ ਦੇ ਚਰਨਾਂ 'ਤੇ ਡੰਡਉਤ ਕਰ, ਭਾਵ ਡਿੱਗ ਪੈ; ਇਹ ਸਭ ਤੋਂ ਨੇਕ ਕਰਮ ਹੈ।

ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥

ਹੇ ਭਾਈ! ਸਾਕਤ, ਭਾਵ ਜਿਹੜੇ ਜੀਵ ਪ੍ਰਭੂ ਨਾਲੋਂ ਟੁੱਟ ਗਏ ਹਨ, ਉਹ ਹਰੀ ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਦੇ ਰਸ ਨੂੰ ਨਹੀਂ ਜਾਣ ਸਕਦੇ ਕਿਉਂਕਿ ਉਨ੍ਹਾਂ ਦੇ ਅੰਦਰ ਹਉਮੈ ਦਾ ਕੰਡਾ ਚੁਭਿਆ ਪਿਆ ਹੈ ਅਤੇ ਜਿਵੇਂ ਜਿਵੇਂ ਉਹ ਹੰਕਾਰੀ ਪੁਰਸ਼ ਜੀਵਨ ਦੇ ਰਸਤੇ 'ਤੇ ਤੁਰਦੇ ਹਨ, ਉਹ ਹਉਮੈ ਦਾ ਕੰਡਾ ਉਨ੍ਹਾਂ ਨੂੰ ਚੁਭਦਾ ਹੈ; ਭਾਵ ਬੁਰੇ ਕਰਮਾਂ ਵੱਲ ਪ੍ਰੇਰਦਾ ਹੈ ਅਤੇ ਉਹ ਹਉਮੈ ਦਾ ਕੰਡਾ ਜਿਨ੍ਹਾਂ ਜੀਵਾਂ ਦੇ ਹਿਰਦੇ ਵਿਚ ਚੁਭਿਆ ਪਿਆ ਹੈ, ਉਹਦੀ ਚੁਭਣ ਸਦਕਾ ਦੁੱਖ ਭੋਗਦੇ ਹਨ। ਜਮਕਾਲ, ਭਾਵ ਮੌਤ ਦੇ ਡੰਡੇ ਨੂੰ ਆਪਣੇ ਸਿਰ ਉਤੇ ਸਹਿਣ ਕਰਦੇ ਹਨ ਜੋ ਹਰ ਵੇਲੇ ਸਿਰ 'ਤੇ ਮੰਡਰਾ ਰਹੀ ਹੈ।

ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥

ਪਰ ਹੇ ਭਾਈ! ਜਿਹੜੇ ਉਸ ਮਿਹਰਬਾਨ ਪ੍ਰਭੂ ਦੇ ਪਿਆਰੇ ਜੀਵ ਪਰਮੇਸ਼ਰ ਦੇ ਨਾਮ ਸਿਮਰਨ ਵਿਚ ਸਮਾਣੇ, ਭਾਵ ਲੀਨ ਰਹਿੰਦੇ ਹਨ, ਉਨ੍ਹਾਂ ਪ੍ਰਭੂ ਪਿਆਰਿਆਂ ਦਾ ਜਨਮ ਦਾ, ਭਾਵ ਸੰਸਾਰ ਵਿਚ ਆਉਣ ਜਾਣ ਦਾ, ਦੁੱਖ ਖੰਡਾ ਹੇ, ਭਾਵ ਦੁੱਖ ਨਾਸ ਹੋ ਗਿਆ, ਖ਼ਤਮ ਹੋ ਗਿਆ; ਕਿਉਂਕਿ ਉਨ੍ਹਾਂ ਨੂੰ ਅਬਿਨਾਸੀ ਪੁਰਖ, ਭਾਵ ਕਦੀ ਵੀ ਨਾਸ ਨਾ ਹੋਣ ਵਾਲੇ ਸਰਬ-ਵਿਆਪਕ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ਅਤੇ ਉਨ੍ਹਾਂ ਵਡਭਾਗੇ ਜੀਵਾਂ ਦੀ ਸੋਭਾ ਸਾਰੇ ਹੀ ਖੰਡਾਂ ਬ੍ਰਹਿਮੰਡਾਂ ਵਿਚ ਹੋ ਜਾਂਦੀ ਹੈ। ਇਸ ਲਈ ਹੇ ਭਾਈ! ਇਸ ਨਾਸ਼ਵਾਨ ਜਗਤ ਨੂੰ ਛੱਡ ਕੇ ਪ੍ਰਭੂ ਸਿਮਰਨ ਨਾਲ ਜੁੜੀਏ।

ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ॥੪॥

ਹੁਣ ਗੁਰਦੇਵ ਪਿਤਾ ਜੀ ਅਰਦਾਸ ਕਰਦੇ ਹਨ-ਹੇ ਮੇਰੇ ਪ੍ਰਭੂ ਜੀਉ! ਅਸੀਂ ਗਰੀਬੜੇ ਜਿਹੇ ਮਸਕੀਨ ਜੀਵ ਤਾਂ ਤੇਰੇ ਦਰ ਦੇ ਮੰਗਤੇ ਹਾਂ ਅਤੇ ਹੇ ਮਿਹਰਬਾਨ ਪ੍ਰਭੂ ਜੀਉ! ਤੂੰ ਸਾਡੀ ਰੱਖਿਆ ਕਰ ਅਤੇ ਸਾਨੂੰ ਵਿਕਾਰਾਂ ਭਰੇ ਇਸ ਜਗਤ ਵਿਚੋਂ ਬਚਾ ਲੈ, ਸਾਡੀ ਸਹਾਇਤਾ ਕਰ। ਹੇ ਮੇਰੇ ਪ੍ਰਭੂ ਜੀਉ! ਤੇਰੇ ਇਸ ਦਾਸ ਨਾਨਕ ਨੂੰ ਤਾਂ ਤੇਰੇ ਨਾਮ ਦਾ ਹੀ ਆਸਰਾ ਹੈ, ਤੇਰੇ ਨਾਮ ਦਾ ਹੀ ਸਹਾਰਾ ਹੈ। ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਮੈਨੂੰ ਤਾਂ ਤੇਰੇ ਨਾਮ ਸਿਮਰਨ ਵਿਚ ਜੁੜ ਕੇ ਹੀ ਮੰਡਾ ਹੇ, ਭਾਵ ਸੁੱਖ ਪ੍ਰਾਪਤ ਹੁੰਦਾ ਹੈ। ਗੁਰੂ ਪਿਆਰਿਓ, ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਵਿਹਲੇ ਵੇਲੇ ਦੀਆਂ ਗੱਲਾਂ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਜੋ ਬੀਤ ਗਿਆ, ਜੋ ਬੀਤ ਰਿਹਾ ਤੇ ਜੋ ਆਉਣ ਵਾਲਾ ਹੈ, ਜਿਸ ਦੇ ਨਿਰੰਤਰ ਚਲਦੇ ਹੋਏ ਸਾਰੀਆਂ ਘਟਨਾਵਾਂ ਵਾਪਰਦੀਆਂ ਮਲੂਮ ਹੁੰਦੀਆਂ ਹਨ, ਉਹ ਹੈ ਇਕ ਅਜਿਹਾ ਸਿਲਸਿਲਾ ਜਿਸ ਤਹਿਤ ਹਰ ਸ਼ੈਅ ਬਝੀ ਹੋਈ ਹੈ। ਇਸ ਸਿਲਸਿਲੇ ਲਈ ਸਾਡੇ ਕੋਲ ਅਨੇਕਾਂ ਸ਼ਬਦ ਹਨ ਜਿਵੇਂ ਸਮਾਂ, ਵਕਤ, ਕਾਲ, ਵੇਲਾ, ਚਿਰ, ਟਾਈਮ ਆਦਿ। ਇਹ ਸਿਲਸਿਲਾ ਇਕ ਅਜਿਹਾ ਅਦਿਖ, ਬਲਵਾਨ ਜਕੜਬੰਦ ਹੈ ਜਿਸ ਅੱਗੇ ਸਾਰੇ ਬੇਬਸ ਹਨ, ਜਿਸ ਨੇ ਹਰ ਇਕ ਨੂੰ ਹੜੱਪਣਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬੀਤ ਗਿਆ ਤਾਂ ਵਾਪਸ ਨਹੀਂ ਆਉਂਦਾ ਪਰ ਫਿਰ ਵੀ ਹਮੇਸ਼ਾ ਨਾਲੋ ਨਾਲ ਰਹਿੰਦਾ ਹੈ। ਇਸ ਨੂੰ ਦਰਸਾਉਂਦੇ ਉਪਰੋਕਤ ਸ਼ਬਦ ਇਕ ਦੂਜੇ ਦੇ ਪੂਰੀ ਤਰ੍ਹਾਂ ਸਮਾਨਾਰਥਕ ਨਹੀਂ ਹਨ। ਹਾਂ ਇਸ ਦੇ ਇਕ ਜਾਂ ਇਕ ਤੋਂ ਵੱਧ ਪਹਿਲੂਆਂ ਦੇ ਅਰਥਾਵੇਂ ਜ਼ਰੂਰ ਹਨ।

ਅਸਲ ਵਿਚ ਕਿਸੇ ਵੀ ਇਕ ਸੰਕਲਪ ਦੇ ਸੂਚਕ ਸ਼ਬਦ ਆਪਣੀ ਹੋਂਦ ਕਾਇਮ ਰੱਖਣ ਲਈ ਨਿਰੰਤਰ ਪਰਸਪਰ ਸੰਘਰਸ਼ ਵਿਚ ਲੱਗੇ ਰਹਿੰਦੇ ਹਨ। ਸਮਾਂ ਸ਼ਬਦ ਭਾਵੇਂ ਸਾਡੇ ਦੇਸ਼ ਦੀ ਉਪਜ ਹੈ ਪਰ ਅਰਬੀ 'ਚੋਂ ਆਏ ਵਕਤ ਨੇ ਇਸ ਨੂੰ ਖਦੇੜ ਦਿੱਤਾ। ਫਿਰ ਵਕਤ ਨੂੰ ਵਖਤ ਪਾਇਆ ਟਾਈਮ ਨੇ। ਘੜੀ ਕੋਲ ਨਾ ਹੋਵੇ ਤਾਂ ਕੌਣ ਪੁਛਦਾ ਹੈ, ਕੀ ਸਮਾਂ ਹੋ ਗਿਆ? ਸਭ ਵਕਤ ਦੀ ਜਾਣਕਾਰੀ ਮੰਗਦੇ ਹਨ ਜਾਂ ਟਾਈਮ ਦੀ। ਮੇਰੇ ਵਰਗਾ ਦੇਸੀ ਟੈਮ ਵੀ ਪੁਛ ਲੈਂਦਾ ਹੈ। ਭਾਵੇਂ ਸਮੇਂ ਲਈ 'ਭੈੜੇ ਸਮੇਂ" ਆ ਗਏ ਹਨ, ਫਿਰ ਵੀ ਇਸ ਨੇ ਕੁਝ ਨਾ ਕੁਝ ਆਪਣੀ ਪੈਂਠ ਬਣਾਈ ਹੋਈ ਹੈ। ਦਿਲਚਸਪ ਗੱਲ ਹੈ ਕਿ ਸਮਾਂ ਸ਼ਬਦ ਗੁਰਬਾਣੀ ਵਿਚ ਇਕੋ ਵਾਰੀ ਆਇਆ ਹੈ ਜੋ ਗੁਰੂ ਅਰਜਨ ਦੇਵ ਨੇ ਵਰਤਿਆ ਹੈ, "ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ॥" ਪਰ ਮੁਢ ਕਦੀਮ ਦਾ ਸਾਡਾ ਬੇਲੀ 'ਵੇਲਾ' ਸ਼ਬਦ ਮੇਰੀ ਜਾਚੇ ਸਮੇਂ ਦੇ ਅਨੇਕਾਂ ਪੱਖਾਂ ਨੂੰ ਕਲੇਵਰ ਵਿਚ ਲੈ ਲੈਂਦਾ ਹੈ। ਇਉਂ ਲਗਦਾ ਹੈ ਕਿ ਸਮੇਂ ਲਈ ਵੇਲਾ ਸ਼ਬਦ ਸਭ ਤੋਂ ਵਧ ਵਰਤ ਹੁੰਦਾ ਰਿਹਾ ਹੈ। ਮਾੜਾ ਜਿਹਾ ਦੇਖ ਲੈਂਦੇ ਹਾਂ ਵੇਲਾ ਸਮੇਂ ਦੇ ਕਿਹੜੇ ਪੱਖਾਂ ਵੱਲ ਸੰਕੇਤ ਨਹੀਂ ਕਰਦਾ। ਅਸੀਂ ਭਾਵੇਂ ਇਹ ਕਦੀ ਨਹੀਂ ਕਹਿੰਦੇ, 'ਤੇਰੀ ਘੜੀ 'ਤੇ ਕੀ ਵੇਲਾ ਹੋ ਗਿਆ' ਪਰ ਇਹ ਜ਼ਰੂਰ ਕਹਿ ਦਿੰਦੇ ਹਾਂ, 'ਤੇਰਾ ਅਜੇ ਰੋਟੀ ਦਾ ਵੇਲਾ ਨਹੀਂ ਹੋਇਆ?'... 'ਕਿਉਂ ਵੇਲਾ ਬਰਬਾਦ ਕਰ ਰਿਹਾ ਹੈਂ?' ਜਿਹਾ ਝਿੜਕਨੁਮਾ ਪ੍ਰਸ਼ਨ ਵੀ ਅਟਪਟਾ ਲਗਦਾ ਹੈ ਪਰ 'ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ' ਵਿਚਲੀ ਸਿਆਣਪ ਦੀ ਜ਼ਰੂਰ ਸਿਖਿਆ ਦਿਤੀ ਜਾ ਸਕਦੀ ਹੈ।

ਵੇਲਾ ਸ਼ਬਦ ਨੇ ਸਮੇਂ ਦੇ ਕਾਫੀ ਪੱਖਾਂ ਨੂੰ ਵਲਿਆ ਹੋਇਆ ਹੈ। ਆਮ ਤੌਰ 'ਤੇ ਅਸੀਂ ਕਿਸੇ ਵੀ ਕੰਮ ਕਰਨ ਲਈ ਨਿਰਧਾਰਤ ਸਮੇਂ ਨੂੰ ਵੇਲਾ ਕਹਿ ਦਿੰਦੇ ਹਾਂ। ਰੋਜ਼ਾਨਾ ਜੀਵਨ ਵਿਚ ਅਸੀਂ ਖਾਣ ਪਕਾਉਣ ਦੇ ਟਾਈਮ ਨੂੰ ਵੇਲਾ ਦੀ ਸੰਗਿਆ ਦਿੰਦੇ ਹਾਂ। ਪਿੰਡ ਦੀਆਂ ਬੁੜੀਆਂ ਆਖਦੀਆਂ ਹਨ, "ਰੋਟੀ-ਟੁੱਕ ਦਾ ਵੇਲਾ ਹੋ ਗਿਆ, ਮੈਂ ਤਾਂ ਚਲਦੀ ਆਂ ਭਾਈ।" ਇਥੋਂ ਤਕ ਕਿ ਵੇਲਾ ਦਾ ਅਰਥ ਭੋਜਨ, ਖਾਣਾ ਵੀ ਹੋ ਗਿਆ ਹੈ। ਧਿਆਨ ਦਿਉ, ਦਿਨ ਰਾਤ ਦੀ ਅਵਧੀ ਨੂੰ ਅਸੀਂ ਡੰਗਾਂ ਦੀਆਂ ਡਾਂਗਾਂ ਨਾਲ ਮਿਣਦੇ ਹਾਂ। ਇਨ੍ਹਾਂ ਡੰਗਾਂ ਨੂੰ ਪ੍ਰਗਟਾਉਂਦੇ ਅਨੇਕਾਂ ਸ਼ਬਦ-ਜੁੱਟਾਂ ਵਿਚ ਵੇਲਾ ਸ਼ਬਦ ਲਗਦਾ ਹੈ। ਮਿਸਾਲ ਵਜੋਂ ਵੱਡਾ ਵੇਲਾ, ਅੰਮ੍ਰਿਤ ਵੇਲਾ, ਸਰਘੀ ਵੇਲਾ, ਧੰਮੀ ਵੇਲਾ, ਛਾਹ ਵੇਲਾ, ਲੌਢਾ ਵੇਲਾ, ਡੀਗਰ ਵੇਲਾ। ਪੱਛਮੀ ਪੰਜਾਬ



ਵਿਚ ਤਾਂ ਹੋਰ ਵੇਲੇ ਵੀ ਹਨ ਜਿਵੇਂ ਚੱਕੀ ਵੇਲਾ, ਚਿੜੀ ਚੋਗ ਵੇਲਾ, ਕੁੱਕੜ ਵੇਲਾ, ਰਿੜਕਣ ਵੇਲਾ, ਨਮਾਜ਼ ਵੇਲਾ। ਹੋਰ ਤਾਂ ਹੋਰ 'ਵੇਲਾ ਕਾ ਵੇਲਾ' ਵੀ ਹੈ ਅਰਥਾਤ ਕਦੀ ਕਦੀ। ਸੁਰਜੀਤ ਪਾਤਰ ਨੇ ਪੰਜਾਬੀ ਦੀ ਥਾਂ ਅੰਗਰੇਜ਼ੀ ਸ਼ਬਦਾਂ ਦੀ ਵਧ ਰਹੀ ਵਰਤੋਂ ਕਾਰਨ ਠੇਠ ਪੰਜਾਬੀ ਸ਼ਬਦਾਂ ਪ੍ਰਤੀ ਹੇਰਵਾ ਪ੍ਰਗਟ ਕਰਦੀ ਇਕ ਕਵਿਤਾ ਵਿਚ ਲਿਖਿਆ ਹੈ:

ਅੰਮ੍ਰਿਤ ਵੇਲਾ, ਨੂਰ ਪਹਿਰ ਦਾ ਤੜਕਾ
ਮੂੰਹ ਹਨੇਰਾ, ਪਹੁ ਫੁਟਾਲਾ
ਧੰਮੀ ਵੇਲਾ, ਛਾਹ ਵੇਲਾ
ਸੂਰਜ ਸਵਾ ਨੇਜ਼ੇ
ਟਿਕੀ ਦੁਪਹਿਰ, ਤੀਜਾ ਪਹਿਰ
ਲੌਢਾ ਵੇਲਾ, ਡੀਗਰ ਵੇਲਾ
ਲੋਏ ਲੋਏ, ਸੂਰਜ ਖੜੇ ਖੜੇ
ਤਰਕਾਲਾਂ, ਡੂੰਘੀਆਂ, ਸ਼ਾਮਾਂ ਆਥਣ
ਦੀਵਾ ਬੱਤੀ, ਕੌਲਾ ਸੋਟੀ
ਢਲੀਆਂ ਖਿਤੀਆਂ, ਤਾਰੇ ਦਾ ਚੜ੍ਹਾ
ਚਿੜੀ ਚੂਕਣਾ, ਸਾਝਰਾ, ਸਵਖਤਾ
ਵੱਡਾ ਵੇਲਾ, ਸਰਘੀ ਵੇਲਾ
ਘੜੀਆਂ, ਪਲ
ਬਿੰਦ, ਛਿਣ ਨਿਮਖ ਵਿਚਾਰੇ
ਮਾਰੇ ਗਏ ਇਕੱਲੇ
ਟਾਈਮ ਹੱਥੋਂ ਇਹ ਸ਼ਬਦ ਸਾਰੇ...।

ਪਾਤਰ ਨੇ ਜੋ ਮਰਜ਼ੀ ਕਿਹਾ ਪਰ ਵੇਲਾ ਸ਼ਬਦ ਅਜੇ ਸਾਡੀ ਭਾਸ਼ਾ ਵਿਚ ਬਥੇਰਾ ਅੜਿਆ ਬੈਠਾ ਹੈ। ਇਸ ਦੀ ਆਮ ਵਰਤੋਂ ਮੌਕੇ ਦੇ ਅਰਥਾਂ ਵਿਚ ਹੁੰਦੀ ਹੈ ਜਿਵੇਂ ਗਿਆ ਵੇਲਾ ਹੱਥ ਨਹੀਂ ਆਉਂਦਾ। ਫਰੀਦ ਸਾਹਿਬ ਨੇ ਫਰਮਾਇਆ, "ਬੇੜਾ ਬੰਧਿ ਨਾ ਸਕਿਓ ਬੰਧਨ ਕੀ ਵੇਲਾ॥" ਵੇਲਾ ਦਾ ਦੁਆਬੇ ਵਿਚ ਉਚਾਰਣ ਬੇਲਾ ਹੈ ਪਰ ਉਂਜ ਇਸ ਦਾ ਇਕ ਹੋਰ ਰੂਪ ਬੇਲਾ ਵੀ ਹੈ ਜੋ ਇਸਤਰੀਵਾਚਕ ਹੈ ਤੇ ਜਿਸ ਨੂੰ ਵਧੇਰੇ ਕਾਵਿਕ ਅੰਦਾਜ਼ ਵਿਚ ਹੀ ਵਰਤਿਆ ਜਾਂਦਾ ਹੈ, "ਸੰਤ ਟਹਿਲ ਕੀ ਬੇਲਾ" - ਗੁਰੂ ਅਰਜਨ ਦੇਵ। ਇਸ ਲਈ ਇਸ ਰੂਪ ਵਿਚ ਇਹ ਸ਼ਬਦ ਮੌਕੇ ਦੇ ਅਰਥਾਂ ਵਿਚ ਹੀ ਸੀਮਤ ਰਹਿ ਜਾਂਦਾ ਹੈ। ਵੇਲਾ ਨੂੰ ਆਖਰੀ ਵੇਲਾ ਅਰਥਾਤ ਮੌਤ ਦੇ ਅਰਥਾਂ ਵਿਚ ਵੀ ਲੈ ਲਿਆ ਜਾਂਦਾ ਹੈ।

ਵੇਲੇ ਦੇ ਹੀ ਰੂਪ ਵੇਰਾ/ਵੇਰ ਜਾਂ ਬੇਰਾ/ਬੇਰ ਵੀ ਹਨ। ਪਿਛੇਤਰ ਰੂਪ ਵਿਚ ਇਹ ਸ਼ਬਦ ਆਮ ਤੌਰ 'ਤੇ ਪਛਾਣੇ ਨਹੀਂ ਜਾਂਦੇ। ਭਾਵੇਂ ਸਵੇਰ (ਸ+ਵੇਰ) ਦਾ ਅਰਥ ਚੜ੍ਹਦੇ ਜਾਂ ਚੜ੍ਹਨ ਵਾਲੇ ਸੂਰਜ ਅਰਥਾਤ ਸੁਬਹ ਵਜੋਂ ਰੂੜ੍ਹ ਹੋ ਗਿਆ ਹੈ ਪਰ ਭਗਤ ਕਬੀਰ ਨੇ ਇਸ ਨੂੰ 'ਵੇਲੇ ਸਿਰ' ਦੇ ਅਰਥਾਂ ਵਿਚ ਵਰਤਿਆ ਹੈ, "ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥" ਬੰਦਿਆ ਵੇਲੇ ਸਿਰ ਰੱਬ ਨੂੰ ਕਿਉਂ ਨਹੀਂ ਸਿਮਰਦਾ? ਸਵੇਰਾ ਨੂੰ ਜੇ 'ਸਵੇਲਾ' ਦੇ ਰੂਪ ਵਿਚ ਲਈਏ ਤਾਂ ਕੁਝ ਅਰਥ ਬਦਲ ਜਾਂਦੇ ਹਨ। ਇਹੀ ਹਾਲ ਸੁਵਖਤਾ ਦਾ ਹੈ। ਦੋਨਾਂ ਦਾ ਅਰਥ ਮਿਥੇ ਸਮੇਂ ਤੋਂ ਪਹਿਲਾਂ ਹੈ। ਸਵੇਲਾ ਤੋਂ ਉਲਟ ਕੁਵੇਲਾ ਦਾ ਅਰਥ ਗਲਤ ਸਮਾਂ ਹੈ, ਜੋ ਢੁਕਦਾ ਨਹੀਂ, ਜੋ ਬੇਮੌਕਾ ਹੈ। ਇਹ ਭਾਵੇਂ ਆਮ ਤੌਰ 'ਤੇ ਪਛੜੇ ਸਮੇਂ ਲਈ ਵੀ ਵਰਤਿਆ ਜਾਂਦਾ ਹੈ ਜਿਵੇਂ 'ਤੂੰ ਕੁਵੇਲੇ ਆਇਆਂ' ਪਰ ਪਛੜੇ ਸਮੇਂ ਲਈ ਅਸਲੀ ਸ਼ਬਦ ਅਵੇਰ ਜਾਂ ਅਵੇਰਾ ਹਨ। ਅਸੀਂ ਐਵੇਂ ਅੰਗਰੇਜ਼ੀ ਸ਼ਬਦ 'ਲੇਟ' ਬੋਲਦੇ ਰਹਿੰਦੇ ਹਾਂ, ਸਾਡੇ ਕੋਲ ਇੰਨਾ ਖੂਬਸੂਰਤ ਸ਼ਬਦ 'ਅਵੇਰ' ਹੈ। 'ਵੇਰ' ਜਾਂ 'ਵੇਰਾ' ਆਪਣੇ ਤੌਰ 'ਤੇ 'ਵਾਰ' ਦੇ ਅਰਥ ਵੀ ਦਿੰਦੇ ਹਨ ਜਿਵੇਂ, ਮੈਂ ਕਿੰਨੀ ਵੇਰ/ਵੇਰੀਂ ਤੈਨੂੰ ਇਹ ਗੱਲ ਆਖੀ ਹੈ। "ਨਾਨਕ ਆਖਣੁ ਵੇਰਾ ਵੇਰ" (ਪਰਮਾਤਮਾ ਦਾ ਨਾਮ ਮੁੜ ਮੁੜ ਜਪਣਾ)। ਯਾਦ ਰੱਖੋ, ਇਥੇ 'ਵੇਰ' ਸ਼ਬਦ 'ਵਾਰ' ਦਾ ਭੇਦ ਨਹੀਂ ਹੈ, ਵੇਲ ਦਾ ਹੈ। ਵੇਲ ਜਾਂ ਵੇਲਾ ਨੂੰ ਹੀ ਉਚੀ ਸੁਰ ਨਾਲ ਬੋਲਣ ਕਰਕੇ ਵਿਹਲ/ਵਿਹਲਾ ਸ਼ਬਦ ਬਣੇ ਹਨ ਜੋ ਖਾਲੀ ਸਮੇਂ ਜਾਂ ਫੁਰਸਤ ਵੱਲ ਸੰਕੇਤ ਕਰਦੇ ਹਨ। ਗੁਰੂ ਨਾਨਕ ਨੇ ਇਕੋ ਥਾਂ ਵਿਹਲ ਦੇ ਅਰਥਾਂ ਵਿਚ 'ਵੇਲ' ਅਤੇ ਸਮੇਂ ਦੇ ਅਰਥਾਂ ਵਿਚ 'ਵੇਲਾ' ਸ਼ਬਦ ਵਰਤੇ ਹਨ,

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰਿ॥
ਕਵਣਿ ਸਿ ਰੁਤੀ ਮਾਹ ਕਵਣੁ
ਜਿਤ ਹੋਆ ਆਕਾਰ॥
ਵੇਲ ਨਾ ਪਾਈਐ ਪੰਡਤੀ
ਜਿ ਹੋਵੈ ਲੇਖ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖ ਕੁਰਾਣੁ॥

ਇਸ ਪਦ ਤੋਂ ਮਲੂਮ ਹੁੰਦਾ ਹੈ ਕਿ ਵੇਲ ਸ਼ਬਦ ਕਿਵੇਂ ਸਹਿਜੇ ਹੀ ਫੁਰਸਤ ਦੇ ਅਰਥਾਂ ਵਿਚ ਵਟ ਗਿਆ ਹੈ, 'ਵੇਲ ਨਾ ਪਾਈਐ ਪੰਡਤੀ' ਅਰਥਾਤ ਪੰਡਤਾਂ ਨੂੰ ਜਾਨਣ ਦੀ ਵਿਹਲ ਨਹੀਂ। ਇਥੋਂ ਹੀ ਪਤਾ ਲਗਦਾ ਹੈ ਕਿ ਸ਼ਬਦਾਂ ਵਿਚ ਕਿਵੇਂ ਰੂਪ ਅਤੇ ਅਰਥ ਪੱਖੋਂ ਸਹਿਵਨ ਹੀ ਸੂਖਮ ਪਰਿਵਰਤਨ ਹੋ ਜਾਂਦੇ ਹਨ। ਅੱਜ ਕਲ੍ਹ ਇਹ 'ਵਿਹਲ' ਦੇ ਸ਼ਬਦ-ਜੋੜਾਂ ਨਾਲ ਸੁਤੰਤਰ ਸ਼ਬਦ ਬਣ ਗਿਆ ਹੈ। ਵੇਲ ਸ਼ਬਦ ਮਨੁਖ ਜਾਂ ਜਾਨਵਰ ਦੇ ਧੜ ਦੀ ਲੰਬਾਈ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਅਰਥਾਤ ਧੌਣ ਤੋਂ ਲੱਕ ਤੀਕ ਦਾ ਨਾਪ। ਉਂਜ ਵੇਲਾ ਦਾ ਅਰਥ ਵਾਟ ਵੀ ਹੈ। ਦਰਅਸਲ ਵਾਟ ਸ਼ਬਦ ਵੇਲਾ ਦਾ ਹੀ ਸੁਜਾਤੀ ਹੈ। ਅਸੀਂ ਬੇਲਾ ਸ਼ਬਦ ਨੂੰ ਜੰਗਲ ਦੇ ਅਰਥਾਂ ਵਜੋਂ ਜਾਣਦੇ ਹਾਂ, ਖਾਸ ਤੌਰ 'ਤੇ 'ਜੰਗਲ-ਬੇਲਾ' ਸ਼ਬਦ ਜੁੱਟ ਵਿਚ। ਹੀਰ ਦੇ ਕਿੱਸੇ ਵਿਚ ਬੇਲਾ ਹੀਰ ਰਾਂਝੇ ਦੇ ਰੁਮਾਂਸ ਦੀ ਕਰਮਭੂਮੀ ਹੈ। ਅਸਲ ਵਿਚ ਬੇਲਾ ਦਾ ਅਰਥ ਸਮੁੰਦਰ ਜਾਂ ਦਰਿਆ ਦਾ ਕਿਨਾਰਾ ਹੈ ਜਾਂ ਕਹਿ ਲਵੋ ਸਮੁੰਦਰ/ਦਰਿਆ ਅਤੇ ਥਲ ਦੇ ਵਿਚਕਾਰਲਾ ਇਲਾਕਾ। ਇਥੇ ਆਮ ਤੌਰ 'ਤੇ ਪਾਣੀ ਦੀ ਨਮੀ ਕਾਰਨ ਬਨਸਪਤੀ ਦੀ ਬਹੁਤਾਤ ਹੁੰਦੀ ਹੈ ਇਸ ਲਈ ਬੇਲਾ ਸ਼ਬਦ ਦਾ ਅਰਥ ਇਕ ਤਰ੍ਹਾਂ ਪਾਣੀ ਕਿਨਾਰੇ ਦਾ ਵਣ ਵੀ ਹੋ ਗਿਆ ਹੈ। ਸੰਸਕ੍ਰਿਤ ਵਿਚ 'ਵੇਲਾ ਵਨਮ' ਦਾ ਇਹੀ ਅਰਥ ਹੈ। ਵੇਲਾ ਸ਼ਬਦ ਵਿਚ ਮੁਢਲਾ ਭਾਵ ਸੀਮਾ, ਹੱਦ ਆਦਿ ਦਾ ਹੈ। ਇਹ ਸੀਮਾ ਸਮੇਂ ਤੇ ਵਿਥ ਦੇ ਪਸਾਰਾਂ ਵਿਚ ਅਰਥਵਾਨ ਹੁੰਦੀ ਹੈ। ਦਰਿਆ ਦਾ ਕਿਨਾਰਾ ਜਲ ਅਤੇ ਥਲ ਦੀ ਸੀਮਾ ਹੈ। ਇਥੋਂ ਇਸ ਦਾ ਅਰਥ-ਵਿਸਤਾਰ ਹੋ ਕੇ ਜਵਾਰਭਾਟਾ ਵੀ ਹੋ ਗਿਆ ਹੈ।

ਇਹ ਸ਼ਬਦ ਹਿੰਦ-ਯੂਰਪੀ ਅਸਲੇ ਦਾ ਹੈ। ਭਾਸ਼ਾ ਵਿਗਿਆਨੀਆਂ ਨੇ ਇਸ ਦਾ ਭਾਰੋਪੀ ਮੂਲ wegh ਲਭਿਆ ਹੈ। ਇਸ ਮੂਲ ਵਿਚ ਚੱਲਣ ਫਿਰਨ, ਗਤੀ ਕਰਨ ਦੇ ਭਾਵ ਹਨ। ਵੇਗ ਸ਼ਬਦ ਇਸੇ ਤੋਂ ਬਣਿਆ। ਇਸ ਤੋਂ ਸੰਸਕ੍ਰਿਤ ਸ਼ਬਦ ਵਤਮਰਨ ਬਣਿਆ ਜੋ ਬਦਲਦਾ ਬਦਲਦਾ 'ਵਾਟ' ਬਣ ਗਿਆ। ਹਵਾ ਦੇ ਅਰਥਾਂ ਵਾਲਾ ਵਾਤ ਤੇ ਫਾਰਸੀ ਬਾਦ ਇਸੇ ਤੋਂ ਵਿਉਤਪਤ ਹੋਏ। ਫਾਰਸੀ ਦੇ 'ਵਿਲਾ' ਜਾਂ 'ਵਲਾ' ਸ਼ਬਦਾਂ ਦੇ ਅਰਥ ਸਮਾਂ, ਵੇਲਾ, ਰੁੱਤ ਤੋਂ ਵਿਕਸਤ ਹੋ ਕੇ ਗੱਲ, ਮੁੱਦਾ ਆਦਿ ਹੋ ਗਏ ਹਨ। ਫਾਰਸੀ ਮੁਹਾਵਰੇ 'ਦਾਰ-ਏ-ਵਿਲਾ' ਦਾ ਅਰਥ ਹੈ, ਇਸ ਵੇਲੇ, ਅੱਜ ਕੱਲ੍ਹ, ਇਸ ਮਸਲੇ ਵਿਚ ਆਦਿ।

ਪਾਣੀ ਵਿਚ ਗਤੀ ਦਾ ਬੋਧ ਹੁੰਦਾ ਹੈ, ਇਸ ਲਈ ਪਾਣੀ ਦੇ ਅਰਥਾਂ ਵਾਲੇ ਸ਼ਬਦ ਇਸ ਮੂਲ ਤੋਂ ਬਣੇ ਹਨ। ਰੂਸੀ ਵੋਦਕਾ ਤੇ ਅੰਗਰੇਜ਼ੀ ਵਾਟਰ ਇਸੇ ਧਾਤੂ ਨਾਲ ਸਬੰਧਿਤ ਦੱਸੇ ਜਾਂਦੇ ਹਨ। ਪਰ ਇਸ ਨਾਲ ਜੁੜਦੇ ਅੰਗਰੇਜ਼ੀ ਦੇ ਸਭ ਤੋਂ ਮੰਨਣਯੋਗ ਸ਼ਬਦ ਹਨ way ਅਤੇ weigh. ਅੰਗਰੇਜ਼ੀ way ਦੀ ਤਰ੍ਹਾਂ ਹੀ ਪੰਜਾਬੀ ਵਾਟ ਸ਼ਬਦ ਵੀ ਰਸਤੇ ਦੇ ਅਰਥ ਦਿੰਦਾ ਹੈ। Weigh ਸ਼ਬਦ ਵਿਚ ਧਾਤੂ ਦੇ ਗਤੀ ਵਾਲੇ ਭਾਵ ਕੰਮ ਕਰ ਰਹੇ ਹਨ ਅਰਥਾਤ ਗਤੀ ਦੇ ਭਾਵ 'ਉਪਰ ਨੂੰ ਗਤੀ' ਜਾਂ 'ਚੁੱਕਣ, ਉਠਾਉਣ' ਦੇ ਅਰਥਾਂ ਵਿਚ ਪਲਟ ਗਏ। ਭਾਰ ਦੀ ਸ਼ਕਤੀ ਚੁੱਕਣ ਤੋਂ ਹੀ ਪ੍ਰਤੀਤ ਹੁੰਦੀ ਹੈ। ਪੰਜਾਬੀ ਦੇ ਸ਼ਬਦ 'ਵਿਥ' ਅਤੇ 'ਬੀਹੀ' ਵਿਚ ਵੀ ਇਹੋ ਮੂਲ ਭਾਵ ਨਿਹਿਤ ਹੈ।

# ਪੰਜਾਬ ਦੀ ਧੀ ਨੂੰ ਪੁਲਿਸ ਵਲੋਂ ਸ਼ਰ੍ਹੇਆਮ ਕੁਟਾਪਾ

ਪੰਜਾਬ ਵਿਚ ਇਕ ਹੋਰ ਬੇਹੱਦ ਸ਼ਰਮਨਾਕ ਕਾਂਡ ਵਾਪਰਿਆ ਹੈ ਜਿਸ ਨੇ ਇਨਸਾਨੀਅਤ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਤਰਨਤਾਰਨ ਦੀ ਸਿਟੀ ਪੁਲਿਸ ਦੇ ਕਰਮਚਾਰੀਆਂ ਨੇ ਗੋਇੰਦਵਾਲ ਸੜਕ 'ਤੇ ਮੈਰਿਜ ਪੈਲੇਸ ਵਿਚ ਇਕ ਲੜਕੀ ਉਤੇ ਤਸ਼ੱਦਦ ਕੀਤਾ, ਉਹਦੀ ਜੰਮ ਕੇ ਮਾਰ-ਕੁਟਾਈ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਕੀਤੀ। ਲੜਕੀ ਹਰਬਿੰਦਰ ਕੌਰ ਪੁੱਤਰੀ ਸ. ਕਸ਼ਮੀਰ ਸਿੰਘ ਵਾਸੀ ਉਸਮਾ ਆਪਣੇ ਪਰਿਵਾਰ ਸਮੇਤ ਕਿਸੇ ਵਿਆਹ ਵਿਚ ਸ਼ਾਮਲ ਹੋਣ ਲਈ ਆਈ ਹੋਈ ਸੀ, ਜਿੱਥੇ ਇਕ ਟੈਕਸੀ ਡਰਾਇਵਰ ਸਾਹਿਬ ਸਿੰਘ ਅਤੇ ਉਹ ਦੇ ਸਾਥੀ ਨੇ ਉਸ ਨਾਲ ਛੇੜਖਾਨੀ ਕੀਤੀ। ਲੜਕੀ ਨੇ ਵਿਰੋਧ ਕੀਤਾ ਤਾਂ ਇਨ੍ਹਾਂ ਮੁੰਡਿਆਂ ਨੇ ਹੋਰ ਅਸ਼ਲੀਲ ਹਰਕਤਾਂ ਕੀਤੀਆਂ। ਇਸ 'ਤੇ ਲੜਕੀ ਦੇ ਪਰਿਵਾਰ ਵਾਲਿਆਂ ਨੇ ਟੈਕਸੀ ਵਾਲੇ ਤੇ ਉਹਦੇ ਸਾਥੀ ਨਾਲ ਹੱਥੋਪਾਈ ਕੀਤੀ। ਡਰਾਇਵਰ ਨੇ ਫੋਨ ਕਰ ਕੇ ਪੁਲਿਸ ਬੁਲਾ ਲਈ। ਪੁਲਸੀਆਂ ਨੇ ਆਉਂਦੇ ਹੀ ਲੜਕੀ ਦੇ ਪਰਿਵਾਰ ਨੂੰ ਕੁਟਾਪਾ ਚਾੜ੍ਹਿਆ। ਲੜਕੀ ਦੇ ਪਿਉ ਦੀ ਪੱਗ ਲਾਹ ਕੇ ਉਹਨੂੰ ਕੁੱਟਿਆ। ਜਦ ਲੜਕੀ ਆਪਣੇ ਪਿਉ ਵੱਲ ਦੌੜੀ ਤਾਂ ਦੋ ਪੁਲਸੀਆਂ ਨੇ ਥੱਪੜਾਂ ਅਤੇ ਡੰਡਿਆਂ ਨਾਲ ਕੁੜੀ ਨੂੰ ਪਸ਼ੂਆਂ ਵਾਂਗ ਕੁੱਟਿਆ ਅਤੇ ਉਹਨੂੰ ਸ਼ਰ੍ਹੇਆਮ ਬੇਇੱਜ਼ਤ ਕੀਤਾ। ਇਹ ਸਾਰੀ ਕਾਰਵਾਈ ਚੈਨਲਾਂ 'ਤੇ ਵਾਰ-ਵਾਰ ਵਿਖਾਈ ਗਈ ਜਿਸ ਨੂੰ ਵੇਖ-ਵੇਖ ਲੋਕ ਤਰਾਸ-ਤਰਾਸ ਕਰ ਉਠੇ ਅਤੇ ਲਾਹਨਤਾਂ ਪਾਈਆਂ।

ਫਰੀਦਕੋਟ ਵਿਚ ਸ਼ਰੂਤੀ ਕੇਸ ਤੋਂ ਸ਼ੁਰੂ ਹੋਇਆ ਪੰਜਾਬ ਸਰਕਾਰ ਅਤੇ ਪੁਲਿਸ ਦਾ ਘਿਣਾਉਣਾ ਰੂਪ ਲੋਕਾਂ ਦਾ ਮੂੰਹ ਚਿੜਾ ਰਿਹਾ ਹੈ। ਚੋਰ ਅਤੇ ਕੁੱਤੇ ਭਾਈਵਾਲ ਬਣ ਕੇ ਪੰਜਾਬ ਦੀ ਅਜ਼ਮਤ ਰੋਲ ਰਹੇ ਹਨ। ਮੰਤਰੀਆਂ-ਸੰਤਰੀਆਂ ਦੇ ਗੁੰਡਾ ਗੈਂਗ ਅਤੇ ਅੱਗਿਓਂ ਉਨ੍ਹਾਂ ਦੇ ਖਬਰੀਏ ਸ਼ਰ੍ਹੇਆਮ ਦਨਦਨਾਉਂਦੇ ਫਿਰਦੇ ਹਨ ਅਤੇ ਕੁੱਤਿਆਂ ਵਾਂਗ ਸੁੰਘਦੇ ਫਿਰਦੇ ਹਨ ਕਿ ਕਿਹੜਾ 'ਮਾਲ' ਚੰਗਾ ਹੈ ਅਤੇ ਉਸ 'ਮਾਲ' ਨੂੰ ਕਦੋਂ ਚੁੱਕਿਆ ਜਾਵੇਗਾ। ਧੀਆਂ-ਧਿਆਣੀਆਂ ਲਈ ਇਹ ਗੁੰਡੇ ਲੋਕ 'ਮਾਲ' ਲਫ਼ਜ਼ ਦੀ ਵਰਤੋਂ ਕਰ ਰਹੇ ਹਨ। ਜਦ ਲੁੱਟੀਆਂ-ਪੁੱਟੀਆਂ ਧੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਵਾਲੇ ਥਾਣਿਆਂ ਵਿਚ ਜਾ ਕੇ ਰੋਂਦੇ ਹਨ ਤਾਂ ਪੁਲਿਸ ਵਾਲੇ ਉਨ੍ਹਾਂ ਨੂੰ ਢਾਰਸ ਦੇਣ ਦੀ ਬਜਾਏ ਉਨ੍ਹਾਂ ਦੀ ਛਿੱਤਰ ਪਰੇਡ ਕਰਦੇ ਹਨ ਤੇ ਧਮਕੀਆਂ ਵੀ ਦਿੰਦੇ ਹਨ ਕਿ ਜਿਨ੍ਹਾਂ ਲੋਕਾਂ ਖ਼ਿਲਾਫ਼ ਤੁਸੀਂ ਰੌਲਾ ਪਾ ਰਹੇ ਹੋ, ਉਹ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੇ ਬੰਦੇ ਹਨ। ਵੱਡੇ ਗੁੰਡੇ ਕੌਣ ਹਨ-ਮੰਤਰੀਆਂ ਦੇ ਮੁਸ਼ਟੰਡੇ ਜਾਂ ਪੁਲਿਸ ਦੇ ਭੇੜੀਏ? ਅੱਜ ਅਖ਼ਬਾਰਾਂ ਵਿਚ ਆਮ ਖ਼ਬਰਾਂ ਨਾਲੋਂ ਬਲਾਤਕਾਰਾਂ ਤੇ ਪੁਲਿਸ



ਵਧੀਕੀਆਂ ਦੀਆਂ ਸੁਰਖੀਆਂ ਵੱਧ ਹਨ। ਕਿਥੇ ਬੈਠੀ ਹੈ ਲੁਕ ਕੇ ਪੰਜਾਬ ਦੀ ਸਰਕਾਰ, ਜੋ 'ਰਾਜ ਨਹੀਂ ਸੇਵਾ' ਕਰ ਰਹੀ ਹੈ? ਕਿੱਥੇ ਹੈ ਪੰਜਾਬ ਦਾ ਧਾਰਮਿਕ ਚਿਹਰਾ ਜੋ ਰੋਸ਼ਨੀ ਵਿਚ ਵੀ ਕਿਤੇ ਵਿਖਾਈ ਨਹੀਂ ਦੇ ਰਿਹਾ? ਕਿਥੇ ਹਨ ਪੰਜਾਬ ਦੇ ਵਾਰਸ ਤੇ ਪੰਜਾਬ ਦੇ ਬੇ-ਤਾਜ ਬਾਦਸ਼ਾਹ?

ਜਿਸ ਪਾਸੇ ਦੇਖੋ, ਬਲਾਤਕਾਰ!! ਅੱਜ ਪੰਜਾਬ ਦਾ ਵਿਕਾਸ ਆਪਣੇ ਮੂੰਹੋਂ ਬੋਲ ਰਿਹਾ ਹੈ-ਘਰਾਂ ਵਿਚ ਬਲਾਤਕਾਰ, ਕਾਰਾਂ ਵਿਚ ਬਲਾਤਕਾਰ, ਸਕੂਲਾਂ-ਕਾਲਜਾਂ ਵਿਚ ਬਲਾਤਕਾਰ, ਦਫ਼ਤਰਾਂ ਵਿਚ ਬਲਾਤਕਾਰ! ਜਿਵੇਂ ਇਹ ਅੰਕੜੇ ਇੱਕਠੇ ਕਰ ਕੇ ਪੰਜਾਬ ਸਰਕਾਰ ਨੇ ਦੁਨੀਆਂ ਵਿਚ ਆਪਣਾ ਝੰਡਾ ਬੁਲੰਦ ਕਰਨਾ ਹੋਵੇ। ਧੀਆਂ ਦੀ ਇੱਜ਼ਤ ਸ਼ਰ੍ਹੇਆਮ ਲੱਥ ਰਹੀ ਹੈ, ਕੌਣ ਲਾਹ ਰਿਹਾ ਹੈ? ਸਰਕਾਰੀ ਗੁੰਡੇ।...ਤੇ ਉਨ੍ਹਾਂ ਦੀ ਪਿੱਠ ਥਾਪੜ ਰਹੀ ਹੈ ਪੰਜਾਬ ਦੀ ਪੁਲਿਸ। ਆਮ ਆਦਮੀ ਤਾਂ ਪੁਲਿਸ ਵਾਲਿਆਂ ਤੋਂ ਇਵੇਂ ਡਰਦਾ ਹੈ ਜਿਵੇਂ ਬਾਜਾਂ ਤੋਂ ਚਿੜੀਆਂ। ਪੰਜਾਬ ਦਾ ਹਰ ਲੀਡਰ ਅਕ੍ਰਿਤਘਣ ਅਤੇ ਬੇਈਮਾਨ ਹੋ ਚੁੱਕਾ ਹੈ। ਪੰਜਾਬ ਦੀ ਬਦਕਿਸਮਤੀ ਹੈ ਕਿ ਵੋਟਰ ਵਿਕਾਊ ਹੋ ਚੁੱਕਾ ਹੈ। ਜਦੋਂ ਲੀਡਰ ਨੇ ਨੋਟ ਦੇ ਕੇ ਵੋਟਾਂ ਲਈਆਂ ਹਨ ਤਾਂ ਫਿਰ ਉਹ ਪੰਜਾਬ ਦੀਆਂ ਧੀਆਂ ਦੀ ਹਿਫ਼ਾਜ਼ਤ ਕਿਉਂ ਕਰਨਗੇ? ਮੁੱਲ ਖਰੀਦੀ ਵੋਟ ਤੇ ਵਿਕੇ ਹੋਏ ਵੋਟਰਾਂ ਦਾ ਇਸਤੇਮਾਲ ਕਿਵੇਂ ਕਰਨਾ ਹੈ, ਇਹ ਲੀਡਰ ਤਬਕੇ ਨੂੰ ਭਲੀ ਪ੍ਰਕਾਰ ਪਤਾ ਹੈ। ਅੱਜ ਪੰਜਾਬ ਦਾ ਵੋਟਰ ਨਿਕੰਮਾ ਹੋ ਚੁੱਕਾ ਹੈ ਕਿਉਂਕਿ ਇਸ ਨੇ ਤਾਂ ਚੰਦ ਸਿੱਕਿਆਂ ਲਈ ਜਾਂ ਅਫੀਮਾਂ-ਭੁੱਕੀਆਂ ਲਈ ਆਪਣੀ ਜ਼ਮੀਰ ਤੱਕ ਵੇਚ ਛੱਡੀ ਹੈ।

## ਦੁਖਦੀ ਰਗ

ਪੰਜਾਬ ਵਾਲਿਓ! ਅਜੇ ਤਾਂ 'ਰਾਜ ਨਹੀਂ ਸੇਵਾ' ਦਾ ਇਕ ਸਾਲ ਹੀ ਪੂਰਾ ਹੋਇਆ ਹੈ; ਪੂਰੇ ਚਾਰ ਸਾਲ ਹੋਰ ਪਏ ਹਨ। ਅਜੇ ਤਾਂ ਸ਼ੁਰੂਆਤ ਹੀ ਹੋਈ ਹੈ, ਤੂਫ਼ਾਨ ਆਉਣੇ ਅਜੇ ਬਾਕੀ ਹਨ। ਲਾਹਨਤ ਹੈ ਇਹੋ ਜਿਹੇ ਰਾਜ 'ਤੇ! ਇਹੋ ਜਿਹੇ ਸਮਾਜ 'ਤੇ!! ਲਾਹਨਤ ਹੈ ਇਹੋ ਜਿਹੇ ਰਖਵਾਲਿਆਂ 'ਤੇ ਜੋ ਧੀਆਂ ਨੂੰ ਬਚਾਉਣ ਦੀ ਥਾਂ ਸ਼ਰ੍ਹੇਆਮ ਸੜਕਾਂ 'ਤੇ ਕੁੱਟਦੇ ਹਨ ਅਤੇ ਉਨ੍ਹਾਂ ਦੇ ਸਿਰਾਂ ਤੋਂ ਚੁੰਨੀਆਂ ਲਾਹ ਕੇ ਉਨ੍ਹਾਂ ਨੂੰ ਨੰਗੀਆਂ ਕਰਦੇ ਹਨ। ਹੁਣ ਆਮ ਆਦਮੀ ਮਹਿਫੂਜ਼ ਨਹੀਂ ਹੈ, ਪੰਜਾਬ ਦਲ-ਦਲ ਵਿਚ ਧਸ ਚੁੱਕਾ ਹੈ। ਜਵਾਨੀ ਨਸ਼ਿਆਂ ਵਿਚ ਡੁੱਬ ਕੇ ਅਪਾਹਜ ਹੋ ਚੁੱਕੀ ਹੈ। ਪੰਜਾਬ ਹਰ ਪੱਖ ਤੋਂ ਨਿਘਾਰ ਵੱਲ ਜਾ ਰਿਹਾ ਹੈ, ਪਰ ਰੱਬ ਦਾ ਵਾਸਤਾ ਜੇ, ਅਜੇ ਵੀ ਸੰਭਲ ਜਾਉ।

ਪੰਜਾਬੀਓ! ਤੁਹਾਡੇ ਕੋਲ ਤਾਕਤ ਹੈ, ਉਸ ਦੀ ਵਰਤੋਂ ਕਰੋ। ਪਿੰਡਾਂ, ਸ਼ਹਿਰਾਂ ਅਤੇ ਗਲੀਆਂ ਮੁਹੱਲਿਆਂ ਦੇ ਲੋਕੋ, ਆਪਣੇ ਨਿੱਜੀ ਵਿਰੋਧ ਤਿਆਗ ਕੇ ਇਕੱਠੇ ਹੋਵੋ ਅਤੇ ਆਪਣੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੀ ਰਾਖੀ ਆਪ ਕਰੋ। ਬੱਸ, ਇਕੋ ਚਾਰਾ ਹੈ-ਸਭ ਜਾਤਾਂ ਪਾਤਾਂ ਤੇ ਧਰਮਾਂ ਨੂੰ ਛੱਡ ਕੇ ਇੱਕਠੇ ਹੋ ਜਾਵੋ; ਜਦ ਜਨਤਾ ਇਕੱਠੀ ਹੋ ਕੇ ਤੁਰ ਪਈ, ਤੁਹਾਡੀ ਤਾਕਤ ਸਾਹਮਣੇ ਆ ਗਈ ਤਾਂ ਕੋਈ ਮੰਤਰੀ ਜਾਂ ਪੁਲਿਸ ਵਾਲਾ ਤੁਹਾਡੇ ਵਧਦੇ ਹੋਏ ਵੇਗ ਦੇ ਸਾਹਮਣੇ ਖੜ੍ਹਾ ਨਹੀਂ ਹੋ ਸਕੇਗਾ। ਉਠੋ, ਇਕੱਠੇ ਹੋਵੋ ਤੇ ਆਪਣੀਆਂ ਧੀਆਂ ਦੀਆਂ ਇੱਜ਼ਤਾਂ ਆਪ ਬਚਾਵੋ।

# ਅੱਜ ਦੇ ਪੰਜਾਬ ਦਾ ਸਿਹਤ ਦ੍ਰਿਸ਼



*ਪਿਛਲੇ ਸਾਲਾਂ ਦੌਰਾਨ ਹਰ ਖੇਤਰ ਵਿਚ ਵੱਡੇ ਪੱਧਰ ਉਤੇ ਤਬਦੀਲੀਆਂ ਹੋਈਆਂ ਹਨ। ਪੰਜਾਬ ਵੀ ਇਨ੍ਹਾਂ ਤਬਦੀਲੀਆਂ ਤੋਂ ਅਛੂਤਾ ਨਹੀਂ ਰਿਹਾ, ਬਲਕਿ ਦੇਸ਼ ਦੇ ਹੋਰ ਸੂਬਿਆਂ ਨਾਲੋਂ ਦੋ ਕਦਮ ਅਗਾਂਹ ਹੀ ਰਿਹਾ ਹੈ। ਤੇਜ਼ੀ ਨਾਲ ਆਈਆਂ ਇਹ ਤਬਦੀਲੀਆਂ ਜ਼ਿੰਦਗੀ ਦੇ ਹਰ ਪੱਖ ਅਤੇ ਪਹਿਲੂ ਉਤੇ ਅਸਰਅੰਦਾਜ਼ ਹੋਈਆਂ ਹਨ। ਪੇਸ਼ੇ ਵਜੋਂ ਦਿਲ ਦੇ ਰੋਗਾਂ ਦੇ ਮਾਹਿਰ ਡਾ. ਧਰਮਵੀਰ ਗਾਂਧੀ ਨੇ ਆਪਣੇ ਇਸ ਲੇਖ ਵਿਚ ਪੰਜਾਬੀਆਂ ਦੀ ਸਰੀਰਕ ਸਿਹਤ ਦੇ ਨਾਲ-ਨਾਲ ਸਮੁੱਚੇ ਸੂਬੇ ਦੇ ਸਿਆਸੀ, ਆਰਥਿਕ, ਧਾਰਮਿਕ ਤੇ ਸਮਾਜਕ ਪੱਖਾਂ ਦੀ ਪੁਣ-ਛਾਣ ਕੀਤੀ ਹੈ ਅਤੇ ਵੱਖ-ਵੱਖ ਪੜਾਵਾਂ ਬਾਬਤ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਸਿਹਤ ਬਾਰੇ ਤਬਸਰਾ ਕਰਦਿਆਂ ਪੰਜਾਬ ਬਾਰੇ ਹੋਰ ਫਿਕਰ ਵੀ ਵਿਚਾਰੇ ਹਨ। ਇਹ ਲੇਖ ਅੱਜ ਦੇ ਪੰਜਾਬ ਨੂੰ ਸਮਝਣ ਤੇ ਸਮਝਾਉਣ ਅਤੇ ਅਗਲੀ ਪੁਲਾਂਘ ਭਰਨ ਦਾ ਆਧਾਰ ਬਣ ਸਕਦਾ ਹੈ। ਇਸੇ ਨੁਕਤੇ ਤੋਂ ਅਸੀਂ ਇਹ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ*

ਸਿਹਤ ਤੇ ਸਿੱਖਿਆ ਮਨੁੱਖੀ ਜ਼ਿੰਦਗੀ ਤੇ ਵਿਕਾਸ ਨਾਲ ਜੁੜੇ ਦੋ ਅਜਿਹੇ ਅਹਿਮ ਮੁੱਦੇ ਹਨ ਜੋ ਕਿਸੇ ਵੀ ਸਮਾਜ, ਕੌਮ ਜਾਂ ਦੇਸ਼ ਦੇ ਵਰਤਮਾਨ ਤੇ ਭਵਿੱਖ ਨੂੰ ਪ੍ਰਭਾਵਿਤ ਅਤੇ ਤੈਅ ਕਰਨ ਵਿਚ ਫੈਸਲਾਕੁਨ ਭੂਮਿਕਾ ਨਿਭਾਉਂਦੇ ਹਨ। 1946 ਵਿਚ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਸਿਹਤ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਸੀ, "ਮਹਿਜ਼ ਕਿਸੇ ਬਿਮਾਰੀ ਜਾਂ ਅਪੰਗਤਾ ਦਾ ਨਾ ਹੋਣਾ ਹੀ ਸਿਹਤ ਨਹੀਂ ਹੈ। ਸਿਹਤ ਤੋਂ ਭਾਵ ਹੈ ਕਿ ਮਨੁੱਖ ਸਰੀਰਕ, ਸਮਾਜਕ ਅਤੇ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਹੋਵੇ।" ਸਿਹਤ ਦੀ ਇੰਨੀ ਸਟੀਕ, ਮੁਕੰਮਲ ਤੇ ਸਰਵਪੱਖੀ ਪਰਿਭਾਸ਼ਾ



**ਡਾ. ਧਰਮਵੀਰ ਗਾਂਧੀ**
ਫੋਨ:91-98142-05969
E-mail: dvgandhi1951@yahoo.com

ਦਾ ਮੈਂ ਕਾਇਲ ਵੀ ਹਾਂ। ਸਿਹਤ ਦਾ ਇਹ ਸੰਕਲਪ ਹਰ ਸਮੇਂ ਦਾ ਸੱਚ ਸੀ ਤੇ ਰਹੇਗਾ। ਸਿਹਤ ਦੀ ਇਹ ਪਰਿਭਾਸ਼ਾ ਸੁੱਤੇ-ਸਿੱਧ ਸਿਹਤ ਨੂੰ ਕੇਵਲ ਬਿਮਾਰੀਆਂ ਦੇ ਸੀਮਤ ਸੰਕਲਪ 'ਚੋਂ ਬਾਹਰ ਕੱਢ ਕੇ ਆਰਥਿਕਤਾ, ਸਿਆਸਤ ਅਤੇ ਸਮਾਜ ਦੇ ਵਿਸ਼ਾਲ ਵਿਹੜੇ ਵਿਚ ਲਿਆ ਖੜ੍ਹਾ ਕਰਦੀ ਹੈ।

ਅਜੋਕੇ ਪੰਜਾਬ ਦੀ ਸਿਹਤ ਨੂੰ ਇਸ ਪਰਿਭਾਸ਼ਾ ਦੇ ਵੱਖ-ਵੱਖ ਮਿਆਰਾਂ ਤੇ ਮਾਪਦੰਡਾਂ ਅਨੁਸਾਰ ਪਰਖ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ। ਆਪਣੀ ਸਹੂਲੀਅਤ ਲਈ ਮੈਂ ਹੁਣ ਵਾਲੇ ਪੰਜਾਬ ਤੇ ਭਾਰਤ ਨੂੰ ਤਿੰਨ ਕਾਲ-ਖੰਡਾਂ ਵਿਚ ਵੰਡ ਕੇ ਸਿਹਤ ਦੇ ਮਸਲੇ ਨੂੰ ਵੱਖ-ਵੱਖ ਸਮਿਆਂ ਦੀਆਂ ਆਰਥਿਕ, ਸਿਆਸੀ ਤੇ ਸਮਾਜਕ ਸੰਰਚਨਾਵਾਂ ਅਤੇ ਇਨ੍ਹਾਂ ਰਾਹੀਂ ਪ੍ਰਭਾਵਿਤ ਤੇ ਤੈਅ ਹੁੰਦੇ ਜੀਵਨ ਪੱਧਰ, ਜੀਵਨ ਸ਼ੈਲੀ, ਜੀਵਨ ਜਾਂਚ ਤੇ ਜੀਵਨ ਫਸਲਫੇ ਅੰਦਰ ਆਈਆਂ ਸਿਫਤੀ ਤਬਦੀਲੀਆਂ ਦੇ ਪ੍ਰਸੰਗ ਵਿਚ ਰੱਖਾਂਗਾ।

## ਕਾਲ ਖੰਡ 1947-1965

ਆਜ਼ਾਦੀ ਤੋਂ ਫੌਰੀ ਬਾਅਦ ਦਾ ਆਸਾਂ-ਉਮੰਗਾਂ ਭਰਿਆ ਆਸ਼ਾਵਾਦ ਤੇ ਆਦਰਸ਼ਵਾਦ ਨਾਲ ਲਬਰੇਜ਼ ਪੰਜਾਬ। ਅੰਗਰੇਜ਼ਾਂ ਦੀ ਕੂਟਨੀਤੀ ਤੇ ਦੇਸੀ ਸਿਆਸਤਦਾਨਾਂ ਦੀ ਸ਼ਹਿ-ਸਹਿਮਤੀ ਨਾਲ ਪੰਜਾਬੀ ਕੌਮ ਦੀ ਹੋਈ ਗ਼ੈਰ-ਕੁਦਰਤੀ ਭੂਗੋਲਿਕ ਵੰਡ ਤੇ ਇਤਹਾਸ ਦੇ ਸਭ ਤੋਂ ਭੈੜੇ ਮਜ਼ਹਬੀ ਦੰਗਿਆਂ ਦਾ ਝੰਬਿਆ ਪੰਜਾਬ। ਜ਼ਿੰਦਗੀ ਨੂੰ ਮੁੜ ਲੀਹਾਂ 'ਤੇ ਤੋਰਨ ਲਈ ਯਤਨਸ਼ੀਲ ਪੰਜਾਬ। ਸਾਦ-ਮੁਰਾਦੇ ਲੋਕ, ਇਕ-ਦੂਜੇ ਦੀ ਡੰਗੋਰੀ ਬਣਦੇ ਲੋਕ। ਸਿਆਸਤ ਤੇ ਪ੍ਰਸ਼ਾਸਨ-ਦੋਵੇਂ ਭਾਵੇਂ ਅੰਸ਼ਕ ਰੂਪ ਵਿਚ ਹੀ ਸਹੀ, ਕਲਿਆਣਕਾਰੀ ਸਨ। ਸਿਆਸਤ ਵਿਚ ਧੌਂਸ, ਧੱਕੇਸ਼ਾਹੀ, ਗੁੰਡਾਗਰਦੀ ਅਤੇ ਮਾਫੀਆ ਕਲਚਰ ਨਾਂਹ ਦੇ ਬਰਾਬਰ। ਲੋਕਾਂ ਦੀ ਵੱਡੀ ਬਹੁਗਿਣਤੀ, ਹੱਡਭੰਨਵੀ ਕਿਰਤ ਰਾਹੀਂ ਹੱਕ-ਹਲਾਲ ਦੀ ਕਮਾਈ ਕਰਦੀ। ਪੰਜਾਬ ਦੀ ਧਰਤੀ, ਪੰਜਾਬ ਦੇ ਦਰਿਆ ਤੇ ਪੰਜਾਬ ਦੀ ਫਿਜ਼ਾ, ਨਿਰਮਲ ਤੇ ਪ੍ਰਦੂਸ਼ਣ ਰਹਿਤ ਸੀ। ਨਸ਼ਿਆਂ ਦੀ ਵਰਤੋਂ ਨਾਂ-ਮਾਤਰ ਸੀ ਅਤੇ ਨਸ਼ਈ ਮਨੁੱਖ, ਲੋਕਾਂ ਦੀ ਨਫ਼ਰਤ ਤੇ ਮਜ਼ਾਕ ਦਾ ਪਾਤਰ ਸੀ। ਸਰਕਾਰ ਨਸ਼ਿਆਂ ਦੀ ਸੁਦਾਗਰ ਨਹੀਂ ਸੀ। ਕਿਸੇ ਮਨੁੱਖ ਦੀ ਕਦਰ, ਉਸ ਦੇ ਪੈਸੇ-ਰੁਤਬੇ ਕਾਰਨ ਘੱਟ, ਉਸ ਦੇ ਕਿਰਦਾਰ ਕਰ ਕੇ ਵੱਧ ਸੀ। ਲੋਕ ਧਾਰਮਿਕ ਜ਼ਰੂਰ ਸਨ, ਪਰ ਜਨੂੰਨੀ ਨਹੀਂ ਸਨ।

ਪੰਜਾਬ ਨੇ ਜਰਖੇਜ ਭੋਇੰ ਅਤੇ ਮਿਹਨਤੀ ਸੁਭਾਅ ਸਦਕਾ ਦੁਨੀਆਂ ਤੇ ਭਾਰਤ ਦੇ ਦੂਜੇ ਸੂਬਿਆਂ ਵਾਂਗ ਭੁੱਖਮਰੀਆਂ ਅਤੇ ਅਕਾਲ ਵਰਗੇ ਸੰਤਾਪੇ ਸਮੇਂ ਕਦੇ ਹੰਢਾਏ ਹੀ ਨਹੀਂ। ਛੂਤ ਦੇ ਰੋਗ ਜ਼ਰੂਰ ਸਨ ਪਰ ਇਨ੍ਹਾਂ ਨੇ ਮਹਾਮਾਰੀਆਂ ਜਿਹੇ ਭਿਆਨਕ ਰੂਪ ਕਦੇ ਵੀ ਅਖਤਿਆਰ ਨਹੀਂ ਕੀਤੇ। ਪੰਜਾਬ ਦੇ ਲੋਕਾਂ ਦੀ ਸਿਹਤ ਦਾ ਇਹ ਸੁਨਹਿਰੀ ਸਮਾਂ ਸੀ। ਪੰਜਾਬੀਆਂ ਦੀ ਜਿਸਮਾਨੀ ਸਿਹਤ ਤੇ ਜੁੱਸੇ ਦੀਆਂ ਹੁਣ ਤੱਕ ਦਿੱਤੀਆਂ ਜਾਂਦੀਆਂ ਮਿਸਾਲਾਂ ਇਸੇ ਸਮੇਂ ਦੀ ਦੇਣ ਹਨ।

ਇਸ ਸਮੇਂ ਦੌਰਾਨ, ਯਾਨਿ 1947-1965 ਤੱਕ, ਜੇ ਪੰਜਾਬ ਦੀ ਸਮਾਜਕ ਜ਼ਿੰਦਗੀ ਦੀ ਗੱਲ ਕਰਨੀ ਹੋਵੇ ਤਾਂ ਇਸ ਵਿਚ ਜਗੀਰੂ ਸਭਿਆਚਾਰ ਹੀ ਭਾਰੂ ਰਿਹਾ। ਪੰਜਾਬੀ ਸਮਾਜ ਵਿਚ ਜਾਤਪਾਤ, ਔਰਤ ਦੇ ਸਮਾਜ ਵਿਚ ਸਥਾਨ ਤੇ ਰੁਤਬੇ, ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦੇ ਮਾਮਲੇ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਆਈ। ਸਿੱਖ ਧਰਮ ਦੇ ਮਾਨਵਵਾਦੀ ਨਜ਼ਰੀਏ- 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ', 'ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ' ਅਤੇ 'ਹਿੰਦੂ ਅੰਨ੍ਹਾ ਤੁਰਕੂ ਕਾਣਾ ਦੁਹਾਂ ਤੇ ਗਿਆਨੀ ਸਿਆਣਾ' ਵਰਗੀਆਂ ਤਰਕ ਤੇ ਸੰਵਾਦ ਵਾਲੀਆਂ ਸ਼ਾਨਦਾਰ ਰਵਾਇਤਾਂ ਨੂੰ ਪੰਜਾਬੀ ਲੋਕਾਂ, ਵਿਸ਼ੇਸ਼ ਕਰ ਕੇ ਧਾਰਮਿਕ ਅਗਵਾਨੂਆਂ ਨੇ ਬ੍ਰਾਹਮਣਵਾਦੀ ਤੇ ਕਰਮਕਾਂਡੀ ਧਾਰਮਿਕ ਅਭਿਆਸ ਵਿਚ ਦਫ਼ਨ ਕਰ ਦਿੱਤਾ। ਵੱਡੇ ਸਮਾਜਕ ਇਨਕਲਾਬ ਦਾ ਸੰਦ ਬਣਨ ਦੀ ਸਮਰਥਾ ਰੱਖਣ ਅਤੇ ਸਿਧਾਂਤਕ ਗਤੀਸ਼ੀਲਤਾ ਅਤੇ ਤਬਦੀਲੀਆਂ ਦੇ ਅਲੰਬਰਦਾਰ ਮਹਾਨ ਫਲਸਫੇ ਨੂੰ ਮਹਿਜ਼ ਰੂਹਾਨੀਅਤ ਅਤੇ ਸ਼ਖਸੀ ਮੁਕਤੀ ਤੱਕ ਸੀਮਤ ਕਰ ਕੇ ਇਸ ਦੇ ਸਮਾਜਕ ਇਨਕਲਾਬੀ ਪਾਸੇ ਨੂੰ ਛੁਟਿਆ ਕੇ, ਸਾਖੀਆਂ-ਸਤਿਸੰਗਾਂ ਤਕ ਸੀਮਤ ਕਰ ਦਿੱਤਾ ਗਿਆ। ਇਸ ਫਲਸਫੇ ਅੰਦਰ ਸਮੋਈ ਜਾਤ-ਪਾਤ, ਫਿਰਕਾਪ੍ਰਸਤੀ, ਧਾਰਮਿਕ ਕੱਟੜਤਾ, ਅੰਧ-ਵਿਸ਼ਵਾਸਾਂ ਤੇ ਵਹਿਮਾਂ-ਭਰਮਾਂ ਖਿਲਾਫ ਲੜਨ ਅਤੇ ਸਰਬ-ਸਾਂਝੀਵਾਲਤਾ 'ਤੇ ਆਧਾਰਤ ਨਿਆਂਪੂਰਨ ਸਮਾਜ ਸਿਰਜਣ ਲਈ ਲੋਕਾਂ ਨੂੰ ਜਾਗ੍ਰਿਤ ਤੇ ਜਥੇਬੰਦ ਕਰਨ ਦੀ ਬੇਥਾਹ ਸਮਰਥਾ ਨੂੰ ਭਰਪੂਰ ਵਰਤੋਂ ਵਿਚ ਲਿਆਉਂਦਿਆਂ ਪੰਜਾਬੀ ਸਮਾਜ ਅੰਦਰ ਆਧੁਨਿਕਤਾ ਦੀ ਜੋ ਜੋਤ ਜਗਣੀ ਚਾਹੀਦੀ ਸੀ, ਤੇ ਜੋ ਦੇਸ਼-ਦੁਨੀਆਂ ਲਈ ਰਾਹ-ਦਰਸਾਵਾ ਤੇ ਚਾਨਣ ਮੁਨਾਰਾ ਬਣ ਸਕਦੀ ਸੀ, ਇਸ ਇਤਿਹਾਸਕ ਕਾਰਜ ਵਿਚ ਪੰਜਾਬ ਦੀ ਸਮਾਜਕ-ਧਾਰਮਿਕ ਲੀਡਰਸ਼ਿਪ ਬੁਰੀ ਤਰ੍ਹਾਂ ਨਾਕਾਮ ਰਹੀ। ਅੱਜ ਪੰਜਾਬ ਦੇ ਮੱਥੇ ਭਰੂਣ ਹੱਤਿਆ ਅਤੇ ਅਤਿਵਾਦ ਦਾ ਕਲੰਕ ਵੀ ਹੋਰਨਾਂ ਕਾਰਨਾਂ ਦੇ ਨਾਲ-ਨਾਲ ਕਿਸੇ ਹੱਦ ਤਕ ਇਸੇ ਅਣਗਹਿਲੀ ਤੇ ਕੁਤਾਹੀ ਦਾ ਨਤੀਜਾ ਹੈ।

ਇਸ ਸਾਰੇ ਸਮੇਂ ਦੌਰਾਨ ਪੰਜਾਬੀ ਲੋਕਾਂ ਦੀ ਸਮਾਜਕ ਸਿਹਤ ਪਿਛਾਖੜੀ, ਜਗੀਰੂ ਸਭਿਆਚਾਰ 'ਚ ਗ੍ਰਸੇ ਹੋਣ ਅਤੇ ਆਧੁਨਿਕਤਾ ਤੋਂ ਵਾਂਝੇ ਰਹਿਣ ਦੇ ਬਾਵਜੂਦ ਇੰਨੀ ਮਾੜੀ ਨਹੀਂ ਸੀ। ਇਸ ਨੂੰ ਵਿਗਾੜਨ ਦੀਆਂ ਕੁਝ ਕੋਸ਼ਿਸ਼ਾਂ ਜ਼ਰੂਰ ਹੋਈਆਂ। ਇਨ੍ਹਾਂ ਪਿਛੇ ਜਿੱਥੇ ਇਕ ਪਾਸੇ ਕੇਂਦਰੀ ਸੱਤਾ ਦੀਆਂ ਚਾਲਾਂ ਤੇ ਖੁਦਗਰਜੀ ਸ਼ਾਮਲ ਸੀ, ਉਥੇ ਦੂਜੇ ਪਾਸੇ ਸੂਬੇ ਵਿਚ ਨਵੀਂ ਉਭਰ ਰਹੀ ਹਾਕਮ ਜਮਾਤ ਦੀ ਨੁਮਾਇੰਦਗੀ ਕਰਦੀ ਅਹਿਮ ਸਿਆਸੀ ਪਾਰਟੀ ਵੱਲੋਂ ਬੁਨਿਆਦੀ ਰੂਪ ਵਿਚ ਸੱਤਾ ਤੇ ਸਿਆਸਤ ਵਿਚ ਵਧੇਰੇ ਭਾਈਵਾਲੀ ਤੇ ਹਿੱਸਾਪੱਤੀ ਹਾਸਲ ਕਰਨ ਲਈ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਚਲਾਇਆ ਜਾ ਰਿਹਾ ਅੰਦੋਲਨ ਸੀ। ਇਸ ਅੰਦੋਲਨ ਪਿੱਛੇ ਮੇਰੇ ਵਿਚਾਰ ਅਨੁਸਾਰ ਪੰਜਾਬ ਦੀ ਆਰਥਿਕਤਾ, ਪੰਜਾਬੀ ਸਮਾਜ, ਪੰਜਾਬੀ ਭਾਸ਼ਾ ਤੇ ਸਭਿਆਚਾਰ ਲਈ ਕੋਈ ਵੱਖਰਾ ਲੋਕ ਪੱਖੀ ਬਦਲ ਨਾ ਹੋ ਕੇ ਮਹਿਜ਼ ਸੱਤਾ 'ਤੇ ਲਗਾਤਾਰ ਬਣੇ ਰਹਿਣ ਦੀ ਲਾਲਸਾ ਸੀ ਜੋ ਪਿਛਲੇ 40-45 ਸਾਲ ਦੇ ਇਨ੍ਹਾਂ ਦੇ ਕਿਰਦਾਰ ਅਤੇ ਵਿਹਾਰ ਨੇ ਸਿੱਧ ਕਰ ਵਿਖਾਇਆ ਹੈ। ਕੇਂਦਰੀ ਸੱਤਾ ਦੀ ਸ਼ਹਿ ਉਤੇ ਕੁੱਝ ਕੱਟੜ ਹਿੰਦੂਵਾਦੀ ਤਾਕਤਾਂ ਦੀ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਗੱਦਾਰੀ ਨੇ ਬਲਦੀ ਉਤੇ ਘਿਓ ਦਾ ਕੰਮ ਕੀਤਾ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿਚ ਸਿਆਸੀ-ਸਮਾਜਕ ਹਲਚਲ ਤਾਂ ਬਹੁਤ ਹੋਈ ਅਤੇ ਕੁਝ ਅਖ਼ਬਾਰਾਂ 'ਪ੍ਰਤਾਪ', 'ਵੀਰ ਪ੍ਰਤਾਪ', 'ਹਿੰਦ ਸਮਾਚਾਰ', 'ਪੰਜਾਬ ਕੇਸਰੀ', 'ਅਜੀਤ' ਤੇ 'ਅਕਾਲੀ ਪੱਤਰਕਾ' ਆਦਿ ਨੇ ਅਤਿ ਭੜਕਾਊ ਲੇਖਾਂ ਰਾਹੀਂ ਪੰਜਾਬ ਦੀ ਭਾਈਚਾਰਕ ਸਾਂਝ ਤੇ ਸਮਾਜਕ ਸਿਹਤ ਵਿਗਾੜਨ ਦੀ ਵਾਹ ਤਾਂ ਪੂਰੀ ਲਾਈ ਪਰ ਹਿੰਦੂਆਂ, ਸਿੱਖਾਂ ਦੇ ਇਕਜੁੱਟ ਸਭਿਆਚਾਰ ਨੇ ਇਨ੍ਹਾਂ ਸਿਆਸੀ, ਧਾਰਮਿਕ ਤੇ ਅਖਬਾਰੀ ਲੀਡਰਾਂ ਦੀਆਂ ਚਾਲਾਂ ਨੂੰ ਕਾਮਯਾਬ ਨਾ ਹੋਣ ਦਿੱਤਾ।

ਇਸ ਸਮੇਂ ਦੌਰਾਨ ਜਿੱਥੋਂ ਤੱਕ ਲੋਕਾਂ ਦੀ ਮਾਨਸਿਕ ਸਿਹਤ ਦਾ ਸੁਆਲ ਹੈ, ਇਹ ਬਹੁਤ ਸਥਿਰ ਸੀ। ਈਰਖਾ, ਸਾੜਾ, ਗੈਰ ਸਿਹਤਮੰਦ ਸ਼ਰੀਕੇਬਾਜ਼ੀ ਬਹੁਤ ਘੱਟ ਸੀ। ਖੁੰਢਾਂ-ਸੱਥਾਂ-ਸਾਂਝਾਂ ਦਾ ਯੁਗ ਸੀ। ਲੋਕ ਨਿਰਸਵਾਰਥ ਢੰਗ ਨਾਲ ਇਕ-ਦੂਜੇ ਦੀ ਮਦਦ ਕਰਦੇ ਸਨ। ਜ਼ਿੰਦਗੀ ਦੀ ਤੋਰ ਟਿਕਾਊ ਤੇ ਸਹਿਜ ਸੀ। ਦਿਖਾਵਾ ਤੇ ਫਜ਼ੂਲਖਰਚੀ ਘੱਟ ਸੀ। ਅਧਿਆਪਨ ਤੇ ਡਾਕਟਰੀ ਵਰਗੇ ਕਿੱਤਿਆਂ ਦੀ ਸੁੱਚਮਤਾ ਅਤੇ ਸ਼ੁੱਧਤਾ ਕਾਫੀ ਹੱਦ ਤੱਕ ਕਾਇਮ ਸੀ। ਯਾਰੀਆਂ ਦੋਸਤੀਆਂ, ਰਿਸ਼ਤੇਦਾਰੀਆਂ, ਵਪਾਰਕ ਅੰਸ਼ਾਂ ਤੋਂ ਮੁਕਤ ਸਨ। ਪਿੰਡ ਦੀ ਨੂੰਹ-ਧੀ ਸਭ ਦੀ ਸਾਂਝੀ ਇੱਜਤ ਸੀ। ਪਿੰਡ ਦਾ ਫੌਜੀ ਸਾਰੇ ਪਿੰਡ ਦਾ ਮਾਣ ਸੀ। ਲੋਕਾਂ ਵਿਚ ਚੰਗੇਰੀ ਜ਼ਿੰਦਗੀ ਲਈ ਤਾਂਘ ਜ਼ਰੂਰ ਸੀ, ਪਰ ਅੱਜ ਵਰਗਾ ਹਲਕਾਅ ਨਹੀਂ ਸੀ। ਹੱਥੀਂ ਕਿਰਤ ਇਸ ਸਮੇਂ ਦੇ ਸਦਾਚਾਰ ਦਾ ਸੋਮਾ ਵੀ ਸੀ ਅਤੇ ਸਾਊ ਤੇ ਨਿਰਛਲ ਸੁਭਾਅ ਦੀ ਬੁਨਿਆਦ ਵੀ।




## ਕਾਲ ਖੰਡ 1966-1991

ਇਹ ਢਾਈ ਦਹਾਕੇ ਭਾਰਤੀ ਹਾਕਮਾਂ ਵਲੋਂ ਕਲਿਆਣਕਾਰੀ ਰਾਜ ਦਾ ਮਖੌਟਾ ਲਾਹੁਣ ਅਤੇ ਬਾਕਾਇਦਾ ਪਲਾਨਿੰਗ ਰਾਹੀਂ ਸਮੂਹਕ ਵਿਕਾਸ ਦੇ ਕੌਮੀ ਏਜੰਡੇ ਨੂੰ ਹੌਲੀ-ਹੌਲੀ ਤਿਆਗਣ ਦਾ ਤਜਰਬਾ ਕਰਨ ਦੇ ਸੰਗਰਾਂਦੀ ਸਾਲ ਸਨ। ਪਬਲਿਕ ਸੈਕਟਰ ਦੀ ਅਹਿਮੀਅਤ ਤੇ ਵਾਜਬੀਅਤ ਘਟਾਈ ਤੇ ਛੁਟਿਆਈ ਜਾਣ ਲੱਗੀ ਸੀ। 1947 ਦਾ ਥੁੜ੍ਹ-ਪੂੰਜੀਆ ਪ੍ਰਾਈਵੇਟ ਸੈਕਟਰ ਜੋ ਹੁਣ ਤੱਕ ਆਪਣੇ ਵਿਕਾਸ ਲਈ ਲੋਕਾਂ ਦੀਆਂ ਬੱਚਤਾਂ ਨਾਲ ਉਸਰੀ ਵੱਡ-ਅਕਾਰੀ ਸਰਕਾਰੀ ਸਨਅਤ 'ਤੇ ਨਿਰਭਰ ਸੀ, ਆਪਣੇ ਖੰਭ ਖਿਲਾਰਨ ਲੱਗਾ ਸੀ। ਸਰਕਾਰੀ ਨੀਤੀਆਂ 'ਤੇ ਅਸਰ-ਅੰਦਾਜ਼ ਹੋਣ ਲੱਗਾ ਸੀ। ਇਹ ਸਮਾਂ ਹਾਕਮਾਂ ਦੀ ਲੋਕ ਦੁਖੜਿਆਂ ਪ੍ਰਤੀ ਵੱਧ ਰਹੀ ਬੇਰੁਖੀ ਤੇ ਉਦਾਸੀਨਤਾ ਅਤੇ ਸਿਹਤ ਤੇ ਵਿਦਿਆ ਵਰਗੇ ਬੁਨਿਆਦੀ ਮੁੱਦਿਆਂ ਤੇ ਜ਼ਿੰਮੇਵਾਰੀਆਂ ਤੋਂ ਹੌਲੀ-ਹੌਲੀ ਪੈਰ ਖਿੱਚਣ ਅਤੇ ਲੋਕਾਂ ਨੂੰ ਆਪਣੇ ਹਾਲੇ-ਕਰਮ 'ਤੇ ਛੱਡਣ ਦਾ ਤਜਰਬਾ ਕਾਲ ਹੈ। ਹਾਕਮਾਂ, ਅਫਸਰਾਂ, ਧਨਾਢਾਂ ਤੇ ਮੱਧ ਵਰਗ ਦੇ ਭ੍ਰਿਸ਼ਟ ਹਿੱਸਿਆਂ ਅਤੇ ਆਮ ਲੋਕਾਂ ਲਈ ਦੋਹਰੀ ਸਿਹਤ ਵਿਵਸਥਾ, ਦੋਹਰੀ ਸਿੱਖਿਆ ਵਿਵਸਥਾ ਅਤੇ ਆਵਾਜਾਈ ਦੇ ਸਾਧਨਾਂ ਵਰਗੀਆਂ ਅਨੇਕਾਂ ਹੋਰ ਦੋਹਰੀਆਂ ਵਿਵਸਥਾਵਾਂ ਇਨ੍ਹਾਂ ਸਾਲਾਂ ਦੌਰਾਨ ਹੀ ਪ੍ਰਵਾਨ ਚੜ੍ਹੀਆਂ ਤੇ ਪ੍ਰਫੁੱਲਤ ਹੋਈਆਂ।

ਲੋਕ ਆਜ਼ਾਦੀ, ਬਰਾਬਰੀ, ਜਮਹੂਰੀਅਤ, ਵਿਕਾਸ ਅਤੇ ਖੁਸ਼ਹਾਲੀ ਦੇ ਨਾਂ 'ਤੇ ਠੱਗੇ ਮਹਿਸੂਸ ਕਰ ਰਹੇ ਸਨ ਤੇ ਉਨ੍ਹਾਂ ਦੀ ਨਿਰਾਸ਼ਾ, ਗੁੱਸਾ ਤੇ ਰੋਹ ਜਾਇਜ਼ ਸੀ। ਇਹ ਸਾਲ ਟੁੱਟਦੇ ਸੁਪਨਿਆਂ ਦੇ ਸਾਲ ਵੀ ਸਨ ਤੇ ਵਿਸ਼ਾਲ ਜਨਤਕ ਵਿਰੋਧਾਂ/ਵਿਦਰੋਹਾਂ ਦੇ ਸਾਲ ਵੀ। ਸਿਆਸਤ ਦਾ ਅਪਰਾਧੀਕਰਨ ਤੇ ਅਪਰਾਧ ਦਾ ਸਿਆਸੀਕਰਨ ਵੀ ਮੁੱਖ ਰੂਪ ਵਿਚ ਇਸੇ ਸਮੇਂ ਦੀ ਹੀ ਪੈਦਾਇਸ਼ ਹੈ। ਲੋਕਾਂ ਦਾ ਹਾਕਮਾਂ ਅਤੇ ਹਾਕਮਾਂ ਦਾ ਲੋਕਾਂ ਵਿਚ ਵਿਸ਼ਵਾਸ ਤਿੜਕ ਰਿਹਾ ਸੀ। ਹਾਕਮਾਂ ਨੇ ਲੋਕ ਰੋਹ ਤੋਂ ਡਰਦਿਆਂ ਜਿੱਥੇ ਇੱਕ ਪਾਸੇ ਹੋਰ ਵੱਧ ਜਾਬਰ ਤੇ ਕਾਲੇ ਕਾਨੂੰਨ ਘੜਨ ਅਤੇ ਐਮਰਜੈਂਸੀ ਵਰਗੇ ਧੱਕੜ ਕਦਮ ਚੁੱਕਣ ਦਾ ਰਾਹ ਅਖਤਿਆਰ ਕੀਤਾ, ਉਥੇ ਸਿਆਸਤ ਵਿਚ ਪੈਸਾ, ਬਾਹੂਬਲ ਅਤੇ ਮਾਫੀਆ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਇਲਾਕਾਈ, ਜਾਤਪਾਤੀ ਤੇ ਫਿਰਕੂ ਸਿਆਸਤ ਦੇ ਪੱਤੇ ਵੀ ਖੁੱਲ੍ਹ ਕੇ ਇਨ੍ਹਾਂ ਸਾਲਾਂ ਵਿਚ ਹੀ ਖੇਡਣੇ ਸ਼ੁਰੂ ਕੀਤੇ। ਪੰਜਾਬ ਵਿਚ ਅਤਿਵਾਦ, ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਅਤੇ ਬਾਬਰੀ ਢਾਂਚੇ ਨੂੰ ਢਾਹੁਣ ਦੀ ਬੁਨਿਆਦ ਇਨ੍ਹਾਂ ਸਾਲਾਂ ਵਿਚ ਹੀ ਰੱਖੀ ਗਈ। 70ਵਿਆਂ ਦੇ ਅਖੀਰਲੇ ਸਾਲਾਂ ਤੋਂ ਲੈ ਕੇ 90ਵਿਆਂ ਦੇ ਅੱਧ ਤੱਕ, ਪੰਜਾਬੀ ਲੋਕਾਂ ਦੀ ਸਮਾਜਕ ਤੇ ਮਾਨਸਿਕ ਸਿਹਤ ਦਾ ਜੋ ਘਾਣ ਹੋਇਆ, ਉਸ ਬਾਰੇ ਸੋਚਿਆਂ ਵੀ ਡਰ ਲਗਦਾ ਹੈ। ਡਰ, ਖੌਫ ਤੇ ਬੇਵਿਸ਼ਵਾਸੀ ਭਰੇ ਇਹ ਸਾਲ ਅਜੇ ਵੀ ਲੋਕਾਂ ਦੀਆਂ ਯਾਦਾਂ ਵਿਚ ਡਰਾਉਣੇ ਸੁਪਨੇ ਵਾਂਗ ਮੌਜੂਦ ਹਨ। ਪੰਜਾਬ ਦੀ ਸਿਹਤ ਬਾਰੇ ਚਰਚਾ ਕਰਦਿਆਂ ਇਨ੍ਹਾਂ ਸਾਲਾਂ ਵਿਚ ਵਾਪਰੀ ਅਹਿਮ ਅਤੇ ਵੱਡੀ ਤਬਦੀਲੀ ਨੂੰ ਧਿਆਨ ਵਿਚ ਲਿਆਉਣਾ ਅਤੇ ਉਸ ਦੇ ਪੰਜਾਬੀ ਲੋਕਾਂ ਦੀ ਸਿਹਤ ਦੇ ਵੱਖ ਵੱਖ ਪਹਿਲੂਆਂ 'ਤੇ ਪਏ ਮਾਰੂ ਲੱਛਣਾਂ ਦਾ ਵਿਆਪਕ ਵਿਸ਼ਲੇਸ਼ਣ ਸਾਹਮਣੇ ਰੱਖਣਾ ਜ਼ਰੂਰੀ ਹੈ।

ਸੱਠਵਿਆਂ ਦੇ ਅਖਰੀਲੇ ਸਾਲਾਂ ਵਿਚ ਪੰਜਾਬ ਦੇ ਜ਼ਰਈ ਖੇਤਰ ਵਿਚ ਅਸਾਧਾਰਨ ਆਰਥਿਕ ਗਤੀਵਿਧੀ ਹਰੇ ਇਨਕਲਾਬ ਦਾ ਆਗਾਜ਼ ਹੋਇਆ। ਖੇਤੀ ਸੈਕਟਰ ਦੇ ਮਸ਼ੀਨੀਕਰਨ, ਸੁਧਰੇ ਹੋਏ ਹਾਈਬ੍ਰਿਡ ਬੀਜਾਂ, ਰਸਾਇਣਕ ਖਾਦਾਂ, ਨਦੀਨਨਾਸ਼ਕ ਦਵਾਈਆਂ ਅਤੇ ਬਿਹਤਰ ਸਿੰਜਾਈ, ਮੰਡੀਕਰਨ ਤੇ ਬੈਂਕਿੰਗ ਸਹੂਲਤਾਂ ਨੇ ਛੇਤੀ ਹੀ ਮੁਲਕ ਨੂੰ ਮੋਟੇ ਅਨਾਜਾਂ ਦੀ ਪੈਦਾਵਾਰ ਦੇ ਮਾਮਲੇ ਵਿਚ ਆਤਮ-ਨਿਰਭਰ ਬਣਾ ਦਿੱਤਾ। ਖੇਤੀ ਸੈਕਟਰ ਦੀ ਇਸ ਇਤਿਹਾਸਕ ਕਾਇਆ-ਪਲਟੀ ਨੇ ਜਿੱਥੇ ਪੰਜਾਬ ਦੇ ਪਿੰਡਾਂ, ਮੰਡੀਆਂ, ਕਸਬਿਆਂ ਅਤੇ ਸ਼ਹਿਰਾਂ ਵਿਚ ਮੁਕਾਬਲਤਨ ਖੁਸ਼ਹਾਲੀ ਦਾ ਨਵਾਂ ਦੌਰ ਲੈ ਕੇ ਆਂਦਾ, ਉਥੇ ਬਾਅਦ ਵਿਚ ਥੋੜ੍ਹ-ਚਿਰੇ ਸਾਬਤ ਹੋਏ ਇਸ ਦੌਰ ਨੇ ਪੰਜਾਬੀ ਲੋਕਾਂ ਦੀ ਜੀਵਨ-ਸ਼ੈਲੀ, ਜੀਵਨ-ਜਾਚ ਅਤੇ ਸਿਹਤ ਵਿਚ ਕਈ ਗੰਭੀਰ ਵਿਗਾੜ ਪੈਦਾ ਕੀਤੇ। ਵਿਆਪਕ ਮਸ਼ੀਨੀਕਰਨ ਨੇ ਜਿੱਥੇ ਵਿਹਲ ਪੈਦਾ ਕੀਤੀ, ਉਥੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਪੇਂਡੂ ਮਜ਼ਦੂਰਾਂ ਤੇ ਗਰੀਬ ਕਿਸਾਨੀ ਨੂੰ ਛੱਡ ਕੇ ਕਿਸਾਨੀ ਦਾ ਵੱਡਾ ਹਿੱਸਾ ਸਰੀਰਕ ਕੰਮ ਨੂੰ ਮੁਕੰਮਲ ਤਿਲਾਂਜਲੀ ਦੇਣ ਦੀ ਹੱਦ ਤੱਕ ਚਲਾ ਗਿਆ। ਖਾਣ-ਪੀਣ ਤੇ ਨਸ਼ਿਆਂ, ਵਿਸ਼ੇਸ਼ ਕਰ ਕੇ ਸ਼ਰਾਬ ਦੇ ਮਾਮਲੇ ਵਿਚ ਰੱਜ ਕੇ ਬਦਤਮੀਜ਼ੀ ਕੀਤੀ ਗਈ।

ਬੀਤੇ ਸਾਲਾਂ ਦੌਰਾਨ ਮੁਲਾਜ਼ਮਤ ਰਾਹੀਂ ਮੱਧ ਵਰਗ ਵਿਚ ਸ਼ਾਮਲ ਹੋਈ ਲੋਕਾਈ ਦੇ ਇਕ ਹੋਰ ਗਿਣਨਯੋਗ ਹਿੱਸੇ ਨੇ ਵੀ ਇਹੋ ਤਰਜ਼ੇ-ਜ਼ਿੰਦਗੀ ਅਪਨਾ ਲਈ। ਇਸ ਸਭ ਕਾਸੇ ਦੇ ਸਿੱਟੇ ਵਜੋਂ ਪੰਜਾਬੀ ਵਸੋਂ ਦਾ ਚੋਖਾ ਹਿੱਸਾ, ਸਮੇਤ ਪੇਂਡੂ ਲੋਕਾਂ ਦੇ, ਅੱਜ ਨਵੀਂ ਤਰਜ਼ੇ-ਜ਼ਿੰਦਗੀ ਦੇ ਰੋਗਾਂ-ਮੋਟਾਪਾ, ਬਲੱਡ ਪ੍ਰੈਸ਼ਰ, ਸੂਗਰ, ਹਾਰਟ ਅਟੈਕ ਆਦਿ ਦਾ ਸ਼ਿਕਾਰ ਹੋ ਚੁੱਕਾ ਹੈ। ਬਦਲੀ ਤਰਜ਼ੇ-ਜ਼ਿੰਦਗੀ ਕਾਰਨ ਪੈਦਾ ਹੋਈਆਂ ਇਨ੍ਹਾਂ ਬਚਾਅਯੋਗ ਬਿਮਾਰੀਆਂ ਦੇ ਇਸ ਜਮ੍ਹਾਂ-ਜੋੜ ਨੇ ਜਿੱਥੇ 50-60 ਸਾਲ ਪਹਿਲਾਂ ਸਮੁੱਚੇ ਯੂਰਪ, ਅਮਰੀਕਾ, ਜਪਾਨ ਤੇ ਹੋਰ ਵਿਕਸਿਤ ਮੁਲਕਾਂ ਨੂੰ ਆਪਣੀ ਗ੍ਰਿਫਤ 'ਚ ਲਿਆ ਸੀ, ਉਹ ਹੁਣ ਸਮੁੱਚੇ ਪੰਜਾਬ ਦੀ ਹਕੀਕਤ ਬਣ ਚੁੱਕਾ ਹੈ। ਇੱਥੇ ਇਹ ਜ਼ਿਕਰ ਵਾਜਬ ਹੋਵੇਗਾ ਕਿ ਵਿਕਸਿਤ ਮੁਲਕਾਂ ਅੰਦਰ ਸਰਕਾਰੀ ਦਖ਼ਲਅੰਦਾਜ਼ੀ, ਗੈਰ ਸਰਕਾਰੀ ਸੰਗਠਨਾਂ ਅਤੇ ਪ੍ਰਚਾਰ ਸਾਧਨਾਂ ਦੇ ਸਾਂਝੇ ਉਦਮਾਂ ਨਾਲ ਇਨ੍ਹਾਂ ਬਿਮਾਰੀਆਂ ਨੂੰ ਪਿਛਲ-ਮੋੜਾ ਪੈ ਚੁੱਕਾ ਹੈ, ਪਰ ਪੰਜਾਬ ਵਿਚ ਅਜਿਹਾ ਕੋਈ ਉਦਮ, ਅਜਿਹੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਅੱਜ ਪੰਜਾਬ ਦੀ ਵਸੋਂ ਦਾ ਇਕ ਹਿੱਸਾ ਜਿਥੇ ਥੁੜ੍ਹੋਂ, ਘੋਰ ਗੁਰਬਤ ਤੇ ਕੁਪੋਸ਼ਣ ਦੀਆਂ ਬਿਮਾਰੀਆਂ ਨਾਲ ਮਰ ਰਿਹਾ ਹੈ, ਉਥੇ ਇਕ ਹੋਰ ਹਿੱਸਾ ਬਹੁਲਤਾ, ਅਮੀਰੀ, ਬੇਢੰਗੇ ਖਾਣ ਤੇ ਕੁਢੱਬੇ ਜਿਉਣ ਢੰਗ ਦੀਆਂ ਬਿਮਾਰੀਆਂ ਨਾਲ ਮਰਨ ਲਈ ਸਰਾਪਿਆ ਜਾ ਰਿਹਾ ਹੈ।

ਹਰੇ ਇਨਕਲਾਬ ਦੇ ਇਕ ਹੋਰ ਮਾਰੂ ਤੇ ਭਵਿੱਖਘਾਤੀ ਪੱਖ ਵੱਲ ਵੀ ਧਿਆਨ ਦਿਵਾਉਣਾ ਬਹੁਤ ਜ਼ਰੂਰੀ ਹੈ। ਪੰਜਾਬ ਦੀ ਧਰਤੀ, ਜਲ ਸਰੋਤਾਂ ਤੇ ਵਾਤਾਵਰਨ ਦੇ ਖਤਰਨਾਕ ਹੱਦ ਤਕ ਪ੍ਰਦੂਸ਼ਿਤ ਹੋਣ ਅਤੇ ਸਾਰੇ ਪੰਜਾਬ, ਖਾਸ ਕਰ ਕੇ ਮਾਲਵੇ ਦੀ ਨਰਮਾ-ਪੱਟੀ ਵਿਚ ਕੈਂਸਰ, ਹੱਡੀਆਂ-ਜੋੜਾਂ ਅਤੇ ਚਮੜੀ ਰੋਗਾਂ ਵਿਚ ਹੋਏ ਅਣਕਿਆਸੇ ਵਾਧੇ ਦੇ ਕਾਰਨ ਇਸ ਬਹੁਚਰਚਿਤ ਹਰੇ ਇਨਕਲਾਬ ਦੇ ਵਿਕਾਸ ਮਾਡਲ ਵਿਚ ਪਏ ਹਨ। ਪੰਜਾਬ ਦੇ ਪਾਣੀ ਵਿਚ ਚਿੰਤਾਜਨਕ ਹੱਦ ਤਕ ਪਾਈ ਜਾ ਰਹੀ ਯੂਰੇਨੀਅਮ ਦੀ ਮਾਤਰਾ, ਮਾਂ ਦੇ ਦੁੱਧ ਵਿਚ ਪਾਏ ਜਾ ਰਹੇ ਕੀਟਨਾਸ਼ਕ ਦਵਾਈਆਂ ਦੇ ਅੰਸ਼ ਅਤੇ ਪੰਜਾਬੀ ਗਭਰੂਆਂ ਦੇ ਵੀਰਜ ਵਿਚ ਘਟ ਰਹੀ ਸ਼ੁਕਰਾਣੂਆਂ ਦੀ ਗਿਣਤੀ, ਇਨ੍ਹਾਂ ਸਾਰੇ ਖ਼ਤਰਨਾਕ ਰੁਝਾਨਾਂ ਬਾਰੇ ਮੁੱਢਲੀਆਂ ਖੋਜ ਰਿਪੋਰਟਾਂ ਵੀ ਹਰੇ ਇਨਕਲਾਬ ਦੇ ਮਾਰੂ ਪ੍ਰਭਾਵਾਂ ਵੱਲ ਇਸ਼ਾਰਾ ਕਰਦੀਆਂ ਹਨ।

ਹਰੇ ਇਨਕਲਾਬ ਤੇ ਜ਼ਰਈ ਖੇਤਰ ਵਿਚ ਪੈਦਾਵਾਰੀ ਢੰਗ ਤੇ ਰਿਸ਼ਤਿਆਂ ਵਿਚ ਆਈ ਤਬਦੀਲੀ ਨੇ ਪੰਜਾਬੀ ਸਮਾਜ ਦੀ ਸਮਾਜਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਕੀਤਾ ਹੈ, ਉਹ ਬਹੁਤ ਹੀ ਦਿਲ-ਕੰਬਾਊ ਤੇ ਭਿਆਨਕ ਹੈ। ਮੰਡੀ ਆਰਥਿਕਤਾ ਤੇ ਖਪਤਕਾਰੀ ਸਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਹਾਂਦਰੂ ਕਦਰਾਂ-ਕੀਮਤਾਂ, ਪਰਿਵਾਰਕ ਤੇ ਭਾਈਚਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਗੈਰ ਸਿਹਤਮੰਦ ਮੁਕਾਬਲੇਬਾਜ਼ੀ, ਇਕ-ਦੂਜੇ ਦੀ ਲਾਸ਼ ਤੇ ਪੈਰ ਧਰ ਕੇ ਉਪਰ ਚੜ੍ਹਨ ਦੇ ਸਿਰਵੱਢ ਸਰਮਾਏਦਾਰਨਾ ਸਭਿਆਚਾਰ ਨੇ ਪੰਜਾਬੀ ਸਮਾਜ ਨੂੰ ਕਰੂਪ ਕਰ ਛੱਡਿਆ ਹੈ। ਪੁਰਾਣੇ ਜ਼ਮੀਨੀ ਰਿਸ਼ਤੇ ਟੁੱਟਣ ਨਾਲ ਪਰਿਵਾਰ ਖਿੰਡ ਰਹੇ ਹਨ, ਸਾਂਝਾਂ-ਸੱਥਾਂ ਖ਼ਤਮ ਹੋ ਰਹੀਆਂ ਹਨ। ਰਿਸ਼ਤੇ

(ਬਾਕੀ ਸਫਾ 29 ਉਤੇ)

# ਚੋਣ

ਕਹਾਣੀ

*ਕਹਾਣੀਕਾਰ ਗੁਰਮੇਲ ਮਡਾਹੜ (ਮਰਹੂਮ) ਦੀ ਹਰ ਕਹਾਣੀ ਦੀ ਤਾਕਤ ਉਸ ਵਲੋਂ ਪੇਸ਼ ਕੀਤੀ ਗੱਲਬਾਤ ਹੁੰਦੀ ਹੈ। ਉਹ ਗੱਲਬਾਤ ਦੇ ਜਰੀਏ ਕਹਾਣੀ ਉਸਾਰਦਾ ਹੈ ਅਤੇ ਉਸਾਰੀ ਦੌਰਾਨ ਸ਼ਬਦਾਂ ਦੀਆਂ ਇੱਟਾਂ ਚਿਣਦਾ ਪਾਠਕ ਨੂੰ ਉਤਸੁਕਤਾ ਦੀ ਸਿਖਰ ਵੱਲ ਲਿਜਾਈ ਜਾਂਦਾ ਹੈ। ਆਪਣੀ ਕਹਾਣੀ ਲਈ ਉਹ ਬਹੁਤ ਸਾਧਾਰਨ ਜਿਹੀ ਘਟਨਾ ਚੁਣਦਾ ਹੈ ਅਤੇ ਗੱਲਬਾਤ ਦੇ ਉਤਰਾਅ-ਚੜ੍ਹਾਅ ਨਾਲ ਉਸ ਵਿਚ ਵਿਸ਼ੇਸ਼ਤਾ ਭਰ ਦਿੰਦਾ ਹੈ। ਇਥੇ ਛਾਪੀ ਜਾ ਰਹੀ ਕਹਾਣੀ 'ਚੋਣ' ਵਿਚ ਵੀ ਉਸ ਦਾ ਇਹੀ ਰੰਗ ਉਜਾਗਰ ਹੁੰਦਾ ਹੈ। ਉਂਜ, ਉਹ ਆਪਣੀ ਰਚਨਾ ਵਿਚ ਆਪਣੀ ਗੱਲ ਬਹੁਤ ਜ਼ੋਰ ਨਾਲ ਪਾਠਕ ਅੱਗੇ ਰੱਖਦਾ ਹੈ। 'ਚੋਣ' ਵਿਚ ਖੇਡਾਂ ਦੀ ਸਿਆਸਤ ਕਾਰਨ ਰੁਲ ਰਹੇ ਖਿਡਾਰੀਆਂ ਦਾ ਦਰਦ ਉਸ ਬਹੁਤ ਤਹੱਮਲ ਅਤੇ ਤੀਬਰਤਾ ਨਾਲ ਬਿਆਨ ਕੀਤਾ ਹੈ। -ਸੰਪਾਦਕ*

**ਗੁਰਮੇਲ ਮਡਾਹੜ**

ਜਿਸ ਕੁਰਸੀ 'ਤੇ ਮੈਂ ਬੈਠਾ ਸਾਂ, ਮੇਰੇ ਸੱਜੇ-ਖੱਬੇ, ਆਲੇ-ਦੁਆਲੇ ਮੁੱਕੇਬਾਜ਼ ਹੀ ਮੁੱਕੇਬਾਜ਼ ਬੈਠੇ ਸਨ। ਵੱਖ-ਵੱਖ ਇਲਾਕਿਆਂ ਦੇ, ਵੱਖ-ਵੱਖ ਰੰਗਾਂ ਦੇ, ਖੇਡ ਵਸਤਰਾਂ ਤੇ ਬਲੈਜ਼ਰਾਂ ਵਿਚ ਸਜੇ ਹੋਏ। ਸਾਰਿਆਂ ਦੀਆਂ ਨਜ਼ਰਾਂ ਸਾਹਮਣੇ ਮੰਚ 'ਤੇ ਗੱਡੀਆਂ ਹੋਈਆਂ ਸਨ ਜਿਸ ਦੁਆਲੇ ਚਾਰ ਪੋਲ ਗੱਡ ਕੇ ਉਨ੍ਹਾਂ ਵਿਚੋਂ ਦੋ ਉਤੇ ਚਿੱਟਾ ਤੇ ਇੱਕ ਲਾਲ ਅਤੇ ਇੱਕ ਉਤੇ ਹਰਾ ਕੱਪੜਾ ਚਾੜ੍ਹਿਆ ਹੋਇਆ ਸੀ। ਇਨ੍ਹਾਂ ਸਾਰੇ ਪੋਲਾਂ ਨੂੰ ਹਰੇ ਅਤੇ ਲਾਲ ਰੰਗ ਦੇ ਰੱਸਿਆਂ ਨਾਲ ਬੰਨ੍ਹ ਕੇ ਦੋ ਚੱਕਰ ਮਾਰੇ ਹੋਏ ਸਨ ਤਾਂ ਕਿ ਕੋਈ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਦਾ ਕੁੱਟਿਆ ਮਾਰਿਆ ਜਾਂ ਧੱਕਿਆ ਹੋਇਆ ਮੰਚ ਤੋਂ ਹੇਠਾਂ ਨਾ ਜਾ ਡਿੱਗੇ।

ਮੁਕਾਬਲਾ ਸ਼ੁਰੂ ਹੋਣ ਵਿਚ ਕੁਝ ਮਿੰਟ ਬਾਕੀ ਸਨ, ਲੋਕੀਂ ਗੱਪਾਂ ਹੱਕ ਕੇ ਇਹ ਵਕਤ ਪੂਰਾ ਕਰ ਰਹੇ ਸਨ।

"ਨੈਸ਼ਨਲ ਵਾਸਤੇ ਮੁੰਡੇ ਇੱਥੋਂ ਈ ਚੁਣੇ ਜਾਣਗੇ?" ਮੇਰੇ ਸੱਜੇ ਹੱਥ ਦੀ ਕੁਰਸੀ 'ਤੇ ਬੈਠੇ ਮੁੱਕੇਬਾਜ਼ ਤੋਂ ਉਸ ਦਾ ਸਾਥੀ ਪੁੱਛ ਰਿਹਾ ਸੀ।

"ਆਹੋ, ਜਿਹੜੇ ਫਸਟ ਆਉਣਗੇ...ਉਨ੍ਹਾਂ ਨੂੰ ਹੀ ਲੈ ਕੇ ਜਾਣਗੇ?"

ਮੁੱਕੇਬਾਜ਼ ਦੇ ਸਾਥੀ ਮੂੰਹੋਂ 'ਚੋਣ' ਸ਼ਬਦ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ ਸਨ ਤੇ ਨਾਲ ਹੀ ਮੈਨੂੰ ਇੱਕ ਗੱਲ ਚੇਤੇ ਆ ਗਈ ਸੀ। ਮੈਂ ਰੇਲਗੱਡੀ ਵਿਚ ਸਫ਼ਰ ਕਰ ਰਿਹਾ ਸਾਂ। ਡੱਬੇ ਵਿਚ ਭਾਰਤ ਦੀ ਹਾਕੀ 'ਚ ਹੋਈ ਹਾਰ ਬਾਰੇ ਗੱਲਾਂ ਹੋ ਰਹੀਆਂ ਸਨ।

"ਜੀ ਹਾਰਦੇ ਕਿਮੇ ਨਾ...ਚੋਣ ਕਰਨ ਵੇਲੇ ਤਾਂ ਲਿਹਾਜ਼ਾਂ ਪੂਰਨ ਲੱਗ ਪੈਂਦੇ ਨੇ।" ਕਿਸੇ ਆਦਮੀ ਦੇ ਸ਼ਬਦ ਸਨ।

"ਇਹ ਵੀ ਛੱਡੋ ਜੀ, ਜਿਵੇਂ ਨੌਕਰੀਆਂ ਲਈ ਸੀਟਾਂ ਰਿਜ਼ਰਵ ਕਰ ਦਿੱਤੀਆਂ ਜਾਂਦੀਆਂ ਨੇ, ਉਮੇ ਹੀ ਖੇਡਾਂ ਵਿਚ ਰਿਜ਼ਰਵੇਸ਼ਨਾਂ ਘਸੋੜ ਦਿੱਤੀਆਂ ਨੇ...ਆਦਿਵਾਸੀ, ਵੱਖ-ਵੱਖ ਜਾਤਾਂ ਤੇ ਵੱਖ-ਵੱਖ ਸਟੇਟਾਂ ਲਈ।" ਇੱਕ ਹੋਰ ਆਦਮੀ ਨੇ ਪਹਿਲੇ ਦੀ ਗੱਲ ਨੂੰ ਹੋਰ ਅੱਗੇ ਤੋਰਿਆ ਸੀ।

ਦੂਜੇ ਦੀ ਗੱਲ ਸੁਣ ਕੇ ਸਾਰੇ ਡੱਬੇ ਵਿਚ ਹਾਸਾ ਛਣਕ ਗਿਆ ਸੀ। ਉਦੋਂ ਮੇਰੇ ਮਨ ਵਿਚ ਸਵਾਲ ਉਠਿਆ ਸੀ, 'ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਚੋਣ ਕਰਨ ਵਾਲਿਆਂ ਨੂੰ ਕੀ ਆਪਣੇ ਮੁਲਕ ਦੀ ਇੱਜ਼ਤ ਨਹੀਂ ਚਾਹੀਦੀ ਹੁੰਦੀ।'

"ਚੰਗਾ ਹੁਣ ਸਾਹਮਣੇ ਦੇਖ ਫਾਈਟ ਸ਼ੁਰੂ ਹੋ ਗਈ ਐ।" ਮੁੱਕੇਬਾਜ਼ ਆਪਣੇ ਸਾਥੀ ਨੂੰ ਭੱਜ ਕੇ ਪਿਆ ਸੀ। ਉਸ ਦੀ ਕੜਕਵੀਂ ਅਵਾਜ਼ ਸੁਣ ਕੇ ਮੈਂ ਵੀ ਯਾਦਾਂ ਦੇ ਅਪੋਲੋ ਤੋਂ ਉਤਰ ਕੇ ਮੁਕਾਬਲਾ ਦੇਖਣ ਲੱਗ ਪਿਆ ਸਾਂ।

ਮੁਕਾਬਲਾ ਕੁਝ ਨਹੀਂ ਸੀ। ਦੋਵੇਂ ਮੁੰਡੇ ਇੱਕੋ ਕਾਲਜ ਦੇ ਵਿਦਿਆਰਥੀ ਸਨ। ਦੋਵੇਂ ਜਣੇ ਜਿੱਤਦੇ-ਜਿੱਤਦੇ ਫਾਈਨਲ ਵਿਚ ਪਹੁੰਚ ਗਏ ਸਨ। ਪਹਿਲਾ ਰਾਊਂਡ ਮੁਕਾ ਕੇ, ਦੂਜੇ ਵਿਚ ਦੋਵਾਂ ਨੇ ਸੰਧੀ ਕਰ ਕੇ ਇੱਕ ਨੇ ਹਾਰ ਮੰਨ ਲਈ ਸੀ।

ਪਿੰਨ ਵੇਟ ਤੋਂ ਜਿਉਂ-ਜਿਉਂ ਉਪਰ ਫਲਾਈ, ਬੈਟਮ, ਫੈਦਰ, ਲਾਈਟ, ਮਿਡਲ ਆਦਿ ਵੇਟ ਹੁੰਦੇ ਜਾਂਦੇ ਸਨ, ਤਿਉਂ-ਤਿਉਂ ਮੁਕਾਬਲੇ ਜ਼ੋਰ ਫੜਦੇ ਜਾ ਰਹੇ ਸਨ। ਦੇਖਣ ਵਾਲਿਆਂ ਨੂੰ ਵੀ ਸੁਆਦ ਆਉਣ ਲੱਗ ਪਿਆ ਸੀ। ਆਉਂਦਾ ਵੀ ਕਿਉਂ ਨਾ, ਸਟੇਟ ਬੌਕਸਿੰਗ ਚੈਂਪੀਅਨਸ਼ਿਪ ਜੋ ਦੇਖ ਰਹੇ ਸਨ।

ਫਿਰ ਜਦ ਲਾਈਟ ਹੈਵੀ ਵੇਟ ਲਈ ਅਨਾਊਂਸਰ ਨੇ ਮੁੱਕੇਬਾਜ਼ਾਂ ਦੇ ਨਾਂ ਬੋਲੇ ਤਾਂ ਪੰਡਾਲ 'ਚ ਮੱਛੀ ਬਾਜ਼ਾਰ ਜਿਹਾ ਰੌਲਾ ਪੈਣ ਲੱਗ ਪਿਆ ਸੀ।

"ਸਰੂਪ ਨੂੰ ਪਿਛਲੇ ਸਾਲ ਸਟੇਟ ਦਾ ਬੈਸਟ ਲੂਜ਼ਰ ਐਵਾਰਡ ਮਿਲਿਆ ਸੀ।" ਮੁੱਕੇਬਾਜ਼ ਆਪਣੇ ਸਾਥੀ ਨੂੰ ਦੱਸ ਰਿਹਾ ਸੀ।

"ਉਹ ਕੀ ਹੁੰਦੈ?"

"ਜਿਸ ਦੇ ਮੁਕਾਬਲੇ ਦਾ ਆਦਮੀ ਬਹੁਤ ਹੀ ਤਕੜਾ ਹੋਵੇ ਤੇ ਮੁਕਾਬਲਾ ਪਹਿਲਾਂ ਹੀ ਇਕਤਰਫ਼ਾ ਦਿਖਾਈ ਦੇ ਰਿਹਾ ਹੋਵੇ, ਪਰ ਉਹ ਫਿਰ ਵੀ ਹੌਂਸਲੇ ਨਾਲ ਮੁਕਾਬਲਾ ਲੜੇ...ਕੁੱਟ ਖਾਏ...ਤੇ ਸਾਰੇ ਰਾਊਂਡ ਪੂਰੇ ਕਰੇ।"

"ਸਰੂਪ ਕਿੱਥੇ ਦਾ ਐ?"

"ਐਥੇ ਦਾ ਈ ਐ...ਇੱਥੇ ਚੈਂਪੀਅਨਸ਼ਿਪ ਕਰਾਉਣ ਤੇ ਚੰਦਾ ਵਗੈਰਾ 'ਕੱਠਾ ਕਰਨ ਵਿਚ ਇਸੇ ਦਾ ਹੀ ਹੱਥ ਹੈ।"

"ਤੇ ਰਾਮ ਸਰਨ?"

"ਏਅਰ ਫੋਰਸ ਵਿਚ ਐ, ਚੰਡੀਗੜ੍ਹ।"

ਸਰੂਪ ਤੇ ਰਾਮ ਸਰਨ ਦੋਵੇਂ ਰਿੰਗ 'ਚ ਆ ਕੇ ਇੱਕ ਲਾਈਨ ਵਿਚ ਇੱਕ ਦੂਜੇ ਦੇ ਬਰਾਬਰ ਖੜ੍ਹੇ ਹੋ ਗਏ ਸਨ। ਦਰਸ਼ਕ ਬੜੇ ਗੌਰ ਨਾਲ ਮੁੱਕੇਬਾਜ਼ਾਂ ਨੂੰ ਦੇਖ ਰਹੇ ਸਨ। ਸਰੂਪ ਦਾ ਜਿਸਮ ਜਿੱਥੇ ਆੜ੍ਹਤ ਦੀ ਦੁਕਾਨ 'ਤੇ ਬੈਠੇ ਚੰਗੇ ਸੇਠ ਵਰਗਾ ਸੀ, ਉਥੇ ਰਾਮ ਸਰਨ ਦੇ ਜਿਸਮ ਦਾ ਇੱਕ-ਇੱਕ ਪੱਠਾ ਅੱਡ-ਅੱਡ ਦਿਖਾਈ ਦੇ ਰਿਹਾ ਸੀ, ਚੰਗੇ ਨਾਮਵਰ ਬਾਡੀ ਬਿਲਡਰ ਦੇ ਜਿਸਮ ਦੇ ਪੱਠਿਆਂ ਵਾਂਗ।

ਰੈਫਰੀ ਨੇ ਦੋਵਾਂ ਮੁੱਕੇਬਾਜ਼ਾਂ ਦੇ ਗਲੱਵਜ਼ ਦੀ ਪੜਤਾਲ ਕੀਤੀ। ਫਲੀਟ ਦੇਖੇ। ਦੋਵਾਂ ਦੇ ਹੱਥ ਮਿਲਾਏ ਤੇ ਦੋਵੇਂ ਮੁੱਕੇਬਾਜ਼ ਪਿੱਛੇ ਹਟ ਗਏ। ਦੋਵੇਂ ਆਪੋ-ਆਪਣੀਆਂ ਆਰਾਮ ਥਾਂਵਾਂ 'ਤੇ ਖਲੋ ਗਏ, ਹਰੀ ਬੈਲਟ ਵਾਲਾ ਸਰੂਪ ਗਰੀਨ ਕੌਰਨਰ ਵਿਚ। ਲਾਲ ਬੈਲਟ ਵਾਲਾ ਰਾਮ ਸਰਨ ਰੈਡ ਕਾਰਨਰ ਵਿਚ, ਇੱਕ ਦੂਜੇ ਵੱਲ ਪਿੱਠਾਂ ਕਰ ਕੇ ਰੱਸਿਆਂ ਨੂੰ ਹੱਥ ਪਾ ਕੇ ਵਾਰਮ-ਅੱਪ ਹੋਣ ਲੱਗ ਗਏ ਸਨ।



ਘੰਟੀ ਵੱਜੀ। ਰੈਫਰੀ ਨੇ ਮੁੱਕੇਬਾਜ਼ੀ ਸ਼ੁਰੂ ਕਰਨ ਦਾ ਇਸ਼ਾਰਾ ਕੀਤਾ।

ਦੋਵੇਂ ਮੁੱਕੇਬਾਜ਼ ਬਾਜ਼ਾਂ ਵਾਂਗ ਇੱਕ ਦੂਜੇ 'ਤੇ ਝਪਟੇ। ਪਟਾਕ ਪਟਾਕ ਦੋਵੇਂ ਪਾਸਿਆਂ ਤੋਂ ਮੁੱਕੇ ਪੂਰੇ ਜ਼ੋਰ ਦੀ ਚੱਲਣ ਲੱਗੇ। ਸਥਾਨਕ ਦਰਸ਼ਕ ਸਰੂਪ ਦੀ ਹੌਸਲਾ ਅਫ਼ਜ਼ਾਈ ਲਈ ਸ਼ੋਰ ਮਚਾ ਰਹੇ ਸੀ।

"ਦੇਖੀਂ ਕਿਤੇ ਇਸ ਸ਼ਹਿਰ ਨੂੰ ਲਾਜ ਨਾ ਲਾ ਦਈਂ...।" ਕੋਈ ਦਰਸ਼ਕ ਕਹਿ ਰਿਹਾ ਸੀ। ਸਰੂਪ ਦਾ ਕੋਚ ਵੀ ਉਸ ਨੂੰ ਬਾਹਰ ਬੈਠਾ ਹਦਾਇਤਾਂ ਦੇ ਰਿਹਾ ਸੀ। ਸਰੂਪ ਦੀਆਂ ਬਾਹਾਂ ਦੀ ਹਰਕਤ ਦੇ ਨਾਲ-ਨਾਲ ਉਹਦੀਆਂ ਬਾਹਾਂ ਤੇ ਜ਼ੁਬਾਨ ਵੀ ਚੱਲ ਰਹੀ ਸੀ। "ਲੈਫਟ...ਲੈਫਟ...ਲੈ...ਫ...ਟ ਤੇ ਹੁਣ ਰਾਈਟ...ਉਹ... ਸਟ੍ਰੇਟ ਕੱਢ... ਸਟ੍ਰੇਟ... ਹਾਂ...ਹਾਂ...ਸ਼ਾਬਾਸ਼ ਲੈਫ...ਟ...ਲੈ...ਫ...ਟ... ਹੁੱਕ।" ਪਰ ਸਰੂਪ ਦੇ ਕੋਚ ਦੀ ਕੋਚਿੰਗ ਦਾ ਬਹੁਤ ਲਾਭ ਰਾਮ ਸਰਨ ਹੀ ਉਠਾ ਜਾਂਦਾ ਸੀ। ਸਰੂਪ ਦੇ ਚਲਾਏ ਹੋਏ ਮੁੱਕੇ ਬਹੁਤੇ ਹਵਾ ਵਿਚ ਹੀ ਰਹਿ ਜਾਂਦੇ, ਕਿਉਂਕਿ ਰਾਮ ਸਰਨ ਹਮਲਾ ਕਰ ਕੇ ਸਰੂਪ ਦੀ ਵਾਰੀ ਝੱਟ ਪਿੱਛੇ ਹਟ ਜਾਂਦਾ ਜਿਸ ਕਰ ਕੇ ਉਸ ਦਾ ਵਾਰ ਖਾਲੀ ਚਲਿਆ ਜਾਂਦਾ।

"ਸਰੂਪ ਦਾ ਫੁੱਟ ਵਰਕ ਦੇਖ ਕਿੰਨਾ ਤਕੜੈ।" ਪਰ੍ਹੇ ਬੈਠਾ ਇੱਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

"ਫ਼ੌਜੀ ਐ...ਇਨ੍ਹਾਂ ਜਿੰਨੀ ਪ੍ਰੈਕਟਿਸ ਕੌਣ ਕਰ ਸਕਦੈ?"

ਇਧਰ ਰਾਮ ਸਰਨ ਦੇ ਪੱਖ ਵਿਚ ਨਾ ਤਾਂ ਕੋਈ ਸ਼ੋਰ ਪੈ ਰਿਹਾ ਸੀ ਤੇ ਨਾ ਹੀ ਉਸ ਦਾ ਕੋਚ ਉਸ ਨੂੰ ਕੋਈ ਹਦਾਇਤ ਦੇ ਰਿਹਾ ਸੀ। ਬੱਸ ਚੁੱਪ-ਚੁਪੀਤੇ ਬੜੇ ਇਤਮਿਨਾਨ ਨਾਲ ਮੁਕਾਬਲਾ ਦੇਖੀ ਜਾ ਰਿਹਾ ਸੀ। ਜਾਂ ਫੇਰ ਕੁਝ ਨੋਟ ਕਰੀ ਜਾ ਰਿਹਾ ਸੀ। ਜਾਂ ਕਦੇ-ਕਦੇ ਉਸ ਦੀ ਟੀਮ ਦੇ ਉਸ ਦੇ ਸਾਥੀਆਂ 'ਚੋਂ ਕੋਈ ਉਸ ਦੇ ਕੀਤੇ ਗਏ ਵਧੀਆ ਹਮਲੇ 'ਤੇ ਬੋਲ ਉਠਦਾ ਸੀ, "ਵੈਰੀ ਗੁੱਡ।"

ਦੂਜੇ ਰਾਊਂਡ ਵਿਚ ਲੋਕਾਂ ਦਾ ਸ਼ੋਰ ਪੈਣਾ ਘੱਟ ਹੋ ਗਿਆ ਸੀ। ਸਰੂਪ ਦੇ ਕੋਚ ਦੀਆਂ ਬਾਹਾਂ ਤੇ ਜ਼ੁਬਾਨ ਚੱਲਣੀ ਬੰਦ ਹੋ ਗਈ ਸੀ। ਸਰੂਪ ਹੁਣ ਹਮਲੇ ਕਰਨ ਦੀ ਥਾਂ ਬਚਾਓ ਕਰਨ ਲੱਗ ਪਿਆ ਸੀ, ਪਰ ਰਾਮ ਸਰਨ ਦੇ ਹਮਲੇ ਉਸੇ ਤਰ੍ਹਾਂ ਹੀ ਜਾਰੀ ਸਨ।

ਤੀਜੇ ਰਾਊਂਡ ਵਿਚ ਸਰੂਪ ਦਾ ਸਾਹ ਫੁੱਲ ਜਾਣ ਕਰ ਕੇ ਉਸ ਦਾ ਮੂੰਹ ਖੁੱਲ੍ਹ ਗਿਆ ਸੀ। ਪੈਰਾਂ ਦੀ ਫੁਰਤੀ ਮੁੱਕ ਚੁੱਕੀ ਸੀ। ਹੁਣ ਉਹ ਪੈਰ ਇਸ ਤਰ੍ਹਾਂ ਮੁਸ਼ਕਿਲ ਨਾਲ ਉਠਾ ਰਿਹਾ ਸੀ, ਜਿਵੇਂ ਧਰਤੀ ਵਿਚ ਗੱਡੇ ਗਏ ਹੋਣ ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਆਪਣੇ ਢਿੱਡ ਵਿਚ ਲੁਕਾਉਣ ਲੱਗ ਪਿਆ ਸੀ। ਕਦੇ ਗੋਡਿਆਂ ਵਿਚ ਸਿਰ ਦੇ ਕੇ ਬੈਠ ਕੇ ਸਾਹ ਲੈਂਦਾ। ਰੈਫਰੀ ਦੀ ਵਾਰਨਿੰਗ 'ਤੇ ਫੇਰ ਖੜ੍ਹਾ ਹੁੰਦਾ। ਮੁਕਾਬਲਾ ਲੜਨ ਦੀ ਫਿਰ ਅਸਫ਼ਲ ਕੋਸ਼ਿਸ਼ ਕਰਦਾ, ਪਰ ਰਾਮ ਸਰਨ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਹੁਣੇ ਹੀ ਰਿੰਗ ਵਿਚ ਦਾਖਲ ਹੋਇਆ ਹੋਵੇ। ਸਰੂਪ ਉਸ ਦੇ ਮੁੱਕਿਆਂ ਦਾ ਮੁਕਾਬਲਾ ਨਾ ਕਰ ਸਕਦਾ, ਫਿਰ ਸਾਹ ਚੜ੍ਹ ਜਾਣ 'ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਢਿੱਡ ਵਿਚ ਦੇ ਲੈਂਦਾ। ਇਸ 'ਤੇ ਰਾਮ ਸਰਨ ਉਸ ਦੀਆਂ ਵੱਖੀਆਂ ਕੁੱਟਣ ਲੱਗ ਪੈਂਦਾ। ਵੱਖੀਆਂ ਕੁੱਟੀਆਂ ਜਾ ਰਹੀਆਂ ਦੇਖ ਕੇ ਸਰੂਪ ਖੜ੍ਹਾ ਹੁੰਦਾ। ਉਸ ਦੇ ਗਾਰਡ ਵੀ ਹੁਣ ਢਿੱਲੇ ਪੈ ਗਏ ਸਨ। ਸਰੂਪ ਦੇ ਸਿੱਧਾ ਖੜ੍ਹਾ ਹੁੰਦੇ ਹੀ ਰਾਮ ਸਰਨ ਪੂਰੇ ਜ਼ੋਰ ਨਾਲ ਸਟ੍ਰੇਟ ਸਰੂਪ ਦੇ ਨੱਕ 'ਤੇ ਜੜ ਦਿੰਦਾ। ਸਟ੍ਰੇਟ ਵੱਜਦੇ ਹੀ ਸਰੂਪ ਸੁੱਕੇ ਛੱਪੜ ਵਿਚ ਪਈ ਮੱਛੀ ਵਾਂਗ ਤੜਫ਼ ਉਠਦਾ ਤੇ ਲੜਖੜਾ ਕੇ ਡਿੱਗ ਪੈਂਦਾ। ਰੈਫਰੀ ਦੇ ਕਦੇ ਸੱਤ, ਅੱਠ, ਕਦੇ ਨੌਂ ਗਿਣਦੇ ਹੀ ਉਠ ਕੇ ਫਿਰ ਮੁਕਾਬਲਾ ਲੜਨਾ ਸ਼ੁਰੂ ਕਰ ਦਿੰਦਾ।

"ਰਾਮ ਸਰਨ ਦਾ ਚਿਹਰਾ ਦੇਖ ਹੁਣ।" ਮੇਰਾ ਗੁਆਂਢੀ ਮੁੱਕੇਬਾਜ਼ ਆਪਣੇ ਸਾਥੀ ਨੂੰ ਕਹਿ ਰਿਹਾ ਸੀ।

"ਐਂ ਲੱਗਦੈ ਜਿਵੇਂ ਸਰੂਪ ਨੂੰ ਕੱਚਾ ਈ ਚੱਬ ਜਾਊ।" ਮੁੱਕੇਬਾਜ਼ ਦੇ ਸਾਥੀ ਨੇ ਹੁੰਗਾਰਾ ਭਰਿਆ ਸੀ।

"ਜੇ ਇਹੀ ਹਾਲ ਰਿਹਾ ਤਾਂ ਸਰੂਪ ਸ਼ਾਇਦ ਨਾਕ ਆਊਟ ਹੀ ਹੋ ਜੇ।" ਕੋਈ ਹੋਰ ਮੁੱਕੇਬਾਜ਼ ਬੁੜਬੁੜਾਇਆ, "ਹੋ ਸਕਦੈ ਹੱਥ ਖੜ੍ਹਾ ਹੀ ਕਰ ਦੇਵੇ...।"

"ਨਹੀਂ ਐਂ ਤਾਂ ਇਹ ਪੱਕਾ ਰੰਘੜ ਐ...ਮਰ ਕੇ ਹੀ ਰਿੰਗ 'ਚੋਂ ਨਿਕਲੂ।"

"ਇਹ ਵੀ ਕੋਈ ਖੇਡ ਹੈ? ਮੁੰਡੇ ਦਾ ਸੱਤਿਆਨਾਸ ਕਰ ਦਿੱਤਾ।" ਪਰ੍ਹੇ ਖੜ੍ਹਾ ਇੱਕ ਬੁੱਢਾ ਸਰੂਪ ਦਾ ਲਹੂ ਲਿਬੜਿਆ ਚਿਹਰਾ ਤੇ ਬੂਨੈਣ ਦੇਖ ਕੇ ਕਹਿ ਰਿਹਾ ਸੀ।

"ਹੁਣ ਦੇਖ ਸਰੂਪ ਦਾ ਮੂੰਹ ਮੇਰਾ ਨਾਮ ਜੋਕਰ ਦੇ ਰਾਜ ਕਪੂਰ ਵਰਗਾ ਹੋ ਗਿਐ।" ਬੁੱਢੇ ਤੋਂ ਥੋੜ੍ਹਾ ਹੋਰ ਅੱਗੇ ਖੜ੍ਹੇ ਇੱਕ ਮਨਚਲੇ ਮੁੰਡੇ ਨੇ ਕਿਹਾ ਸੀ ਤੇ ਉਸ ਦੇ ਕੋਲ ਖੜ੍ਹੇ ਕਈ ਹੋਰ ਦਰਸ਼ਕ ਇਹ ਗੱਲ ਸੁਣ ਕੇ ਹੱਸ ਪਏ ਸਨ।

ਘੰਟੀ ਵੱਜੀ। ਤੀਜਾ ਰਾਊਂਡ ਵੀ ਖ਼ਤਮ ਹੋ ਗਿਆ। ਸਰੂਪ ਬੜੀ ਮੁਸ਼ਕਿਲ ਨਾਲ ਤੁਰ ਰਿਹਾ ਸੀ। ਉਸ ਦੀ ਸੈਕਿੰਡ ਕਰਨ ਵਾਲਾ ਮੁੰਡਾ ਫਟਾਫਟ ਮੰਚ 'ਤੇ ਆ ਕੇ ਉਸ ਨੂੰ ਸਹਾਰਾ ਦੇ ਕੇ ਗਰੀਨ ਕੌਰਨਰ ਵਿਚ ਡਹੇ ਸਟੂਲ ਤਕ ਲੈ ਗਿਆ ਸੀ। ਉਹ ਸਪੰਜ ਨਾਲ ਉਸ ਦਾ ਮੂੰਹ ਗਿੱਲਾ ਕਰ ਰਿਹਾ ਸੀ ਤੇ ਤੌਲੀਏ ਨਾਲ ਉਸ ਦਾ ਖ਼ੂਨ ਸਾਫ਼ ਕਰ ਰਿਹਾ ਸੀ। ਦੂਜੇ ਪਾਸੇ ਰਾਮ ਸਰਨ ਆਰਾਮ ਨਾਲ ਰੱਸਿਆਂ 'ਤੇ ਬਾਹਾਂ ਧਰੀ ਖੜ੍ਹਾ ਸੀ। ਉਸ ਦਾ ਕੋਚ ਉਸ ਦੀ ਕੰਡ ਥਾਪੜ ਕੇ ਉਸ ਨੂੰ ਸੰਤਰਾ ਛਿੱਲ-ਛਿੱਲ ਕੇ ਦੇ ਰਿਹਾ ਸੀ।

"ਸਰੂਪ ਦਾ ਤੀਜਾ ਰਾਊਂਡ ਕੱਟਣ ਦੀ ਆਸ 'ਤੇ ਨਹੀਂ ਸੀ...।" ਪਰ੍ਹੇ ਦੂਰ ਬੈਠਾ ਇੱਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

ਮੰਚ 'ਤੇ ਰੈਫਰੀ ਜੱਜਾਂ ਤੋਂ ਪਰਚੀਆਂ ਇਕੱਠੀਆਂ ਕਰ ਰਿਹਾ ਸੀ। ਦਰਸ਼ਕ ਉਤਸੁਕਤਾ ਨਾਲ ਰੈਫਰੀ ਦੀ ਹਰ ਹਰਕਤ ਨੂੰ ਦੇਖ ਰਹੇ ਸਨ। ਪਰਚੀਆਂ ਇਕੱਠੀਆਂ ਕਰ ਕੇ, ਉਸ ਨੇ ਪਰਚੀਆਂ ਪੜ੍ਹੀਆਂ ਤੇ ਦੋਵਾਂ ਮੁੱਕੇਬਾਜ਼ਾਂ ਨੂੰ ਆਪਣੇ ਕੋਲ ਸੱਦਿਆ। ਦੋਵਾਂ ਦੇ ਵਿਚਕਾਰ ਖੜ੍ਹ ਕੇ ਦੋਵਾਂ ਦੇ ਗੁੱਟ ਫੜ ਲਏ। ਇੱਕ ਦਾ ਸੱਜੇ ਹੱਥ ਨਾਲ ਦੂਜੇ ਦਾ ਖੱਬੇ ਹੱਥ ਨਾਲ। ਦਰਸ਼ਕਾਂ ਦੀ ਨਜ਼ਰ ਰੈਫਰੀ ਦੇ ਖੱਬੇ ਹੱਥ ਖੜ੍ਹੇ ਰਾਮ ਸਰਨ ਦੀ ਬਾਂਹ 'ਤੇ ਟਿਕੀ ਹੋਈ ਸੀ ਪਰ ਰੈਫਰੀ ਨੇ ਬਾਂਹ ਸਰੂਪ ਦੀ ਖੜ੍ਹੀ ਕਰ ਦਿੱਤੀ। ਫੋਟੋਗਰਾਫਰ ਨੇ ਫੋਟੋ ਖਿੱਚ ਲਈ। ਲੋਕ ਹੈਰਾਨ ਸਨ। ਚੀਕਾਂ, ਵਿਸਲਾਂ, ਕੁਰਸੀਆਂ ਦੇ ਹਿੱਲਣ-ਜੁਲਣ ਦਾ ਖੜਾਕ। ਪੰਡਾਲ ਵਿਚ ਬੇਚੈਨੀ ਫੈਲ ਚੁੱਕੀ ਸੀ।

"ਰਾਮ ਸਰਨ ਨਾਲ ਪੁੱਜ ਕੇ ਬੇਇਨਸਾਫ਼ੀ ਹੋਈ ਹੈ।" ਲੋਕ ਕਹਿ ਰਹੇ ਸਨ। ਉਹ ਵੀ ਮੰਚ 'ਤੇ ਭੜਕਿਆ ਖੜ੍ਹਾ ਸੀ। ਉਸ ਦਾ ਕੋਚ ਮੁੜ-ਮੁੜ ਆਪਣੇ ਨੋਟ ਕੀਤੇ ਪੁਆਇੰਟ ਜੱਜਾਂ ਤੇ ਕਮੇਟੀ ਨੂੰ ਦਿਖਾ ਰਿਹਾ ਸੀ, ਪਰ ਉਸ ਦੀ ਕੋਈ ਨਹੀਂ ਸੀ ਸੁਣ ਰਿਹਾ। ਉਧਰ, ਰਾਮ ਸਰਨ ਦੀ ਟੀਮ ਦੇ ਸਾਥੀ ਵੀ ਮਰਨ-ਮਾਰਨ ਨੂੰ ਤਿਆਰ ਹੋਏ ਖੜ੍ਹੇ ਸੀ। ਕੋਚ ਉਨ੍ਹਾਂ ਨੂੰ ਵੀ ਰੋਕ ਰਿਹਾ ਸੀ। ਫ਼ੌਜੀ ਕੋਚ ਅਨੁਸ਼ਾਸਨ ਦਾ ਜੋ ਪੱਕਾ ਸੀ।

ਲੋਕ ਆਪੋ-ਆਪਣੀਆਂ ਥਾਂਵਾਂ 'ਤੇ ਖੜ੍ਹੇ ਹੋ ਗਏ ਸੀ। ਪੁਲਿਸ ਦੇ ਕਰਮਚਾਰੀਆਂ ਨੇ ਕਿਤੇ ਆ ਕੇ ਉਨ੍ਹਾਂ ਨੂੰ ਬਿਠਾਇਆ।

ਕੁਝ ਟਿਕ-ਟਿਕਾ ਹੋਣ 'ਤੇ ਰਹਿੰਦੇ ਮੁਕਾਬਲੇ ਹੋਏ। ਨਾ ਕਿਸੇ ਨੇ ਸੁਆਦ ਨਾਲ ਦੇਖੇ, ਨਾ ਹੀ ਕਿਸੇ ਨੂੰ ਦੇਖਣ ਦਾ ਚਾਅ ਰਿਹਾ ਸੀ। ਸਾਰੇ ਰਾਮ ਸਰਨ ਬਾਰੇ ਸੋਚ ਰਹੇ ਸਨ। ਘੁਸਰ-ਮੁਸਰ ਜਾਰੀ ਸੀ। ਪੁਲਿਸ ਦੇ ਸਿਪਾਹੀ ਸੰਮਾਂ ਵਾਲੀਆਂ ਡਾਂਗਾਂ ਲਈ ਖੜ੍ਹੇ ਸਨ।

ਇਨਾਮ ਵੰਡਣ ਦੀ ਰਸਮ ਸ਼ੁਰੂ ਹੋਈ। ਅਨਾਊਂਸਰ ਨਾਂ ਬੋਲਦਾ। ਮੁੱਕੇਬਾਜ਼ ਆਉਂਦੇ, ਆਪਣੇ ਇਨਾਮ ਲੈ ਕੇ ਚਲੇ ਜਾਂਦੇ। ਰਾਮ ਸਰਨ ਨੂੰ ਦੂਜੇ ਦਰਜੇ ਦਾ ਇਨਾਮ ਲੈਣ ਲਈ ਬੁਲਾਇਆ ਗਿਆ। ਉਹ ਮੰਚ 'ਤੇ ਜੇਤੂ ਦੀ ਤਰ੍ਹਾਂ ਗਿਆ ਪਰ ਸਪੀਕਰ ਅੱਗੇ ਜਾ ਕੇ ਰੁਕ ਗਿਆ ਤੇ ਕਹਿਣ ਲੱਗਿਆ, "ਮੇਰੇ ਨਾਲ ਬੇਇਨਸਾਫ਼ੀ ਹੋਈ ਹੈ। ਮੈਂ ਸਰੂਪ ਨਾਲ ਫਿਰ ਮੁਕਾਬਲਾ ਲੜਨ ਦਾ ਚੈਲਿੰਜ ਕਰਦਾ ਹਾਂ। ਜੇ ਉਹ ਵਾਕਿਆ ਈ ਜੇਤੂ ਹੈ ਤਾਂ ਮੇਰੇ ਨਾਲ ਮੁਕਾਬਲਾ ਫਿਰ ਲੜੇ...ਫੈਸਲਾ ਤਿੰਨ ਰਾਊਂਡ ਦੀ ਥਾਂ 'ਤੇ ਪੰਜ ਰਾਊਂਡ 'ਤੇ ਹੋਵੇਗਾ। ਤੇ ਹਰ ਰਾਊਂਡ ਤਿੰਨ ਮਿੰਟ ਦੀ ਥਾਂ 'ਤੇ ਪੰਜ ਮਿੰਟ ਦਾ...ਹੈ ਮਨਜ਼ੂਰ? ਕਿੱਥੇ ਹੈ ਸਰੂਪ...।"

"ਅਸ਼ਕੇ ਓਏ ਜੁਆਨਾ ਤੇਰੇ ਹੌਸਲੇ ਦੇ...ਸ਼ਹਿਰ ਦੀਆਂ ਬੀਹੀਆਂ ਨੀਵੀਆਂ ਕਰ ਦਿੱਤੀਆਂ ਇਨ੍ਹੇ ਕੋਟ 'ਤੇ ਬਿਲਾ ਜਾ ਲਾ ਕੇ।" ਬੁੱਢਾ ਕਹਿ ਰਿਹਾ ਸੀ। "ਨਿਕਲ ਹੁਣ ਪਤੰਦਰ ਮੂਹਰੇ...।" ਹੁਣ ਬੁੱਢੇ ਦੀ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਸੀ।

ਪੰਡਾਲ ਵਿਚ ਫਿਰ ਸ਼ੋਰ ਮਚ ਗਿਆ ਸੀ। ਪ੍ਰਬੰਧਕ ਮੰਚ 'ਤੇ ਜਾ ਕੇ ਰਾਮ ਸਰਨ ਨੂੰ ਸਮਝਾਉਣ ਲੱਗ ਪਏ ਸਨ ਪਰ ਉਹ ਉਸੇ ਤਰ੍ਹਾਂ ਡਟਿਆ ਖੜ੍ਹਾ ਸੀ। ਪ੍ਰਬੰਧਕ ਰਾਮ ਸਰਨ ਦੇ ਹੱਥ ਧੱਕੇ ਨਾਲ ਇਨਾਮ ਫੜਾ ਰਹੇ ਸਨ ਪਰ ਉਸ ਨੇ ਇਹ ਕਹਿ ਕੇ ਇਨਾਮ ਠੁਕਰਾ ਦਿੱਤਾ ਕਿ ਜੇ ਇਸ ਸ਼ਹਿਰ ਦੇ ਕਿਸੇ ਹੋਰ ਬੌਕਸਰ ਨੂੰ ਕੋਈ ਪ੍ਰਾਈਜ਼ ਨਹੀਂ ਮਿਲਿਆ ਤਾਂ ਇਹ ਪ੍ਰਾਈਜ਼ ਵੀ ਉਸ ਨੂੰ ਦੇ ਦਿੱਤਾ ਜਾਵੇ। ਫਿਰ ਉਸ ਨੂੰ ਪਰ੍ਹੇ ਖੜ੍ਹਾ ਸਰੂਪ ਦਿਖਾਈ ਦੇ ਗਿਆ ਸੀ।

ਉਹ ਉਵੇਂ ਹੀ ਗੁੱਸੇ ਦਾ ਭਰਿਆ ਪੀਤਾ ਉਸ 'ਤੇ ਵਰ੍ਹ ਪਿਆ ਸੀ। "ਸਰੂਪ, ਤੂੰ ਮੇਰੀ ਘਰ ਬੁਲਾ ਕੇ ਚੰਗੀ ਬੇਇੱਜ਼ਤੀ ਕਰਵਾਈ ਹੈ। ਇੱਥੇ ਤੇਰੇ ਜੱਜ ਸਨ, ਮੈਨੂੰ ਹਰਾ ਦਿੱਤਾ, ਪਰ ਮਿੱਤਰਾ ਨੈਸ਼ਨਲ ਵਿਚ ਸਰਵਸਿਜ਼ ਰਾਹੀਂ ਆ ਕੇ ਤੈਨੂੰ ਫਿਰ ਦੇਖੂੰਗਾ ਇੱਕ ਵਾਰ...ਤਿਆਰੀ ਕਰ ਲਈਂ।"

## ਦੇਈਂ ਸੁਨੇਹਾ

ਦੇਈਂ ਸੁਨੇਹਾ ਮੇਰੇ ਪਿੰਡ ਬੋਹੜਾਂ ਦੀਆਂ ਛਾਂਵਾਂ ਨੂੰ।
ਬੂਹੇ ਬੈਠ ਉਡੀਕ ਰਹੀਆਂ ਪੁੱਤਾਂ ਦੀਆਂ ਮਾਂਵਾਂ ਨੂੰ।
ਯਾਦ ਤੁਹਾਨੂੰ ਕਰ-ਕਰ ਨੈਣੋਂ ਹੰਝੂੰ ਵਹਿੰਦੇ ਨੇ,
ਪ੍ਰਦੇਸਾਂ ਵਿਚ ਰਹਿਨੇ ਆਂ ਮਨ ਵਤਨੀਂ ਰਹਿੰਦੇ ਨੇ।

ਦੇਈਂ ਸੁਨੇਹਾ ਮੇਰੇ ਪਿੰਡ ਵੱਲ ਜਾਂਦੀਆਂ ਰਾਹਾਂ ਨੂੰ।
ਮੇਰੇ ਪਿੰਡ ਦੀ ਜੂਹ ਵਿਚ ਉਡਦੇ ਚਿੜੀਆਂ-ਕਾਂਵਾਂ ਨੂੰ।
ਸ਼ਾਮ ਢਲੀ ਜੋ ਆਲ੍ਹਣਿਆਂ ਦੇ ਵਿਚ ਜਾ ਬਹਿੰਦੇ ਨੇ।...

ਦੇਈਂ ਸੁਨੇਹਾ ਮੇਰੇ ਸਕਿਆਂ ਭੈਣ-ਭਰਾਵਾਂ ਨੂੰ।
ਸਾਡਾ ਵੀ ਦਿਲ ਕਰਦੈ ਆ ਗਲ ਮਿਲੀਏ ਮਾਂਵਾਂ ਨੂੰ।
ਰੋਜ਼ੀ ਰੋਟੀ ਖਾਤਿਰ ਪਏ ਵਿਛੋੜੇ ਸਹਿੰਦੇ ਨੇ।...

ਦੇਈਂ ਸੁਨੇਹਾ ਮੇਰਾ ਚੂੜੇ ਵਾਲੀਆਂ ਬਾਂਹਵਾਂ ਨੂੰ।
ਕਦ ਮਾਹੀਏ ਆਉਣਾ ਪੁੱਛਦੀਆਂ ਰਹਿੰਦੀਆਂ ਕਾਂਵਾਂ ਨੂੰ।
ਹੌਸਲਿਆਂ ਦੇ ਮਹਿਲ ਉਨ੍ਹਾਂ ਦੇ ਕਦੇ ਨਾ ਢਹਿੰਦੇ ਨੇ।...

ਦੇਈਂ ਸੁਨੇਹਾ ਦੇਸ ਮੇਰੇ ਦੇ ਪੰਜ ਦਰਿਆਵਾਂ ਨੂੰ,
ਰੋਕ ਕੇ ਰੱਖਣ ਵਗਣ ਨਾ ਦੇਣ ਤੱਤੀਆਂ 'ਵਾਵਾਂ ਨੂੰ।
ਵੈਰੀ ਤਾਂ ਹਰ ਵੇਲੇ ਏਸੇ ਤਾਕ 'ਚ ਰਹਿੰਦੇ ਨੇ,
ਪ੍ਰਦੇਸਾਂ ਵਿਚ ਰਹਿਨੇ ਆਂ ਮਨ ਵਤਨੀਂ ਰਹਿੰਦੇ ਨੇ।

*-ਇੰਦਰਜੀਤ ਪੁਰੇਵਾਲ, ਨਿਊ ਯਾਰਕ*

# ਆਫੀਆ ਸਦੀਕੀ ਦਾ ਜਹਾਦ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।

**ਕਿਸ਼ਤ ਅੱਠਵੀਂ**

## ਤੁਸੀਂ ਪੜ੍ਹ ਚੁਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਮੁੱਖ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਸੁਣਨ ਵਾਲੇ ਅਸ਼-ਅਸ਼ ਕਰ ਉਠੇ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਫੋਨ ਉਤੇ ਹੀ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ ਜੋ ਪਾਕਿਸਤਾਨ ਰਹਿੰਦਾ ਸੀ। ਫਿਰ ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ।...ਹੁਣ ਅੱਗੇ ਪੜ੍ਹੋ...*

ਆਫੀਆ ਨੇ ਪੜ੍ਹਾਈ ਅਤੇ ਲੈਬ ਦਾ ਸਾਰਾ ਕੰਮ ਖਤਮ ਕਰ ਲਿਆ ਸੀ। ਹੁਣ ਉਹ ਪੀਐਚ.ਡੀ. ਲਈ ਆਪਣਾ ਥੀਸਸ ਲਿਖ ਰਹੀ ਸੀ। ਅਮਜਦ ਨੇ ਵੀ ਆਪਣੀ ਰੈਜ਼ੀਡੈਂਸੀ ਖਤਮ ਕਰ ਲਈ ਸੀ। ਉਸ ਨੇ ਸੇਂਟ ਵਿਨਸੈਂਟ ਹਸਪਤਾਲ ਵਿਚ ਇੰਟਰਨਸ਼ਿਪ ਸ਼ੁਰੂ ਕਰ ਲਈ ਸੀ। ਉਹ ਦੋਵੇਂ ਬੋਸਟਨ ਤੋਂ ਪੈਂਤੀ-ਚਾਲੀ ਮੀਲ ਦੂਰ ਪੈਂਦੇ ਸ਼ਹਿਰ ਵੋਰੈਸਟਰ ਚਲੇ ਗਏ। ਵੋਰੈਸਟਰ ਵਿਚ ਕੇਅਰ ਬ੍ਰਦਰਜ਼ ਦੇ ਬਹੁਤ ਸਾਰੇ ਮੈਂਬਰ ਰਹਿੰਦੇ ਸਨ। ਇੱਥੇ ਦੀ



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਲੋਕਲ ਮਸਜਿਦ ਦਾ ਇਮਾਮ ਮੁਹੰਮਦ ਮਾਸੂਦ ਸੀ। ਇਹ ਐਮ.ਐਸ.ਏ. ਦਾ ਮੈਂਬਰ ਰਹਿ ਚੁੱਕਿਆ ਸੀ। ਇਸ ਤੋਂ ਇਲਾਵਾ ਮੁਹੰਮਦ ਮਾਸੂਦ ਦਾ ਭਰਾ ਪਾਕਿਸਤਾਨੀ ਅਤਿਵਾਦੀ ਗਰੁਪ ਲਸ਼ਕਰ-ਏ-ਤਾਇਬਾ ਦਾ ਲੀਡਰ ਸੀ। ਇਨ੍ਹਾਂ ਗੱਲਾਂ ਕਰ ਕੇ ਆਫੀਆ ਨੂੰ ਵੋਰੈਸਟਰ ਬਹੁਤ ਪਸੰਦ ਆਇਆ। ਇੱਥੇ ਲਸ਼ਕਰ-ਏ-ਤਾਇਬਾ ਦਾ ਔਰਤਾਂ ਦਾ ਵਿੰਗ ਵੀ ਸੀ ਜਿਸ ਦੀ ਪ੍ਰਧਾਨ ਉਮਾ ਹਮਾਦ ਸੀ, ਪਰ ਆਫੀਆ ਨੂੰ ਉਮਾ ਹਮਾਦ ਚੰਗੀ ਨਾ ਲੱਗੀ। ਉਸ ਨੇ ਸੋਚ ਲਿਆ ਕਿ ਉਹ ਇੱਥੇ ਆਪਣੀ ਜਥੇਬੰਦੀ ਬਣਾਵੇਗੀ।

ਆਫੀਆ ਦੀ ਮਾਂ ਇਸਮਤ ਉਸ ਦਾ ਨਵ-ਜਨਮਿਆ ਬੱਚਾ ਜਿਸ ਦਾ ਨਾਂ ਉਨ੍ਹਾਂ ਅਹਿਮਦ ਰੱਖਿਆ ਸੀ, ਨੂੰ ਸੰਭਾਲਦੀ ਸੀ। ਆਫੀਆ ਇਸ ਵੇਲੇ ਵਿਹਲੀ ਹੋਈ ਆਲੇ-ਦੁਆਲੇ ਦੀਆਂ ਇਸਲਾਮਿਕ ਜਥੇਬੰਦੀਆਂ ਨੂੰ ਘੋਖ ਪੜਤਾਲ ਰਹੀ ਸੀ। ਉਦੋਂ ਹੀ ਆਫੀਆ ਦਾ ਪਿਉ ਬਿਮਾਰ ਹੋ ਗਿਆ। ਉਸ ਦੀ ਮਾਂ ਨੇ ਕਾਫੀ ਸੋਚ ਵਿਚਾਰ ਕੀਤਾ ਤੇ ਇਸ ਨਤੀਜੇ 'ਤੇ ਪਹੁੰਚੀ ਕਿ ਆਫੀਆ ਦਾ ਮੁੰਡਾ ਕਈ ਮਹੀਨਿਆਂ ਦਾ ਹੋ ਚੁੱਕਿਆ ਹੈ ਤੇ ਉਹ ਉਸ ਦੀ ਆਪ ਸੰਭਾਲ ਕਰ ਸਕਦੀ ਹੈ। ਅਗਲੇ ਹਫਤੇ ਹੀ ਇਸਮਤ ਪਾਕਿਸਤਾਨ ਚਲੀ ਗਈ। ਅਗਲੇ ਦਿਨਾਂ 'ਚ ਘਰ ਵਿਚ ਕਾਫੀ ਭੁਚਾਲ ਜਿਹਾ ਆ ਗਿਆ। ਹੁਣ ਤੱਕ ਤਾਂ ਆਫੀਆ ਨੂੰ ਮਾਂ ਦੇ ਹੁੰਦਿਆਂ ਕਿਸੇ ਕੰਮ ਦੀ ਫਿਕਰ ਹੀ ਨਹੀਂ ਸੀ, ਪਰ ਹੁਣ ਘਰ ਦਾ ਹੀ ਨਹੀਂ ਸਗੋਂ ਅਹਿਮਦ ਦਾ ਭਾਰ ਵੀ ਉਸ 'ਤੇ ਆ ਪਿਆ। ਉਸ ਨੇ ਅਹਿਮਦ ਲਈ ਬਾਹਰ ਕਿਸੇ ਬੇਬੀ ਸਿਟਰ ਦਾ ਪ੍ਰਬੰਧ ਕਰ ਲਿਆ। ਉਥੇ ਛੱਡਣ ਵੀ ਉਸ ਨੂੰ ਅਮਜਦ ਹੀ ਜਾਂਦਾ ਸੀ ਤੇ ਲੈ ਕੇ ਵੀ ਆਪ ਹੀ ਆਉਂਦਾ ਸੀ। ਆਫੀਆ ਨੂੰ ਆਪਣੇ ਕੰਮਾਂ ਤੋਂ ਹੀ ਵਿਹਲ ਨਹੀਂ ਸੀ। ਇੱਕ ਦਿਨ ਅਮਜਦ ਘਰ ਆਇਆ ਤਾਂ ਅਹਿਮਦ ਰੋ ਰਿਹਾ ਸੀ ਅਤੇ ਆਫੀਆ ਕਿਸੇ ਨਾਲ ਫੋਨ 'ਤੇ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ।

"ਆਫੀਆ?" ਅਮਜਦ ਬੈਗ ਪਾਸੇ ਰੱਖਦਾ ਚਿਲਾਉਂਦਾ ਹੋਇਆ ਉਚੀ ਬੋਲਿਆ।

"ਕੀ ਐ? ਇਉਂ ਧਰਤੀ ਸਿਰ 'ਤੇ ਚੁੱਕ ਰਿਹੈਂ? ਖੈਰ ਤਾਂ ਹੈ।" ਆਫੀਆ ਦੂਜੇ ਪਾਸੇ ਫੋਨ ਹੋਲਡ ਕਰਵਾਉਂਦਿਆਂ ਧੀਮਾ ਜਿਹਾ ਬੋਲੀ।

"ਕਿਉਂ ਤੈਨੂੰ ਨ੍ਹੀਂ ਦਿਸ ਰਿਹਾ, ਜੁਆਕ ਦਾ ਰੋ ਰੋ ਕੇ ਬੁਲਾ ਹਾਲ ਹੋ ਰਿਹਾ ਐ ਤੇ ਤੂੰ ਐਂ ਕਿ ਤੈਨੂੰ ਗੱਲਾਂ ਤੋਂ ਈ ਵਿਹਲ ਨ੍ਹੀਂ ਐ।"

"ਬੱਚੇ ਨੂੰ ਤਾਂ ਤੂੰ ਵੀ ਚੁੱਪ ਕਰਵਾ ਸਕਦਾ ਐਂ। ਇਉਂ ਟੱਪਣ ਦੀ ਕੀ ਲੋੜ ਐ?"

"ਕਿਉਂ ਟੱਪਾਂ ਨਾ ਤਾਂ ਹੋਰ ਕੀ ਕਰਾਂ। ਸਵੇਰ ਵੇਲੇ ਅਹਿਮਦ ਨੂੰ ਬੇਬੀ ਸਿਟਰ ਦੇ ਛੱਡਣ ਮੈਂ ਜਾਂਦਾ ਆਂ। ਸ਼ਾਮ ਵੇਲੇ ਮੈਂ ਉਸ ਨੂੰ ਵਾਪਸ ਲੈ ਕੇ ਆਉਂਦਾ ਆਂ। ਤੂੰ ਸਾਰਾ ਦਿਨ ਵਿਹਲੀ ਰਹਿੰਦੀ ਕੀ ਇੰਨਾ ਵੀ ਨ੍ਹੀਂ ਕਰ ਸਕਦੀ। ਇਸ ਦੀ ਛੱਡ ਪਰ ਜਦੋਂ ਉਹ ਘਰ ਆ ਗਿਆ, ਉਸ ਪਿੱਛੋਂ ਤਾਂ ਉਸ ਨੂੰ ਸੰਭਾਲ ਸਕਦੀ ਐਂ।"

"ਤੈਨੂੰ ਮੈਂ ਵਿਹਲੀ ਲੱਗਦੀ ਆਂ। ਤੈਨੂੰ ਪਤਾ ਐ ਕਿ ਮੈਂ ਅਤੇ ਮੇਰੀ ਜਥੇਬੰਦੀ ਅੱਜਕੱਲ੍ਹ ਕੀ ਕਰ ਰਹੇ ਆਂ?"

"ਤੂੰ ਹੀ ਦੱਸ ਦੇ।" ਅਮਜਦ ਅੱਕਿਆ ਹੋਇਆ ਬੋਲਿਆ।

"ਅਸੀਂ ਬੋਸਨੀਆ ਦੇ ਜਹਾਦੀ ਪਰਿਵਾਰਾਂ ਲਈ ਫੰਡ ਇਕੱਠਾ ਕਰ ਰਹੇ ਆਂ।"

"ਹੁਣ ਤਾਂ ਬੋਸਨੀਆ 'ਚ ਸ਼ਾਂਤੀ ਹੋ ਚੁੱਕੀ ਐ। ਹੁਣ ਤਾਂ ਤੂੰ ਉਸ ਗੱਲ ਦਾ ਖਹਿੜਾ ਛੱਡ ਦੇ।"

"ਮਿਸਟਰ ਅਮਜਦ, ਜਹਾਦ ਕਦੇ ਖਤਮ ਨ੍ਹੀਂ ਹੋਵੇਗਾ। ਇਹ ਉਦੋਂ ਤੱਕ ਚੱਲਦਾ ਰਹੇਗਾ ਜਦੋਂ ਤੱਕ ਕਿ ਸਾਰੇ ਸੰਸਾਰ ਉਪਰ ਇਸਲਾਮ ਦਾ ਝੰਡਾ ਝੂਲਣ ਨ੍ਹੀਂ ਲੱਗ ਜਾਂਦਾ। ਹੁਣ ਲੜਾਈ ਬੋਸਨੀਆ 'ਚ ਨ੍ਹੀਂ ਹੋ ਰਹੀ ਤਾਂ ਕੀ ਹੋਇਆ। ਅਗਲਾ ਫਰੰਟ ਚੇਚਨੀਆ ਅਤੇ ਕਾਸਵੋ 'ਚ ਖੁੱਲ੍ਹ ਚੁੱਕਿਆ ਐ।"

"ਤੇਰੇ ਇਸ ਜਹਾਦ ਨੇ ਮੇਰਾ ਘਰ ਪੱਟ ਦੇਣਾ ਐਂ ਆਫੀਆ।"

"ਤੇ ਜਿਨ੍ਹਾਂ ਦੇ ਘਰ ਘਾਟ ਪਹਿਲਾਂ ਈ ਉਜੜ ਚੁੱਕੇ ਨੇ! ਕਾਫਰਾਂ ਨੇ ਸਾਡੇ ਜਹਾਦੀਆਂ ਦਾ ਛੱਡਿਆ ਈ ਕੱਖ ਨ੍ਹੀਂ। ਤੈਨੂੰ ਇਸ ਆਪਣੇ ਨਿੱਕੇ ਜਿਹੇ ਘਰ ਦੀ ਫਿਕਰ ਐ, ਪਰ ਵੱਡੇ ਸੰਸਾਰ ਵੱਲ ਝਾਤੀ ਮਾਰ...।"

ਇਸ ਵਿਚਕਾਰ ਅਹਿਮਦ ਰੋਣ ਲੱਗ ਪਿਆ ਤਾਂ ਉਨ੍ਹਾਂ ਦੀ ਬਹਿਸ ਕੁਛ ਦੇਰ ਲਈ ਬੰਦ ਹੋ ਗਈ। ਅਮਜਦ ਬੱਚੇ ਦੇ ਨੇੜੇ ਹੋਇਆ ਤਾਂ ਆਫੀਆ ਨੇ ਪਹਿਲਾਂ ਹੀ ਉਸ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ। ਇਸ ਨਾਲ ਅਮਜਦ ਦਾ ਗੁੱਸਾ ਕੁਝ ਠੰਢਾ ਪੈ ਗਿਆ ਪਰ ਅਹਿਮਦ ਦੇ ਚੁੱਪ ਹੁੰਦਿਆਂ ਹੀ ਆਫੀਆ ਫਿਰ ਬੋਲੀ, "ਕੁਰਾਨ ਸ਼ਰੀਫ 'ਚ ਲਿਖਿਆ ਐ ਕਿ ਘਰ ਚਲਾਉਣਾ ਆਦਮੀ ਦਾ ਕੰਮ ਐਂ। ਤੂੰ ਨੌਕਰੀ ਦੀ ਵਜ੍ਹਾ ਕਰ ਕੇ ਮੇਰੇ 'ਤੇ ਐਵੇਂ ਰੋਅਬ ਨਾ ਝਾੜਿਆ ਕਰ।"

"ਕੁਰਾਨ 'ਚ ਤਾਂ ਫਿਰ ਇਹ ਵੀ ਲਿਖਿਆ ਐ ਕਿ ਔਰਤ ਘਰ ਸੰਭਾਲੇ, ਬੱਚੇ ਸੰਭਾਲੇ। ਜੇ ਤੂੰ ਸੱਚੀ ਮੁਸਲਮਾਨ ਐਂ ਤਾਂ ਆਪਣੀ ਜ਼ਿੰਮੇਵਾਰੀ ਸਮਝ।"

"ਜ਼ਿੰਮੇਵਾਰੀ ਤੈਨੂੰ ਸਮਝਣ ਦੀ ਲੋੜ ਐ। ਮੇਰੀਆਂ ਸਹੇਲੀਆਂ ਦੇ ਖਾਵੰਦ ਜਹਾਦ 'ਚ ਸੇਵਾ ਨਿਭਾ ਰਹੇ ਨੇ, ਤੇ ਇੱਕ ਤੂੰ ਐਂ ਕਿ ਬਣ ਕੇ ਅਮਰੀਕਨ ਮੌਜਾਂ ਕਰਨ ਲੱਗਿਆ ਹੋਇਐਂ।"

"ਮੈਂ ਮੌਜਾਂ ਨ੍ਹੀਂ ਕਰਦਾ, ਆਪਣਾ ਕੰਮ ਕਰਦਾ ਆਂ।"

ਅਹਿਮਦ ਸੌਣ ਲੱਗ ਪਿਆ ਤਾਂ ਆਫੀਆ ਉਸ ਨੂੰ ਥਾਪੜਨ ਲੱਗ ਪਈ। ਉਸ ਦਾ ਧਿਆਨ ਲੜਾਈ ਵੱਲੋਂ ਹਟ ਕੇ ਸੌਂ ਰਹੇ ਅਹਿਮਦ ਦੇ ਚਿਹਰੇ ਵੱਲ ਚਲਾ ਗਿਆ। ਉਹ ਬੋਲਣਾ ਬੰਦ ਕਰ ਕੇ ਉਸ ਦੇ ਮਾਸੂਮ ਚਿਹਰੇ ਵੱਲ ਵੇਖਦੀ ਰਹੀ। ਜਦੋਂ ਉਹ ਸੌਂ ਗਿਆ ਤਾਂ ਆਫੀਆ ਨੇ ਇੱਕ ਪਾਸੇ ਪਈਆਂ ਫਾਇਲਾਂ ਚੁੱਕ ਲਈਆਂ ਤੇ ਉਨ੍ਹਾਂ 'ਚ ਕਟਾ-ਵਢੀ ਕਰਨ ਲੱਗ ਪਈ।

"ਮੁਹਤਰਮਾ, ਇਹ ਕਾਹਦੀ ਲਿਖਾ-ਪੜ੍ਹੀ ਚੱਲ ਪਈ।" ਅਮਜਦ ਦਾ ਗੁੱਸਾ ਵੀ ਖਤਮ ਹੋ ਗਿਆ ਸੀ। ਇਸ ਕਰ ਕੇ ਉਸ ਦੇ ਬੋਲਾਂ 'ਚ ਵੀ ਕੁੜੱਤਣ ਨਾ ਰਹੀ।

"ਅਮਜਦ, ਕੁਝ ਲੋਕ ਮੈਨੂੰ ਆਪਣੀਆਂ ਟੈਕਸ ਰਿਟਰਨਾਂ ਦੇ ਗਏ ਸਨ। ਮੈਂ ਇਨ੍ਹਾਂ 'ਚੋਂ ਗਲਤੀਆਂ ਵਗੈਰਾ ਕੱਢ ਕੇ ਠੀਕ ਕਰ ਰਹੀ ਆਂ।"

"ਇਸ ਨਾਲ ਕੀ ਹੋਵੇਗਾ?"

"ਕਮ ਸੇ ਕਮ ਉਨ੍ਹਾਂ ਦੇ ਦੋ-ਦੋ ਚਾਰ-ਚਾਰ ਡਾਲਰ ਰੀਫੰਡ ਤਾਂ ਹੋ ਹੀ ਜਾਣਗੇ।"

"ਇਹ ਦੋ-ਦੋ ਚਾਰ-ਚਾਰ ਡਾਲਰ ਗੌਰਮਿੰਟ ਦੇ ਵੀ ਤਾਂ ਕੰਮ ਈ ਆਉਣਗੇ।"

"ਅਮਰੀਕਨ ਸਰਕਾਰ ਦਾ ਸਾਰਾ ਪੈਸਾ ਇੱਕੋ ਕੰਮ ਆਉਂਦਾ ਐ, ਤੇ ਉਹ ਐ ਮੁਸਲਮਾਨਾਂ ਨੂੰ ਮਾਰਨ ਦਾ ਕੰਮ।"

"ਆਫੀਆ ਤੂੰ ਹਰ ਗੱਲ ਨੂੰ ਪੁੱਠੇ ਪਾਸਿਉਂ ਸੋਚਦੀ ਐਂ।"

"ਸਿਰਫ ਸੋਚਦੀ ਈ ਨ੍ਹੀਂ, ਮੈਂ ਕਰਦੀ ਵੀ ਉਵੇਂ ਈ ਆਂ ਜਿਸ ਨਾਲ ਮੁਸਲਮਾਨਾਂ ਦਾ ਭਲਾ ਹੋਵੇ।"

"ਕਦੇ ਆਪਣੇ ਖਾਵੰਦ ਦਾ ਭਲਾ ਵੀ ਸੋਚ ਲਿਆ ਕਰ।" ਅਜਮਦ ਨੇ ਉਬਾਸੀ ਲਈ।

"ਤੈਨੂੰ ਸ਼ਰਮ ਨ੍ਹੀਂ ਆਉਂਦੀ ਮੇਰਾ ਖਾਵੰਦ ਕਹਾਉਂਦੇ ਹੋਏ।" ਪਤਾ ਨਹੀਂ ਕਿਉਂ ਆਫੀਆ ਇੱਕ ਦਮ ਭੜਕ ਉਠੀ।

"ਕਿਉਂ ਹੁਣ ਕੀ ਹੋ ਗਿਆ?" ਅਮਜਦ ਹੈਰਾਨ ਹੋ ਕੇ ਆਫੀਆ ਵੱਲ ਝਾਕਿਆ।

"ਮੈਂ ਵਿਆਹੀ ਹੋਈ ਆਂ, ਇਸੇ ਕਰ ਕੇ ਕਿਸੇ ਵੀ ਇਕੱਠ 'ਚ ਇਕੱਲੀ ਨ੍ਹੀਂ ਜਾ ਸਕਦੀ। ਤੂੰ ਕਦੇ ਇਸ ਗੱਲ ਵੱਲ ਧਿਆਨ ਦਿੱਤਾ ਐ ਕਿ ਬੇਗਮ ਨਾਲ ਜਾਣ 'ਚ ਉਸ ਦੀ ਇਮਦਾਦ ਕਰਨੀ ਚਾਹੀਦੀ ਐ।"

"ਆਫੀਆ ਵੇਖ, ਮੈਨੂੰ ਪਹਿਲਾਂ ਆਪਣਾ ਪਰਿਵਾਰ ਐ ਤੇ ਫਿਰ ਮੇਰੀ ਪੜ੍ਹਾਈ। ਨਾਲੇ ਤੈਨੂੰ ਪਤਾ ਐ ਕਿ ਹੁਣ ਮੈਨੂੰ ਕਾਲਜ ਵਾਲੇ ਪਹਿਲਾਂ ਨਾਲੋਂ ਵੀ ਜ਼ਿਆਦਾ ਕੰਮ ਦਿੰਦੇ ਨੇ। ਮੈਂ ਵੀਕਐਂਡ 'ਤੇ ਪਰਚੇ ਲਿਖਣੇ ਹੁੰਦੇ ਨੇ। ਤੂੰ ਆਪਣੀ ਗੱਲ ਤਾਂ ਪੜਾਕ ਦੇਣੇ ਕਹਿ ਦਿੰਨੀ ਐਂ, ਪਰ ਮੇਰੀ ਮਜਬੂਰੀ ਨ੍ਹੀਂ ਸਮਝਦੀ।"



*ਜਹਾਦੀ ਆਗੂ ਬਸਮ ਕੁੰਜ ਜਿਹੜਾ ਲਿਬਨਾਨ ਵਿਚ ਮਾਰਿਆ ਗਿਆ।*

"ਤੈਨੂੰ ਪਤਾ ਹੋਣਾ ਚਾਹੀਦਾ ਐ ਕਿ ਤੇਰਾ ਪਹਿਲਾ ਕੰਮ ਜਹਾਦ ਐ, ਪਰ ਮੇਰੀ ਹੀ ਕਿਸਮਤ ਮਾੜੀ ਐ ਜੋ ਅਜਿਹਾ ਖਾਵੰਦ ਮਿਲਿਆ ਐ ਜਿਸ ਨੂੰ ਜਹਾਦ ਦੇ ਮਾਅਨੇ ਵੀ ਨ੍ਹੀਂ ਪਤਾ।"

"ਤੂੰ ਜਾਣ ਤੇਰਾ ਜਹਾਦ ਜਾਣੇ। ਮੈਨੂੰ ਤੇਰੀਆਂ ਇਨ੍ਹਾਂ ਗੱਲਾਂ 'ਚ ਕੋਈ ਦਿਲਚਸਪੀ ਨ੍ਹੀਂ।"

ਆਫੀਆ ਨੂੰ ਇੱਕ ਦਮ ਗੁੱਸਾ ਚੜ੍ਹਿਆ, ਪਰ ਉਹ ਉਠ ਨਾ ਸਕੀ। ਉਸ ਦਾ ਸਰੀਰ ਇਸ ਦੀ ਇਜਾਜ਼ਤ ਨ੍ਹੀਂ ਦੇ ਰਿਹਾ ਸੀ। ਇਸ ਵੇਲੇ ਉਹ ਦੂਜੀ ਵਾਰ ਗਰਭਵਤੀ ਸੀ। ਉਹ ਕੌੜ ਜਿਹੀ ਮੰਨਦੀ ਉਥੇ ਹੀ ਢੇਰੀ ਹੋ ਗਈ ਤੇ ਸੌਂ ਗਈ। ਉਧਰ ਅਮਜਦ ਵੀ ਸੌਂ ਚੁੱਕਿਆ ਸੀ।

ਕੁਝ ਮਹੀਨਿਆਂ ਪਿੱਛੋਂ ਆਫੀਆ ਨੇ ਬੱਚੀ ਨੂੰ ਜਨਮ ਦਿੱਤਾ ਜਿਸ ਦਾ ਨਾਂ ਉਨ੍ਹਾਂ ਮਰੀਅਮ ਬਿੰਤ ਮੁਹੰਮਦ ਰੱਖਿਆ। ਨਵ-ਜਨਮੇ ਬੱਚੇ ਕਰ ਕੇ ਕੁਝ ਦੇਰ ਆਫੀਆ ਘਰ 'ਚ ਟਿਕ ਗਈ। ਉਨ੍ਹਾਂ ਵਿਚਕਾਰ ਫਿਰ ਤੋਂ ਵਧੀਆ ਪਰਿਵਾਰਕ ਮਾਹੌਲ ਬਣ ਗਿਆ। ਦੋਨੋਂ ਨੇੜਲੇ ਪਾਰਕ ਵਿਚ ਘੁੰਮਣ ਜਾਂਦੇ। ਕਈ ਵਾਰੀ ਗਰਾਸਰੀ ਲੈਣ ਜਾਂਦੇ ਤਾਂ ਬੱਚਿਆਂ ਨੂੰ ਨਾਲ ਲੈ ਜਾਂਦੇ। ਅਮਜਦ ਨੂੰ ਲੱਗਿਆ ਕਿ ਸ਼ਾਇਦ ਹੁਣ ਆਫੀਆ ਬੱਚਿਆਂ ਕਰ ਕੇ ਘਰ 'ਚ ਪਰਚ ਜਾਵੇਗੀ, ਪਰ ਇਹ ਉਸ ਦਾ ਭੁਲੇਖਾ ਸੀ। ਆਫੀਆ ਨੇ ਫੋਨ 'ਤੇ ਸਭ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਸੀ। ਬੱਚੀ ਦੇ ਜਨਮ ਤੋਂ ਬਾਅਦ ਉਹ ਪਹਿਲੀ ਵਾਰ ਕੇਅਰ ਬ੍ਰਦਰਜ਼ ਦੀ ਮੀਟਿੰਗ ਵਿਚ ਗਈ ਤਾਂ ਸਾਰਿਆਂ ਨੂੰ ਬਹੁਤ ਉਤਸ਼ਾਹ ਮਿਲਿਆ।

"ਆਫੀਆ ਹੁਣ ਤੂੰ ਬੱਚਿਆਂ ਵੱਲੋਂ ਵਿਹਲੀ ਹੋ ਕੇ ਐਮ.ਐਸ.ਏ. ਅਤੇ ਬੈਨੇਵੋਲੈਂਸ ਦਾ ਕੰਮ ਸੰਭਾਲ।" ਸੁਲੇਮਾਨ ਅਹਿਮਰ ਬੋਲਿਆ। ਉਹ ਅੱਜ ਦੀ ਇਸ ਖਾਸ ਮੀਟਿੰਗ ਵਿਚ ਸ਼ਿਕਾਗੋ ਤੋਂ ਖਾਸ ਤੌਰ 'ਤੇ ਆਇਆ ਸੀ।

"ਇਹ ਗੱਲ ਸਹੀ ਐ। ਬੱਸ ਮੈਨੂੰ ਕੁਝ ਦਿਨ ਦਿਉ। ਮੈਂ ਕਿਸੇ ਅਜਿਹੀ ਔਰਤ ਦਾ ਪ੍ਰਬੰਧ ਕਰ ਲਵਾਂ ਜੋ ਮੇਰੇ ਘਰ ਰਹਿ ਕੇ ਬੱਚਿਆਂ ਦੀ ਦੇਖ ਭਾਲ ਕਰ ਸਕੇ। ਫਿਰ ਮੈਂ ਵਿਹਲੀ ਈ ਵਿਹਲੀ ਆਂ।"

"ਦੋਸਤੋ, ਕੁਝ ਮਹੀਨਿਆਂ ਪਿੱਛੋਂ ਨਵਾਂ ਸਾਲ ਚੜ੍ਹਨ ਵਾਲਾ ਐ ਜੋ ਸਾਡੇ ਲਈ ਨਵੀਂ ਜ਼ਿੰਦਗੀ ਲੈ ਕੇ ਆਵੇਗਾ। ਸਭ ਨੂੰ ਪਤਾ ਐ ਕਿ ਵੀਹਵੀਂ ਸਦੀ ਖਤਮ ਹੁੰਦਿਆਂ ਈ ਕਾਫਰਾਂ ਦਾ ਖਾਤਮਾ ਹੋ ਜਾਵੇਗਾ ਤੇ ਹਰ ਪਾਸੇ ਇਸਲਾਮ ਦਾ ਝੰਡਾ ਝੂਲੇਗਾ।"

"ਇੰਸ਼ਾ ਅੱਲਾ! ਇੰਸ਼ਾ ਅੱਲਾ!" ਹਰ ਪਾਸਿਉਂ ਆਵਾਜ਼ਾਂ ਆਈਆਂ। ਇਸ ਪਿੱਛੋਂ ਕਈ ਹੋਰ ਬੁਲਾਰੇ ਬੋਲੇ। ਜ਼ਰੂਰੀ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਆਖਰ ਵਿਚ ਸੁਹੇਲ ਉਠਿਆ ਤੇ ਬੋਲਣ ਲੱਗਿਆ, "ਸਾਨੂੰ ਬੜਾ ਮਾਣ ਐਂ ਕਿ ਸਾਡਾ ਸਾਥੀ ਤੇ ਕੇਅਰ ਬ੍ਰਦਰਜ਼ ਦਾ ਜਹਾਦੀ ਬਸਮ ਕੁੰਜ ਬੜਾ ਮਾਅਰਕੇ ਦਾ ਕੰਮ ਕਰ ਰਿਹਾ ਐ। ਉਹ ਵਾਪਸ ਲਿਬਨਾਨ ਆ ਗਿਆ ਐ। ਉਸ ਨੇ ਉਥੇ ਨਵੇਂ ਜਹਾਦੀਆਂ ਨੂੰ ਟਰੇਨਿੰਗ ਦੇਣ ਲਈ ਕੈਂਪ ਸ਼ੁਰੂ ਕਰ ਲਿਆ ਐ। ਇਹ ਭਾਵੇਂ ਕਾਫੀ ਔਖਾ ਕੰਮ ਐ, ਕਿਉਂਕਿ ਉਥੇ ਦੀ ਸਰਕਾਰ ਸਾਨੂੰ ਸਹਿਯੋਗ ਨ੍ਹੀਂ ਦਿੰਦੀ ਪਰ ਉਸ ਨੇ ਨਾਮੁਮਕਿਨ ਨੂੰ ਮੁਮਕਿਨ ਕਰ ਦਿਖਾਇਆ ਐ।"

ਸਾਰਿਆਂ ਨੇ ਤਾੜੀਆਂ ਮਾਰੀਆਂ। ਆਫੀਆ ਮਾਰਲਿਨ ਵੱਲ ਵੇਖਦੀ ਮਨ ਹੀ ਮਨ ਸੋਚਣ ਲੱਗੀ, 'ਇਹ ਕਿੰਨੀ ਚੰਗੀ ਕਿਸਮਤ ਵਾਲੀ ਐ ਜਿਸ ਦੇ ਘਰਵਾਲਾ ਜਹਾਦ ਲੜ ਰਿਹਾ ਐ। ਨਵੇਂ ਜਹਾਦੀ ਪੈਦਾ ਕਰ ਰਿਹਾ ਐ...ਤੇ ਮੇਰਾ ਆਪਣਾ ਘਰਵਾਲਾ ਕੀ ਕਰ ਰਿਹਾ ਐ? ਉਹ ਤਾਂ ਅਜਿਹੀਆਂ ਮੀਟਿੰਗਾਂ ਵਿਚ ਆਉਣਾ ਵੀ ਨ੍ਹੀਂ ਚਾਹੁੰਦਾ, ਸਗੋਂ ਮੈਨੂੰ ਖੁਦ ਨੂੰ ਉਸ ਤੋਂ ਚੋਰੀਉਂ ਅਜਿਹੀਆਂ ਮੀਟਿੰਗਾਂ ਵਿਚ ਆਉਣਾ ਪੈਂਦਾ ਹੈ। ਉਸ ਨੂੰ ਤਾਂ ਸਿਰਫ ਪੜ੍ਹਾਈ ਦੀ ਪਈ ਹੋਈ ਹੈ ਜਦੋਂ ਕਿ ਇਸ ਵੇਲੇ ਸਾਰਾ ਮੁਸਲਿਮ ਸਮਾਜ ਪੂਰੀ ਤਨਦੇਹੀ ਨਾਲ ਜਹਾਦ ਦਾ ਕੰਮ ਕਰ ਰਿਹਾ ਹੈ। ਮੈਂ ਕੀ ਕਰਾਂ...ਕਿਵੇਂ ਅਮਜਦ ਨੂੰ ਜਹਾਦ ਵੱਲ ਖਿੱਚਾਂ। ਜੇ ਮੈਂ ਜ਼ੋਰ ਲਾਵਾਂ ਤਾਂ ਆਖਰਕਾਰ ਉਸ ਨੂੰ ਮੰਨਣਾ ਈ ਪਊ। ਮੇਰੇ ਨਾਲ ਉਸ ਨੂੰ ਬਹੁਤ ਡੂੰਘੀ ਮੁਹੱਬਤ ਜੋ ਹੈ! ਮੁਹੱਬਤ ਤਾਂ ਖੈਰ ਮੈਨੂੰ ਵੀ ਉਸ ਨਾਲ ਬਹੁਤ ਐ, ਪਰ ਮੈਨੂੰ ਉਸ ਦੀ ਇਹ ਇੱਕੋ ਗੱਲ ਨ੍ਹੀਂ ਬਰਦਾਸ਼ਤ ਹੁੰਦੀ ਜੋ ਉਸ ਨੂੰ ਜਹਾਦ ਨਾਲ ਕੋਈ ਸਰੋਕਾਰ ਹੀ ਨ੍ਹੀਂ।'

ਇਸ ਪਿੱਛੋਂ ਉਸ ਦਾ ਨਾਂ ਬੋਲਿਆ ਗਿਆ ਤਾਂ ਉਹ ਖਿਆਲਾਂ 'ਚੋਂ ਨਿਕਲੀ। ਉਸ ਨੇ ਆਪਣੇ ਭਾਸ਼ਣ ਦੌਰਾਨ ਨਵੇਂ ਜਹਾਦੀ ਭਰਤੀ ਕਰਨ 'ਤੇ ਜ਼ੋਰ ਦਿੱਤਾ। ਚੈਰਿਟੀ ਲਈ ਤਾਂ ਹਮੇਸ਼ਾ ਹੀ ਉਹ ਜ਼ੋਰ-ਸ਼ੋਰ ਨਾਲ ਬੋਲਦੀ ਸੀ। ਉਸ ਨੇ ਸਾਰਿਆਂ ਨੂੰ ਬਸਮ ਦੀ ਮਿਸਾਲ ਦਿੰਦਿਆਂ ਕਿਹਾ ਕਿ ਅੱਜ ਹਰ ਇੱਕ ਨੂੰ ਬਸਮ ਬਣਨ ਦੀ ਲੋੜ ਐ।

ਮੀਟਿੰਗ ਖਤਮ ਹੋਈ। ਉਹ ਘਰ ਆ ਗਈ। ਉਸ ਨੇ ਆ ਕੇ ਵੇਖਿਆ-ਬੱਚੇ ਸੁੱਤੇ ਪਏ ਸਨ। ਉਸ ਨੇ ਦੂਜੇ ਪਾਸੇ ਧਿਆਨ ਮਾਰਿਆ। ਅਮਜਦ ਵੀ ਗੂੜ੍ਹੀ ਨੀਂਦ 'ਚ ਸੀ। ਉਹ ਉਸ ਦੇ ਕੋਲ ਹੋ ਕੇ ਉਸ ਦੇ ਚਿਹਰੇ ਨੂੰ ਨਿਹਾਰਦੀ ਰਹੀ। ਅਮਜਦ ਦੇ ਮੱਥੇ 'ਤੇ ਚੁੰਮਣ ਦੇਣ ਲਈ ਉਹ ਜ਼ਰਾ ਕੁ ਝੁਕੀ, ਪਰ ਫਿਰ ਰੁਕ ਗਈ ਕਿ ਕਿਧਰੇ ਉਸ ਦੀ ਨੀਂਦ ਖਰਾਬ ਨਾ ਹੋ ਜਾਵੇ। ਫਿਰ ਉਹ ਵੀ ਆਪਣੇ ਬੈਡ 'ਤੇ ਜਾ ਪਈ ਤੇ ਸੋਚਾਂ ਸੋਚਦੀ ਨੂੰ ਉਸ ਨੂੰ ਕਾਫੀ



*9/11 ਹਮਲੇ ਪਿੱਛੋਂ ਧੂੰ-ਧੂੰ ਜਲ ਰਹੇ ਵਰਲਡ ਟਰੇਡ ਸੈਂਟਰ ਦੇ ਟਾਵਰ।*

ਦੇਰ ਬਾਅਦ ਨੀਂਦ ਆਈ। ਅਗਲੀ ਸਵੇਰ ਜ਼ੋਰ-ਜ਼ੋਰ ਦੀ ਫੋਨ ਵੱਜ ਰਿਹਾ ਸੀ। ਉਹ ਅੱਭੜਵਾਹੀ ਉਠੀ। ਉਸ ਨੇ ਆਲੇ ਦੁਆਲੇ ਵੇਖਿਆ। ਉਥੇ ਕੋਈ ਨਹੀਂ ਸੀ। ਅਮਜਦ ਬੱਚਿਆਂ ਨੂੰ ਤਿਆਰ ਕਰ ਕੇ ਲੈ ਗਿਆ ਸੀ। ਉਹ ਇਵੇਂ ਹੀ ਕਰਦਾ ਹੁੰਦਾ ਸੀ। ਜਦੋਂ ਆਫੀਆ ਰਾਤੀਂ ਲੇਟ ਮੁੜਦੀ ਤਾਂ ਅਗਲੇ ਦਿਨ ਉਹ ਬੱਚਿਆਂ ਨੂੰ ਆਪ ਹੀ ਬੇਬੀ ਸਿਟਰ ਦੇ ਛੱਡ ਜਾਂਦਾ ਸੀ। ਫੋਨ ਕੱਟਿਆ ਗਿਆ ਤਾਂ ਆਫੀਆ ਬਿਸਤਰੇ 'ਚੋਂ ਨਿਕਲੀ। ਉਦੋਂ ਨੂੰ ਦੁਬਾਰਾ ਘੰਟੀ ਵੱਜੀ। ਉਸ ਨੇ ਅਗਾਂਹ ਹੋ ਕੇ ਫੋਨ ਚੁੱਕ ਲਿਆ। ਉਧਰ ਸੁਹੇਲ ਬੋਲ ਰਿਹਾ ਸੀ, "ਆਫੀਆ ਬਹੁਤ ਬੁਰੀ ਖ਼ਬਰ ਐ।"

"ਕਿਉਂ! ਕੀ ਹੋਇਆ?"

"ਬਸਮ ਕੁੰਜ ਸ਼ਹੀਦ ਹੋ ਗਿਆ।"

"ਹੈਂ!" ਆਫੀਆ ਦੇ ਸਰੀਰ 'ਚ ਕੰਬਣੀ ਛਿੜ ਗਈ ਪਰ ਫਿਰ ਉਹ ਆਪਣੇ ਆਪ ਨੂੰ ਸੰਭਾਲਣ ਲੱਗੀ। ਉਧਰ ਸੁਹੇਲ ਦੁਬਾਰਾ ਬੋਲਣ ਲੱਗਿਆ, "ਬਸਮ ਨੇ ਲਿਬਨਾਨ ਫੌਜ ਦੇ ਦੋ ਸਿਪਾਹੀ ਕਿਡਨੈਪ ਕਰ ਲਏ ਸਨ। ਉਹ ਉਨ੍ਹਾਂ ਰਾਹੀਂ ਆਪਣੀਆਂ ਕੁਝ ਮੰਗਾਂ ਮਨਵਾਉਣੀਆਂ ਚਾਹੁੰਦਾ ਸੀ, ਪਰ ਇਸ ਵਿਚਕਾਰ ਈ ਫੌਜ ਨੇ ਉਸ ਦੇ ਕੈਂਪ 'ਤੇ ਹਮਲਾ ਕਰ ਦਿੱਤਾ। ਇਸੇ ਲੜਾਈ ਦੌਰਾਨ ਉਹ ਸ਼ਹੀਦ ਹੋ ਗਿਆ।"

"ਅੱਲਾ ਉਸ ਦੀ ਰੂਹ ਨੂੰ ਸਕੂਨ ਦੇਵੇ, ਪਰ ਹੁਣ ਅੱਗੇ ਦਾ ਕੀ ਪ੍ਰੋਗਰਾਮ ਐ?"

"ਅੱਜ ਸ਼ਾਮ, ਉਸ ਨੂੰ ਸ਼ਰਧਾਂਜਲੀ ਦੇਣ ਲਈ ਮੀਟਿੰਗ ਰੱਖੀ ਗਈ ਐ। ਤੂੰ ਵਕਤ ਸਿਰ ਪਹੁੰਚ ਜਾਈਂ।"

"ਠੀਕ ਐ।" ਫੋਨ ਕੱਟਿਆ ਗਿਆ। ਆਫੀਆ ਸੋਚਣ ਲੱਗੀ ਕਿ ਕਿੰਨਾ ਕਿਸਮਤ ਵਾਲਾ ਪਰਿਵਾਰ ਹੈ। ਆਪ ਤਾਂ ਉਹ ਜਹਾਦੀ ਸ਼ਹੀਦ ਬਣ ਕੇ ਬਹਿਸ਼ਤ 'ਚ ਚਲਿਆ ਹੀ ਗਿਆ, ਨਾਲ ਹੀ ਮਾਰਲਿਨ ਲਈ ਵੀ ਬਹਿਸ਼ਤ ਦੇ ਦਰਵਾਜ਼ੇ ਖੋਲ੍ਹ ਗਿਆ।

ਉਸ ਸ਼ਾਮ ਮੀਟਿੰਗ ਹੋਈ। ਹਰ ਇੱਕ ਨੇ ਬਸਮ ਦੀ ਤਾਰੀਫ ਕਰਦਿਆਂ ਉਸ ਦੇ ਕੰਮ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ। ਇਸੇ ਦੌਰਾਨ ਹੀ ਪੰਝੀਆਂ ਕੁ ਸਾਲਾਂ ਦਾ ਇਕ ਮੁੰਡਾ ਉਠਿਆ ਤੇ ਬੋਲਿਆ, "ਜੇ ਤੁਹਾਡੀ ਸਭ ਦੀ ਇਜਾਜ਼ਤ ਹੋਵੇ ਤਾਂ ਮੈਂ ਉਸ ਮਹਾਨ ਸ਼ਹੀਦ ਬਸਮ ਦੀ ਵਿਧਵਾ ਨਾਲ ਸ਼ਾਦੀ ਕਰਨੀ ਚਾਹੁੰਦਾ ਆਂ।"

"ਕਿਉਂ ਨ੍ਹੀਂ ਕਿਉਂ ਨ੍ਹੀਂ! ਇਹ ਤਾਂ ਬੜਾ ਫਖ਼ਰ ਦਾ ਕੰਮ ਐ। ਜਹਾਦੀ ਸ਼ਹੀਦ ਦੀ ਵਿਧਵਾ ਨਾਲ ਨਿਕਾਹ ਕਰਵਾਉਣ ਦਾ ਮਾਣ ਕਿਸੇ ਕਿਸੇ ਨੂੰ ਈ ਮਿਲਦਾ ਐ।" ਕਈ ਆਵਾਜ਼ਾਂ ਆਈਆਂ ਤੇ ਉਸ ਮੁੰਡੇ ਦੀ ਗੱਲ ਮੰਨ ਲਈ ਗਈ। ਉਸ ਦਾ ਨਾਂ ਅਨਵਰ ਅਲ-ਮਿਰਾਬੀ ਸੀ ਜੋ ਸਾਊਦੀ ਅਰਬ ਦਾ ਬਾਸ਼ਿੰਦਾ ਸੀ ਤੇ ਅੱਜਕੱਲ੍ਹ ਹਿਊਸਟਨ (ਟੈਕਸਸ) ਰਹਿੰਦਾ ਸੀ। ਅਗਲੇ ਦਿਨ ਮਸਜਿਦ 'ਚ ਦੋਹਾਂ ਦਾ ਨਿਕਾਹ ਹੋ ਗਿਆ। ਅਨਵਰ ਅਲ-ਮਿਰਾਬੀ ਆਪਣੀ ਨਵੀਂ ਬਣੀ ਬੇਗਮ ਮਾਰਲਿਨ ਨੂੰ ਉਸ ਦੇ ਪੰਜ ਬੱਚਿਆਂ ਸਮੇਤ ਲੈ ਕੇ ਹਿਊਸਟਨ ਚਲਾ ਗਿਆ। ਸ਼ਾਮ ਵੇਲੇ ਆਫੀਆ ਘਰ ਆਈ ਤਾਂ ਉਦਾਸ ਸੀ, ਪਰ ਅਮਜਦ ਨੇ ਉਸ ਵੱਲ ਖਾਸ ਧਿਆਨ ਨਾ ਦਿੱਤਾ। ਉਹ ਸਮਝਦਾ ਸੀ ਕਿ ਇਹ ਤਾਂ ਇਸ ਦਾ ਨਿੱਤ ਦਾ ਕੰਮ ਐ। ਇਹ ਕਿਸੇ ਨਾ ਕਿਸੇ ਚੈਰਿਟੀ ਸਮਾਗਮ 'ਚੋਂ ਆਈ ਹੋਵੇਗੀ। ਇਸ ਤੋਂ ਅੱਗੇ ਅਮਜਦ ਦਾ ਨਾ ਹੀ ਕਦੇ ਧਿਆਨ ਗਿਆ ਸੀ ਤੇ ਨਾ ਹੀ ਜਾ ਸਕਦਾ ਸੀ ਕਿ ਇਹ ਤਾਂ ਬਹੁਤ ਸਮਰਪਿਤ ਜਹਾਦੀ ਵੀ ਹੈ।

ਉਧਰ ਕੇਅਰ ਬ੍ਰਦਰਜ਼ ਅਤੇ ਆਫੀਆ ਵਗੈਰਾ ਸਮਝਦੇ ਸਨ ਕਿ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਦਾ ਕਿਸੇ ਨੂੰ ਪਤਾ ਨਹੀਂ ਹੈ, ਪਰ ਇਹ ਸੱਚ ਨਹੀਂ ਸੀ; ਕਿਉਂਕਿ ਐਫ.ਬੀ.ਆਈ. ਹਰ ਚੈਰਿਟੀ ਜਥੇਬੰਦੀ ਦੇ ਮਗਰ ਪਈ ਹੋਈ ਸੀ। ਕੇਅਰ ਬ੍ਰਦਰਜ਼ ਦੇ ਤਾਂ ਖਾਸ ਕਰ ਕੇ। ਕੇਅਰ ਬ੍ਰਦਰਜ਼ ਦੇ ਸਾਰੇ ਫੋਨ ਟੈਪ ਹੁੰਦੇ ਸਨ। ਜਿਉਂ ਹੀ ਐਫ.ਬੀ.ਆਈ. ਨੂੰ ਪਤਾ ਲੱਗਿਆ ਕਿ ਬਸਮ ਕੁੰਜ ਮਾਰਿਆ ਗਿਆ ਹੈ ਤਾਂ ਉਹ ਅੱਗੇ ਦੀ ਕਾਰਵਾਈ ਵੇਖਣ ਲਈ ਸਾਵਧਾਨ ਹੋ ਗਏ। ਇਸੇ ਕਰ ਕੇ ਮਾਰਲਿਨ ਅਤੇ ਅਨਵਰ ਅਲ-ਮਿਰਾਬੀ ਦੇ ਨਿਕਾਹ ਦਾ ਐਫ.ਬੀ.ਆਈ. ਨੂੰ ਤੁਰੰਤ ਪਤਾ ਲੱਗ ਗਿਆ। ਉਨ੍ਹਾਂ ਹਿਊਸਟਨ ਵਿਚਲੀ ਬਰਾਂਚ ਨੂੰ ਇਸ ਦੀ ਇਤਲਾਹ ਦਿੱਤੀ ਤੇ ਉਹ ਅਨਵਰ ਅਲ-ਮਿਰਾਬੀ ਦੇ ਮਗਰ ਲੱਗ ਗਏ।

ਆਫੀਆ ਨੇ ਆਪਣਾ ਥੀਸਸ ਪੂਰਾ ਕਰ ਕੇ ਜਮ੍ਹਾਂ ਕਰਵਾ ਦਿੱਤਾ। ਇਸ ਦੇ ਨਾਲ ਹੀ ਉਸ ਨੇ ਮਾਸਟਰਜ਼ ਡਿਗਰੀ ਵੀ ਪੂਰੀ ਕਰ ਲਈ ਸੀ। ਇਹ ਸਾਰਾ ਕੁਝ ਉਸ ਨੇ ਚਾਰ ਸਾਲ ਦੇ ਮਿੱਥੇ ਸਮੇਂ ਤੋਂ ਵੀ ਪਹਿਲਾਂ ਹੀ ਕਰ ਲਿਆ। ਇਹ ਰਿਕਾਰਡ ਹੀ ਸੀ। ਉਹ ਵੀ ਉਦੋਂ ਜਦੋਂ ਉਸ ਨੇ ਇਸ ਵਿਚਕਾਰ ਦੋ ਬੱਚਿਆਂ ਨੂੰ ਜਨਮ ਵੀ ਦਿੱਤਾ ਅਤੇ ਆਪਣੀਆਂ ਦੂਜੀਆਂ ਸਰਗਰਮੀਆਂ 'ਚ ਵੀ ਪੂਰੀ ਤਰ੍ਹਾਂ ਰੁੱਝੀ ਰਹੀ। ਇਸ ਪਿੱਛੋਂ ਉਸ ਦੇ ਮਨ-ਮਸਤਕ 'ਤੋਂ ਇੱਕ ਕਿਸਮ ਦਾ ਭਾਰ ਜਿਹਾ ਲਹਿ ਗਿਆ। ਉਹ ਪੜ੍ਹਾਈ ਅਤੇ ਕਾਲਜ ਦਾ ਖਹਿੜਾ ਛੱਡ ਚੁੱਕੀ ਸੀ। ਹੋਰ ਸਭ ਦੇ ਨਾਲ ਉਸ ਨੇ ਆਪਣਾ ਪਹਿਰਾਵਾ ਵੀ ਬਦਲ ਲਿਆ। ਉਹ ਲੰਬਾ ਬੁਰਕਾ ਪਹਿਨਣ ਲੱਗੀ ਜਿਸ ਵਿਚੋਂ ਉਸ ਦੀਆਂ ਸਿਰਫ ਦਗਦੀਆਂ ਹੋਈਆਂ ਅੱਖਾਂ ਹੀ ਨਜ਼ਰ ਆਉਂਦੀਆਂ ਸਨ।

ਉਧਰ ਅਮਜਦ ਨੇ ਪੜ੍ਹਾਈ ਵਿਚ ਚੰਗਾ ਮਾਅਰਕਾ ਮਾਰਿਆ ਸੀ। ਉਸ ਨੇ ਆਪਣੀ ਅਨੈਸਥੀਸੀਆਲੋਜੀ ਦੀ ਰੈਜੀਡੈਂਸੀ ਵਿਚ ਸਾਰੀ ਕਲਾਸ 'ਚੋਂ ਟਾਪ ਕੀਤਾ ਸੀ। ਉਸ ਦੀ ਇਸ ਪ੍ਰਾਪਤੀ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਅਮੈਰਿਕਨ ਐਸੋਸੀਏਸ਼ਨ ਆਫ ਅਨੈਸਥੀਸੀਆਲੋਜੀ ਦੇ ਨੈਸ਼ਨਲ ਨਿਊਜ਼ ਲੈਟਰ ਦਾ ਚੀਫ ਐਡੀਟਰ ਬਣਾ ਦਿੱਤਾ ਗਿਆ। ਉਹ ਡਾਕਟਰੀ ਦੇ ਖੇਤਰ ਵਿਚ ਹੱਦੋਂ ਵੱਧ ਮੱਲਾਂ ਮਾਰ ਰਿਹਾ ਸੀ। ਇਸ ਪਿੱਛੋਂ ਉਸ ਨੇ ਹਾਵਰਡ ਯੂਨੀਵਰਸਿਟੀ ਦੇ ਹੈਲਥ ਸੈਂਟਰ ਵਿਚ ਮਾਸਟਰਜ਼ ਦੀ ਡਿਗਰੀ ਲਈ ਅਪਲਾਈ ਕਰ ਦਿੱਤਾ। ਉਸ ਨੂੰ ਦਾਖਲਾ ਮਿਲ ਗਿਆ ਤੇ ਉਸ ਨੇ ਪੜ੍ਹਾਈ ਸ਼ੁਰੂ ਕਰ ਦਿੱਤੀ, ਪਰ ਆਫੀਆ ਦਾ ਧਿਆਨ ਇਸ ਵੇਲੇ ਕਿਤੇ ਹੋਰ ਸੀ। ਉਹ ਇਸ ਵੇਲੇ ਜਹਾਦੀ ਵੈਬ ਸਾਈਟ 'ਤੇ ਬਹੁਤ ਸਾਰਾ ਕੰਮ ਕਰ ਰਹੀ ਸੀ। ਅੱਜਕੱਲ੍ਹ ਉਹ ਜਹਾਦ ਵਿਚ ਮਾਰੇ ਜਾ ਰਹੇ ਜਹਾਦੀਆਂ ਦੀਆਂ ਜੀਵਨੀਆਂ ਵੈਬ ਸਾਈਟ 'ਤੇ ਪਾ ਰਹੀ ਸੀ। ਉਹ ਹਰ ਅਜਿਹਾ ਆਰਟੀਕਲ ਵੈਬ ਸਾਈਟ 'ਤੇ ਪਾਉਂਦੀ ਜਿਸ ਨਾਲ ਨਵੇਂ ਲੋਕਾਂ ਨੂੰ ਜਹਾਦ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਮਿਲੇ। ਇਸ ਤੋਂ ਇਲਾਵਾ ਉਹ ਇੰਟਰਨੈਟ 'ਤੇ ਇਸਲਾਮਿਕ ਬਹਿਸਾਂ 'ਚ ਵੀ ਹਿੱਸਾ ਲੈਂਦੀ ਸੀ। ਸਾਰਾ ਦਿਨ ਉਸ ਦਾ ਇਸ ਤਰ੍ਹਾਂ ਦੀਆਂ ਬਹਿਸਾਂ ਵਿਚ ਹਿੱਸਾ ਲੈਂਦਿਆਂ ਹੀ ਗੁਜ਼ਰਦਾ ਸੀ, ਪਰ ਉਹ ਕਦੇ ਵੀ ਕੁਝ ਅਜਿਹਾ ਨਹੀਂ ਸੁਣ ਸਕਦੀ ਸੀ ਜੋ ਜਹਾਦ ਦੀ ਸਰਾਹਨਾ ਨਾ ਕਰਦਾ ਹੋਵੇ। ਜੇ ਕੋਈ ਕਹਿੰਦਾ ਕਿ ਮੁਸਲਮਾਨਾਂ ਨੂੰ ਕੁਰਾਨ ਦੀ ਪਾਲਣਾ ਕਰਦਿਆਂ ਸ਼ਾਂਤੀ ਅਤੇ ਸਦਭਾਵਨਾ ਨਾਲ ਇਸ ਮੁਲਕ ਵਿਚ ਰਹਿਣਾ ਚਾਹੀਦਾ ਹੈ ਤਾਂ ਉਸ ਨੂੰ ਲੱਗਦਾ ਕਿ ਇਸ ਤਰ੍ਹਾਂ ਦੀ ਬੋਲੀ ਬੋਲਣ ਵਾਲੇ ਮੁਸਲਮਾਨ ਕੌਮ ਦੇ ਗੱਦਾਰ ਹਨ।

ਆਫੀਆ ਦੀ ਵੱਡੀ ਭੈਣ ਫੌਜ਼ੀਆ ਵਿਆਹੀ ਵਰੀ ਤੇ ਬਾਲ ਬੱਚੇਦਾਰ ਸੀ। ਉਹ ਆਪਣੇ ਡਾਕਟਰੀ ਖੇਤਰ ਨਿਊਰੋਲੋਜੀ 'ਚ ਫੈਲੋਸ਼ਿਪ ਕਰਨ ਲਈ ਬੋਸਟਨ ਆਈ ਤਾਂ ਆਪਣੇ ਬੱਚਿਆਂ ਨੂੰ ਵੀ ਇੱਥੇ ਲੈ ਆਈ। ਇੱਥੇ ਆ ਕੇ ਉਸ ਨੇ ਵੇਖਿਆ ਕਿ ਆਫੀਆ ਪਹਿਲਾਂ ਵਾਲੀ ਆਫੀਆ ਨਹੀਂ ਰਹਿ ਗਈ ਸੀ। ਫੌਜ਼ੀਆ ਨੂੰ ਲੱਗਿਆ ਕਿ ਉਸ ਦੀ ਚੰਚਲਤਾ ਅਤੇ ਮਾਸੂਮੀਅਤ ਗਾਇਬ ਹੋ ਚੁੱਕੀ ਹੈ। ਅੰਦਰਲੀਆਂ ਗੱਲਾਂ ਦਾ ਉਸ ਨੂੰ ਕੁਝ ਪਤਾ ਨਹੀਂ ਸੀ। ਉਸ ਨੇ ਇਸ ਦਾ ਕਾਰਨ ਇਹੀ ਕੱਢਿਆ ਕਿ ਸ਼ਾਇਦ ਅਮਜਦ ਆਫੀਆ ਨੂੰ ਤੰਗ ਕਰਦਾ ਹੈ। ਉਸ ਨੇ ਇਸ ਬਾਰੇ ਆਫੀਆ ਨਾਲ ਲੰਬੀ ਚੌੜੀ ਗੱਲਬਾਤ ਕੀਤੀ। ਜਦੋਂ ਆਫੀਆ ਨੇ ਉਸ ਦੀਆਂ ਗੱਲਾਂ 'ਚ ਬਹੁਤੀ ਦਿਲਚਸਪੀ ਨਾ ਵਿਖਾਈ ਤਾਂ ਫੌਜ਼ੀਆ ਨੂੰ ਲੱਗਿਆ ਕਿ ਸ਼ਾਇਦ ਇਸ ਨੂੰ ਅਮਜਦ ਨੇ ਬਹੁਤ ਡਰਾ ਧਮਕਾ ਕੇ ਰੱਖਿਆ ਹੋਇਆ ਹੈ। ਇਨ੍ਹਾਂ ਹੀ ਦਿਨਾਂ ਵਿਚ ਆਫੀਆ, ਅਮਜਦ ਨੂੰ ਕਿਸੇ ਫੰਡ ਰੇਜ਼ਿੰਗ ਸਮਾਗਮ ਵਿਚ ਲੈ ਗਈ। ਉਥੇ ਉਹ ਇੰਨੀ ਭਾਵੁਕ ਹੋ ਗਈ ਕਿ ਉਸ ਨੇ ਅਮਜਦ ਵੱਲੋਂ ਕਿਸੇ ਵੇਲੇ ਉਸ ਨੂੰ ਭੇਟ ਕੀਤੀ ਕੀਮਤੀ ਅੰਗੂਠੀ ਦਾਨ ਕਰ ਦਿੱਤੀ। ਇਸ ਤੋਂ ਅਮਜਦ ਚਿੜ੍ਹ ਉਠਿਆ। ਉਸ ਨੇ ਆਫੀਆ ਨੂੰ ਇਸ਼ਾਰੇ ਨਾਲ ਸਮਝਾਇਆ ਕਿ ਜੋ ਹੋ ਗਿਆ, ਸੋ ਹੋ ਗਿਆ; ਹੁਣ ਉਹ ਇੱਥੋਂ ਉਠੇ ਤੇ ਘਰ ਨੂੰ ਚੱਲੀਏ, ਪਰ ਆਫੀਆ ਤਾਂ ਭਾਵੁਕਤਾ ਦੇ ਸਾਗਰ ਵਿਚ ਡੁੱਬੀ ਹੋਈ ਸੀ। ਉਸ ਨੇ ਅਮਜਦ ਦੀ ਕੋਈ ਗੱਲ ਨਾ ਸੁਣੀ। ਉਹ ਆਪਣੀ ਤਕਰੀਰ ਕਰਦੀ ਰਹੀ। ਉਧਰ ਬੱਚੇ ਵੀ ਘਰ ਜਾਣ ਦੀ ਜ਼ਿਦ ਕਰ ਰਹੇ ਸਨ।

ਅਮਜਦ ਅਪਸੈਟ ਹੋ ਗਿਆ। ਉਹ ਆਫੀਆ ਨੂੰ ਇਕੱਲੀ ਨੂੰ ਛੱਡ ਕੇ ਵੀ ਨਹੀਂ ਜਾ ਸਕਦਾ ਸੀ। ਆਖਰ ਕਿਧਰੇ ਦੇਰ ਰਾਤ ਸਮਾਗਮ ਖਤਮ ਹੋਇਆ। ਬੱਚੇ ਕਾਰ ਵਿਚ ਸੁੱਤੇ ਪਏ ਸਨ। ਕਾਰ ਵਿਚ ਬਹਿੰਦੇ ਸਾਰ ਉਹ ਘਰ ਨੂੰ ਤੁਰੇ ਤਾਂ ਅਮਜਦ ਨੇ ਆਫੀਆ ਨੂੰ ਅੰਗੂਠੀ ਦਾਨ ਕਰਨ ਬਾਰੇ ਬੁਰਾ ਭਲਾ ਕਿਹਾ। ਇਸ ਗੱਲ 'ਤੇ ਆਫੀਆ ਨੇ ਉਸ ਦਾ ਮਜ਼ਾਕ ਉਡਾਇਆ। ਹੌਲੀ-ਹੌਲੀ ਚੱਲਦੀਆਂ ਗੱਲਾਂ ਆਖਰ ਗਰਮੀ ਫੜ ਗਈਆਂ। ਜਦੋਂ ਉਹ ਘਰ ਪਹੁੰਚੇ ਤਾਂ ਉਹ ਬੁਰੀ ਤਰ੍ਹਾਂ ਬਹਿਸ ਰਹੇ ਸਨ। ਘਰੇ ਜਾ ਕੇ ਅਮਜਦ, ਬੱਚੇ ਨੂੰ ਬੋਤਲ ਨਾਲ ਦੁੱਧ ਪਿਲਾਉਣ ਲੱਗਿਆ। ਆਫੀਆ ਬਹਿਸ ਕਰਦੀ ਉਸ ਨਾਲ ਹੱਥੋਪਾਈ ਹੋ ਗਈ ਤਾਂ ਬੋਤਲ ਉਸ ਦੇ ਮੂੰਹ 'ਤੇ ਕਸੂਤੀ ਵੱਜ ਗਈ। ਸਿੱਟੇ ਵਜੋਂ ਉਸ ਦੇ ਮੂੰਹ 'ਤੇ ਜ਼ਖ਼ਮ ਹੋ ਗਿਆ ਤੇ ਖੂਨ ਨਿਕਲਣ ਲੱਗਿਆ। ਅਮਜਦ ਨੇ ਉਸੇ ਵੇਲੇ ਕਿਸੇ ਦੋਸਤ ਡਾਕਟਰ ਨੂੰ ਫੋਨ ਕੀਤਾ ਤੇ ਆਫੀਆ ਦੇ ਜ਼ਖ਼ਮ ਦੀ ਸਟਿਚਿੰਗ ਕਰਵਾ ਕੇ ਲਿਆਇਆ। ਉਸ ਪਿੱਛੋਂ ਦੋਹਾਂ ਦਰਮਿਆਨ ਤਲਖ਼ੀ ਤਕਰੀਬਨ ਖਤਮ ਹੋ ਗਈ। ਅਗਲੇ ਦਿਨ ਆਫੀਆ, ਫੌਜ਼ੀਆ ਕੋਲ ਆਪਣੇ ਬੱਚੇ ਛੱਡਣ ਗਈ ਤਾਂ ਉਸ ਨੇ ਮੂੰਹ 'ਤੇ ਸਟਿਚਿੰਗ ਦੇ ਨਿਸ਼ਾਨ ਬਾਰੇ ਪੁੱਛਿਆ। ਆਫੀਆ ਦੇ ਸਾਰੀ ਹਕੀਕਤ ਦੱਸਣ ਪਿੱਛੋਂ ਫੌਜ਼ੀਆ




*ਜਹਾਦੀ ਹਮਲੇ ਬਾਰੇ ਪ੍ਰਸਿੱਧ ਪਰਚੇ 'ਟਾਈਮ' ਦਾ ਕਵਰ।*

ਨੇ ਸਭ ਤੋਂ ਪਹਿਲਾਂ ਆਫੀਆ ਦੇ ਮੂੰਹ ਦੀਆਂ ਫੋਟੋਆਂ ਲਈਆਂ। ਫਿਰ ਉਹ ਉਸ ਨੂੰ ਭੜਕਾਉਣ ਲੱਗੀ। ਆਖਰ ਆਫੀਆ ਉਸ ਦੀਆਂ ਗੱਲਾਂ 'ਚ ਆ ਗਈ। ਸ਼ਾਮ ਵੇਲੇ ਜਦੋਂ ਅਮਜਦ ਉਥੇ ਆਇਆ ਤਾਂ ਫੌਜ਼ੀਆ ਨੇ ਦਰਵਾਜ਼ਾ ਨਾ ਖੋਲ੍ਹਿਆ। ਅਮਜਦ ਨੂੰ ਇਹ ਗੱਲ ਖਟਕ ਗਈ ਕਿ ਫੌਜ਼ੀਆ ਨੇ ਵਿਚ ਪੈ ਕੇ ਸਾਡੇ ਆਪਸੀ ਮਾਮਲੇ ਨੂੰ ਤੂਲ ਦੇ ਦਿੱਤੀ ਹੈ। ਅਗਲੇ ਦਿਨ ਉਹ ਫੋਨ ਕਰਦਾ ਰਿਹਾ ਪਰ ਕਿਸੇ ਨੇ ਫੋਨ ਨਾ ਚੁੱਕਿਆ। ਉਸ ਦਾ ਮਨ ਬਹੁਤ ਖਰਾਬ ਹੋ ਗਿਆ। ਤੀਜੇ ਦਿਨ ਉਸ ਨੇ ਫੋਨ ਕੀਤਾ ਤਾਂ ਆਫੀਆ ਨੇ ਫੋਨ ਚੁੱਕਦਿਆਂ ਹੌਲੇ ਜਿਹੇ 'ਹੈਲੋ' ਕਹੀ।

"ਆਫੀਆ ਕੀ ਗੱਲ ਹੋ ਗਈ? ਨਾ ਤੂੰ ਮੁੜ ਕੇ ਘਰ ਆਈ ਐਂ, ਨਾ ਫੋਨ ਚੁੱਕ ਰਹੀ ਐਂ?"

"ਉਹ ਫੌਜ਼ੀਆ ਆਪਾ..।" ਇੰਨਾ ਕਹਿ ਕੇ ਉਹ ਚੁੱਪ ਹੋ ਗਈ।

"ਆਫੀਆ ਵੇਖ, ਇਹ ਆਪਣਾ ਆਪਸੀ ਮਾਮਲਾ ਐ। ਚੰਗਾ ਐ ਕਿ ਇਸ ਨੂੰ ਆਪਾਂ ਆਪ ਈ ਨਜਿੱਠ ਲਈਏ।"

"ਚੰਗਾ ਅੱਜ ਸ਼ਾਮ ਵੇਲੇ ਆ ਜਾਵੀਂ। ਉਸ ਵੇਲੇ ਫੌਜ਼ੀਆ ਆਪਾ ਘਰ ਨਹੀਂ ਹੋਵੇਗੀ।"

ਉਸੇ ਸ਼ਾਮ ਅਮਜਦ ਫੌਜ਼ੀਆ ਦੇ ਘਰ ਗਿਆ ਤਾਂ ਆਫੀਆ ਨੇ ਦਰਵਾਜ਼ਾ ਖੋਲ੍ਹ ਦਿੱਤਾ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਂਜ ਵੀ ਕਾਫੀ ਉਦਾਸ ਦਿਸ ਰਹੀ ਸੀ। ਅਮਜਦ ਨੇ ਉਸ ਦਿਨ ਲਈ ਮੁਆਫੀ ਮੰਗੀ। ਆਫੀਆ ਦਾ ਰੰਗ ਇੱਕਦਮ ਬਦਲ ਗਿਆ। ਉਹ ਉਚੀ ਬੋਲਣ ਲੱਗੀ। ਬੋਲਦੀ-ਬੋਲਦੀ ਉਹ ਅਮਜਦ ਦੇ ਕੋਲ ਆ ਗਈ ਤੇ ਉਸ ਦੀ ਛਾਤੀ 'ਚ ਮੁੱਕੀਆਂ ਮਾਰਨ ਲੱਗੀ। ਅਮਜਦ ਚੁੱਪ-ਚਾਪ ਖੜ੍ਹਾ ਰਿਹਾ। ਹੌਲੀ-ਹੌਲੀ ਆਫੀਆ ਦੇ ਹੱਥ ਰੁਕਦੇ ਗਏ। ਫਿਰ ਉਸ ਨੇ ਅਮਜਦ ਦੁਆਲੇ ਬਾਹਾਂ ਵਲ ਲਈਆਂ ਤੇ ਉਚੀ-ਉਚੀ ਰੋਣ ਲੱਗੀ। ਅਮਜਦ ਨੇ ਉਸ ਨੂੰ ਚੁੱਪ ਕਰਾਇਆ। ਜਦੋਂ ਸ਼ਾਮ ਵੇਲੇ ਫੌਜ਼ੀਆ ਘਰ ਆਈ ਤਾਂ ਉਸ ਨੇ ਵੇਖਿਆ ਕਿ ਆਫੀਆ ਆਪਣੇ ਬੱਚਿਆਂ ਸਮੇਤ ਜਾ ਚੁੱਕੀ ਸੀ। ਇਸ ਪਿੱਛੋਂ ਅਮਜਦ ਨੇ ਸੋਚਿਆ ਕਿ ਇੱਥੋਂ ਕਿਧਰੇ ਦੂਰ ਮੂਵ ਹੋ ਜਾਇਆ ਜਾਵੇ ਤਾਂ ਕਿ ਅੱਗੇ ਤੋਂ ਫੌਜ਼ੀਆ ਘਰੇਲੂ ਮਸਲਿਆਂ 'ਚ ਦਖਲ ਨਾ ਦੇ ਸਕੇ। ਜੂਨ 2001 ਨੂੰ ਉਸ ਨੇ ਗਰੈਂਡਾ ਹਾਈਟਸ ਨਾਂ ਦੇ ਇਲਾਕੇ ਵਿਚ ਵੱਡਾ ਅਪਾਰਟਮੈਂਟ ਲੈ ਲਿਆ। ਇਹ ਕਾਫੀ ਵੱਡਾ ਸੀ। ਇਸ ਕਰ ਕੇ ਉਸ ਨੇ ਇਸ ਦਾ ਇੱਕ ਕਮਰਾ ਆਪਣੇ ਨਾਲ ਕੰਮ ਕਰਦੇ ਸਾਊਦੀ ਅਰਬ ਦੇ ਬਾਸ਼ਿੰਦੇ ਨੂੰ ਕਿਰਾਏ 'ਤੇ ਦੇ ਦਿੱਤਾ।

ਜ਼ਿੰਦਗੀ ਫਿਰ ਤੋਂ ਵਧੀਆ ਢੰਗ ਨਾਲ ਗੁਜ਼ਰਨ ਲੱਗੀ। ਇਨ੍ਹਾਂ ਹੀ ਦਿਨਾਂ 'ਚ ਉਸਾਮਾ ਬਿਨ-ਲਾਦਿਨ ਦੀ ਵੀਡੀਓ ਟੇਪ ਚੈਨਲਾਂ 'ਤੇ ਚੱਲਣ ਲੱਗੀ। ਪਹਿਲੀ ਵਾਰ ਉਹ ਬਹੁਤ ਖੁੱਲ੍ਹ ਕੇ ਬੋਲ ਰਿਹਾ ਸੀ। ਅਮਰੀਕਾ ਦੇ ਉਹ ਬਹੁਤ ਹੀ ਖਿਲਾਫ ਸੀ। ਸੁਣਨ ਵਾਲੇ ਆਪੋ-ਆਪਣੇ ਅੰਦਾਜ਼ੇ ਲਾਉਣ ਲੱਗੇ ਕਿ ਇਸ ਦਾ ਮਤਲਬ ਕੀ ਹੋਇਆ ਕਿ ਉਸਾਮਾ ਬਿਨ-ਲਾਦਿਨ ਇੱਕਦਮ ਪਬਲਿਕ ਮੂਹਰੇ ਇੰਨੇ ਜ਼ੋਰਦਾਰ ਢੰਗ ਨਾਲ ਆਇਆ ਹੈ। ਕੇਅਰ ਬ੍ਰਦਰਜ ਵਰਗੀਆਂ ਜਥੇਬੰਦੀਆਂ ਵੀ ਕੁਝ ਸਮਝ ਨਾ ਸਕੀਆਂ।

ਉਧਰ ਮਾਰਲਿਨ ਆਪਣੇ ਨਵੇਂ ਖਾਵੰਦ ਅਨਵਰ ਅਲ ਮਿਰਾਬੀ ਨਾਲ ਹਿਊਸਟਨ ਤੋਂ ਚੱਲ ਕੇ ਬੋਸਟਨ ਪਹੁੰਚੀ। ਇਹ ਸਾਰਾ ਸਫਰ ਉਨ੍ਹਾਂ ਨੇ ਕਾਰ ਰਾਹੀਂ ਤੈਅ ਕੀਤਾ। ਵੱਡੀ ਗੱਲ ਉਸ ਵੇਲੇ ਮਾਰਲਿਨ ਗਰਭਵਤੀ ਸੀ ਤੇ ਬੱਚੇ ਦੀ ਡਲਿਵਰੀ ਵਿਚ ਵੀ ਜ਼ਿਆਦਾ ਵਕਤ ਨਹੀਂ ਸੀ। ਐਫ.ਬੀ.ਆਈ. ਇਸ ਜੋੜੇ ਦੀਆਂ ਹਰਕਤਾਂ ਨੋਟ ਕਰ ਰਹੀ ਸੀ, ਪਰ ਉਨ੍ਹਾਂ ਨੂੰ ਵੀ ਸਮਝ ਨਾ ਲੱਗੀ ਕਿ ਇਹ ਇਸ ਤਰ੍ਹਾਂ ਬੋਸਟਨ ਵਿਚ ਕੀ ਕਰਨ ਆਏ ਹੋਏ ਹਨ। ਮਾਰਲਿਨ ਹੋਰਾਂ ਨੇ ਉਥੇ ਦੇ ਦੋਸਤਾਂ ਨੂੰ ਦੱਸਿਆ ਕਿ ਪਹਿਲੇ ਬੱਚੇ ਦੀ ਡਲਿਵਰੀ ਉਹ ਬੋਸਟਨ 'ਚ ਚਾਹੁੰਦੇ ਹਨ, ਇਸੇ ਲਈ ਉਹ ਇੱਥੇ ਆਏ ਹਨ। ਇਸ ਵਿਚਕਾਰ ਉਹ ਖਾਸ ਦੋਸਤਾਂ ਮਿੱਤਰਾਂ ਨੂੰ ਮਿਲਦੇ ਰਹੇ। ਉਨ੍ਹਾਂ ਨੂੰ ਬਹੁਤ ਹੀ ਮਾਣ ਸਤਿਕਾਰ ਦਿੱਤਾ ਗਿਆ। ਕਈ ਦਿਨਾਂ ਪਿੱਛੋਂ 29 ਅਗਸਤ 2001 ਨੂੰ ਮਾਰਲਿਨ ਨੇ ਮੁੰਡੇ ਨੂੰ ਜਨਮ ਦਿੱਤਾ। ਇਸ ਦੇ ਹਫਤਾ ਪਿੱਛੋਂ ਉਹ ਉਵੇਂ ਹੀ ਕਾਰ ਰਾਹੀਂ ਵਾਪਸ ਚਲੇ ਗਏ। ਜਾਣ ਤੋਂ ਪਹਿਲਾਂ ਮਾਰਲਿਨ, ਆਫੀਆ ਨੂੰ ਪਾਸੇ ਲਿਜਾਂਦਿਆਂ ਬੋਲੀ, "ਉਹ ਵੱਡਾ ਦਿਨ ਆਉਣ ਵਾਲਾ ਐ ਜਿਸ ਦੀ ਆਪਾਂ ਨੂੰ ਚਿਰਾਂ ਤੋਂ ਉਡੀਕ ਐ।"

"ਮਾਰਲਿਨ ਜ਼ਰਾ ਵਿਸਥਾਰ ਨਾਲ ਦੱਸ।" ਆਫੀਆ ਨੂੰ ਖੁਸ਼ੀ ਭਰਿਆ ਅਚੰਭਾ ਹੋਇਆ।

"ਬੱਸ ਇਸ ਵੇਲੇ ਮੈਂ ਇੰਨਾ ਈ ਕਹਿ ਸਕਦੀ ਆਂ ਕਿ ਬਹੁਤ ਕੁਝ ਵੱਡਾ ਹੋਣ ਜਾ ਰਿਹਾ ਐ ਜਿਸ ਨੇ ਸਾਰੀ ਦੁਨੀਆਂ ਹਿਲਾ ਦੇਣੀ ਐਂ।"

"ਇੰਸ਼ਾ ਅੱਲਾ ਐਸਾ ਈ ਹੋਵੇ।" ਆਫੀਆ ਨੂੰ ਇਹ ਤਾਂ ਪਤਾ ਸੀ ਕਿ ਉਸਾਮਾ ਬਿਨ-ਲਾਦਿਨ ਦੀ ਹਦਾਇਤ 'ਤੇ ਜਹਾਦੀ ਗਰੁਪ ਕੁਝ ਅਜਿਹਾ ਕਰਨ ਵਾਲੇ ਨੇ ਜਿਸ ਨੇ ਵਾਕਿਆ ਹੀ ਤਹਿਲਕਾ ਮਚਾ ਦੇਣਾ ਹੈ, ਪਰ ਉਹ ਹੈ ਕੀ, ਇਸ ਬਾਰੇ ਉਸ ਨੂੰ ਕੋਈ ਪਤਾ ਨਹੀਂ ਸੀ। ਨਾ ਹੀ ਉਸ ਨੇ ਮਾਰਲਿਨ ਨੂੰ ਇਸ ਬਾਰੇ ਵਿਸਥਾਰ ਨਾਲ ਪੁੱਛਣਾ ਜ਼ਰੂਰੀ ਸਮਝਿਆ।

ਐਫ.ਬੀ.ਆਈ. ਆਪਣੇ ਅੰਦਾਜ਼ੇ ਲਾਉਂਦੀ ਰਹੀ ਕਿ ਇਸ ਜੋੜੇ ਦਾ ਇਸ ਮੁਕਾਮ 'ਤੇ ਇੱਥੇ ਆਉਣ ਦਾ ਕੀ ਕੰਮ ਹੋਇਆ! ਟੀ.ਵੀ. ਚੈਨਲ ਆਪਣੇ ਦਿਮਾਗ ਲੜਾਉਂਦੇ ਰਹੇ ਕਿ ਉਸਾਮਾ ਬਿਨ-ਲਾਦਿਨ ਦੀ ਥੋੜ੍ਹੇ ਦਿਨ ਪਹਿਲਾਂ ਆਈ ਜ਼ੋਰਦਾਰ ਟੇਪ ਦਾ ਕੀ ਸੁਨੇਹਾ ਹੋਇਆ। ਉਧਰ ਆਫੀਆ ਆਪਣਾ ਦਿਮਾਗ ਖਪਾਉਂਦੀ ਰਹੀ ਕਿ ਮਾਰਲਿਨ ਦੀ ਗੱਲ ਦਾ ਕੀ ਮਤਲਬ ਹੋਇਆ। ਸਭ ਦੇ ਆਪਣੇ-ਆਪਣੇ ਅੰਦਾਜ਼ੇ ਸਨ, ਪਰ 11 ਸਤੰਬਰ 2001 ਦੇ ਦਿਨ ਸਭ ਦੇ ਭਰਮ-ਭੁਲੇਖੇ ਦੂਰ ਹੋ ਗਏ। ਉਸ ਦਿਨ ਆਫੀਆ ਸਵੇਰੇ ਵੇਲੇ ਖ਼ਬਰਾਂ ਸੁਣ ਰਹੀ ਸੀ। ਕਿਸੇ ਖਾਸ ਖ਼ਬਰ ਨੇ ਉਸ ਦੀਆਂ ਅੱਖਾਂ ਟੀ.ਵੀ. ਸਕਰੀਨ ਨਾਲ ਜੋੜ ਦਿੱਤੀਆਂ। ਖ਼ਬਰ ਆ ਰਹੀ ਸੀ,

"ਅੱਜ ਸਵੇਰੇ ਅਮੈਰਿਕਨ ਏਅਰਲਾਈਨਜ਼ ਦੀ ਫਲਾਈਟ ਨੰਬਰ 11 ਨੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਨੂੰ ਅੱਠ ਵੱਜ ਕੇ ਛਿਆਲੀ ਮਿੰਟ 'ਤੇ ਹਿੱਟ ਕੀਤਾ। ਇਸ ਦੇ ਠੀਕ ਸਤਾਰਾਂ ਮਿੰਟ ਪਿੱਛੋਂ ਯੁਨਾਈਟਡ ਏਅਰਲਾਈਨਜ਼ ਦੀ ਫਲਾਈਟ ਨੰਬਰ 175, ਸੈਂਟਰ ਦੇ ਸਾਊਥ ਟਾਵਰ ਨਾਲ ਟਕਰਾ ਗਈ। ਦੋਨੋਂ ਪਲੇਨ ਬੋਸਟਨ ਦੇ ਲੋਗਨ ਇੰਟਰਨੈਸ਼ਨਲ ਏਅਰਪੋਰਟ ਤੋਂ ਉਡੇ ਸਨ। ਉਥੋਂ ਉਡਣ ਪਿੱਛੋਂ ਇਨ੍ਹਾਂ ਨੂੰ ਹਾਈਜੈਕਰਾਂ ਨੇ ਅਗਵਾ ਕਰ ਲਿਆ ਤੇ ਫਿਰ ਆਪ ਹੀ ਚਲਾ ਕੇ ਇਨ੍ਹਾਂ ਨੂੰ ਵਰਲਡ ਟਰੇਡ ਸੈਂਟਰ ਦੇ ਨਾਰਥ ਅਤੇ ਸਾਊਥ ਟਾਵਰਾਂ ਵਿਚ ਲਿਆ ਮਾਰਿਆ। ਹਜ਼ਾਰਾਂ ਬੰਦੇ ਮਰ ਚੁੱਕੇ ਹਨ। ਹਜ਼ਾਰਾਂ ਹੀ ਢਹਿ ਰਹੇ ਇਨ੍ਹਾਂ ਟਾਵਰਾਂ ਦੇ ਅੰਦਰ ਘਿਰੇ ਹੋਏ ਹਨ। ਇਸ ਤੋਂ ਬਿਨਾਂ ਇੱਕ ਪਲੇਨ ਪੈਂਟਾਗਾਨ ਨਾਲ ਟਕਰਾ ਗਿਆ ਹੈ। ਇੱਕ ਹੋਰ ਅਗਵਾ ਹੋਇਆ ਪਲੇਨ ਹਾਈਜੈਕਰਾਂ ਨੇ ਪੈਨਸਲਵੇਨੀਆਂ ਦੇ ਖੇਤਾਂ ਵਿਚ ਸੁੱਟ ਦਿੱਤਾ ਹੈ।"

ਟੀ.ਵੀ. ਚੈਨਲ ਨੇ ਕੁਝ ਦੇਰ ਲਈ ਕੈਮਰਾ ਢਹਿ ਰਹੀਆਂ ਬਿਲਡਿੰਗਾਂ ਵੱਲ ਕਰ ਦਿੱਤਾ। ਉਥੇ ਮੌਤ, ਤਾਂਡਵ ਨਾਚ ਨੱਚ ਰਹੀ ਸੀ। ਹਰ ਪਾਸੇ ਉਪਰੋਂ ਹੇਠਾਂ ਡਿੱਗ ਕੇ ਮਰਦੇ ਲੋਕ ਵਿਖਾਈ ਦੇ ਰਹੇ ਸਨ। ਸੈਂਕੜੇ ਲੋਕਾਂ ਨੇ ਬਚਣ ਦੀ ਉਮੀਦ 'ਚ ਦਫਤਰਾਂ 'ਚੋਂ ਬਾਹਰ ਨਿਕਲ ਕੇ ਖਿੜਕੀਆਂ ਨੂੰ ਹੱਥ ਪਾਏ ਹੋਏ ਸਨ ਤੇ ਹੇਠਾਂ ਨੂੰ ਲਮਕ ਰਹੇ ਸਨ। ਜਿਸ ਕਿਸੇ ਦੇ ਵੀ ਹੱਥ ਛੁੱਟੇ ਪੈਂਦੇ, ਉਹ ਅੱਧ ਅਸਮਾਨੋਂ ਹੇਠਾਂ ਆ ਡਿੱਗਦਾ। ਹਰ ਪਾਸੇ ਲੋਕਾਂ ਦੀਆਂ ਦਰਦ ਭਿੰਨੀਆਂ ਚੀਕਾਂ ਸੁਣ ਰਹੀਆਂ ਸਨ। ਆਲੇ-ਦੁਆਲੇ ਗੂੜ੍ਹਾ ਗਰਦਾ ਛਾਇਆ ਹੋਇਆ ਸੀ। ਹਰ ਕੋਈ ਰੋ ਰਿਹਾ ਸੀ, ਬਲਕਿ ਸਾਰਾ ਅਮਰੀਕਾ ਰੋ ਰਿਹਾ ਸੀ। ਉਥੋਂ ਬਚ ਕੇ ਨਿਕਲੇ ਭੱਜਦੇ ਲੋਕਾਂ ਨਾਲ ਸੜਕਾਂ ਭਰੀਆਂ ਪਈਆਂ ਸਨ। ਦੋਵੇਂ ਟਾਵਰ ਧੂੰ-ਧੂੰ ਕਰਕੇ ਮੱਚ ਰਹੇ ਸਨ। ਖ਼ਬਰਾਂ ਸੁਣਾਉਣ ਵਾਲੀ ਐਂਕਰ ਬੋਲਣ ਲੱਗੀ, "ਸਰਕਾਰ ਨੂੰ ਪੱਕਾ ਸ਼ੱਕ ਐ ਕਿ ਅੱਜ ਦੀ ਇਸ ਅਤਿ-ਕਰੂਰ ਘਟਨਾ ਲਈ ਇੰਤਹਾਪਸੰਦ ਇਸਲਾਮੀ ਅਤਿਵਾਦੀ ਜ਼ਿੰਮੇਵਾਰ ਹਨ। ਬੋਸਟਨ ਸ਼ਹਿਰ ਵਿਚ ਅਲ-ਕਾਇਦਾ ਮੈਂਬਰਾਂ ਅਤੇ ਉਨ੍ਹਾਂ ਦੇ ਹਮਦਰਦਾਂ ਦੇ ਘਰੀਂ ਛਾਪੇ ਵੱਜਣੇ ਸ਼ੁਰੂ ਹੋ ਚੁੱਕੇ ਹਨ। ਖਬਰਾਂ ਜਾਰੀ ਰਹਿਣਗੀਆਂ...।"

**(ਚਲਦਾ)**

# ਕੌਰ ਤੇ ਮੰਗੇਸ਼ਕਰ ਭੈਣਾਂ

*(ਸਫਾ 21 ਦੀ ਬਾਕੀ)*

'ਪਦਮ ਵਿਭੂਸ਼ਨ' ਨਾਲ ਸਨਮਾਨਿਆ ਗਿਆ। ਪਹਿਲਾਂ ਇਹ ਮਾਣ ਲਤਾ ਨੂੰ ਪ੍ਰਾਪਤ ਸੀ ਪਰ 2011 ਵਿਚ 'ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਨੇ ਆਸ਼ਾ ਨੂੰ ਸੰਸਾਰ ਵਿਚ ਸਭ ਤੋਂ ਵੱਧ ਗੀਤ ਗਾ ਚੁੱਕੀ ਗਾਇਕਾ ਵਜੋਂ ਪਰਵਾਨ ਕਰ ਲਿਆ।

ਮੀਨਾ ਤੇ ਊਸ਼ਾ ਏਨਾਂ ਦਮ ਨਾ ਦਿਖਾ ਸਕੀਆਂ। ਮਰਾਠੀ ਵਿਚ ਚੰਗੀਆਂ ਪ੍ਰਸਿੱਧ ਹੋਣ ਦੇ ਬਾਵਜੂਦ ਉਨ੍ਹਾਂ ਦੇ ਪੈਰ ਹਿੰਦੀ ਫਿਲਮਾਂ ਵਿਚ ਨਾ ਲੱਗ ਸਕੇ। ਮੀਨਾ ਤਾਂ ਅਕਸਰ ਸਮੂਹਗਾਨਾਂ ਵਿਚ ਲਤਾ ਦੇ ਪਿੱਛੇ ਕਤਾਰ ਬੰਨ੍ਹ ਕੇ ਸੁਰ ਦਾ ਸਾਥ ਦੇਣ ਵਾਲੀਆਂ ਵਿਚ ਖਲੋਣ ਜੋਗੀ ਹੀ ਰਹੀ। ਊਸ਼ਾ, ਜੋ ਚਿਤਰਕਾਰ ਵੀ ਹੈ, ਦੇ ਗਾਇਕਾ ਵਜੋਂ ਭਾਗ ਜਾਗੇ ਤਾਂ ਸਹੀ, ਪਰ ਪੂਰੇ ਨਹੀਂ। 1975 ਵਿਚ ਉਹਨੇ ਹਿੰਦੀ ਫਿਲਮ 'ਜੈ ਸੰਤੋਸ਼ੀ ਮਾਂ' ਦੇ ਗੀਤ ਗਾਏ ਤਾਂ ਘਰ ਘਰ, ਖਾਸ ਕਰਕੇ ਹਿੰਦੂ ਪਰਿਵਾਰਾਂ ਵਿਚ ਊਸ਼ਾ ਊਸ਼ਾ ਹੋ ਗਈ! ਉਹਦਾ ਗੀਤ 'ਮੈਂ ਤੋ ਆਰਤੀ ਉਤਾਰੂੰ ਰੇ ਸੰਤੋਸ਼ੀ ਮਾਤਾ ਕੀ' ਕਿੰਨੇ ਹੀ ਸਾਲ ਗਲੀ ਗਲੀ ਗੂੰਜਦਾ ਰਿਹਾ। ਇਸ ਗੀਤ ਸਦਕਾ ਉਹ ਸਾਲ ਦੀ ਪ੍ਰਮੁੱਖ ਗਾਇਕਾ ਵਜੋਂ ਫਿਲਮ ਫੇਅਰ ਐਵਾਰਡ ਵਾਸਤੇ ਨਾਮਜ਼ਦ ਕੀਤੀ ਗਈ ਅਤੇ ਉਹਦੇ ਇਸੇ ਇਕ ਗੀਤ ਦੇ ਸਹਾਰੇ ਸਾਧਾਰਨ ਨਿਰਦੇਸ਼ਕ ਤੇ ਐਕਟਰਾਂ ਵਾਲੀ ਛੋਟੇ ਜਿਹੇ ਬਜਟ ਨਾਲ ਬਣਾਈ ਇਸ ਫਿਲਮ ਨੇ ਅਣਜਾਣੇ ਨਿਰਮਾਤਾ ਦੀਆਂ ਤਜੌਰੀਆਂ ਭਰ ਦਿੱਤੀਆਂ। ਇਸ ਫਿਲਮ ਦਾ ਅਤੇ ਇਸ ਗੀਤ ਦਾ ਜਾਦੂ ਅਜਿਹਾ ਚੱਲਿਆ ਕਿ ਲੱਖਾਂ ਹਿੰਦੂ ਔਰਤਾਂ ਕਲਪਿਤ ਸੰਤੋਸ਼ੀ ਮਾਂ ਦੇ ਨਾਂ ਦਾ ਮੰਗਲਵਾਰ ਦਾ ਵਰਤ ਰੱਖਣ ਲੱਗ ਪਈਆਂ। ਇਸ ਪਿੱਛੋਂ ਉਹਨੂੰ ਕਾਫ਼ੀ ਹਿੰਦੀ ਫਿਲਮਾਂ ਤਾਂ ਮਿਲੀਆਂ, ਪਰ ਹੱਕੀ ਪ੍ਰਸਿੱਧੀ ਨਹੀਂ, ਭਾਵੇਂ ਕਿ ਉਹ 1977 ਵਿਚ ਫਿਲਮ 'ਇਨਕਾਰ' ਲਈ ਗਾਏ 'ਮੈਂ ਗੁੜ ਕੀ ਡਲੀ' ਅਤੇ 1980 ਵਿਚ ਫਿਲਮ 'ਇਕਰਾਰ' ਲਈ ਗਾਏ 'ਹਮ ਸੇ ਨਜ਼ਰ ਤੋ ਮਿਲਾਓ' ਲਈ ਵੀ ਫਿਲਮ ਫੇਅਰ ਐਵਾਰਡ ਵਾਸਤੇ ਨਾਮਜ਼ਦ ਕੀਤੀ ਜਾਂਦੀ ਰਹੀ।

ਲਤਾ ਇਸ ਸ਼ਤਰੰਜ ਦੀ ਬੜੀ ਪੱਕੀ ਖਿਡਾਰਨ ਤਾਂ ਨਿੱਕਲੀ ਹੀ, ਕਿਸਮਤ ਨੇ ਵੀ ਉਹਦਾ ਸਾਥ ਦਿੱਤਾ। ਨੂਰਜਹਾਂ, ਆਪਣੀ ਸ਼ੈਲੀ ਵਿਕਸਿਤ ਕਰਨ ਤੋਂ ਪਹਿਲਾਂ, ਲਤਾ ਜਿਸ ਦੀ ਨਕਲ ਕਰਨ ਵਿਚ ਮਾਣ ਮਹਿਸੂਸ ਕਰਦੀ ਸੀ, ਪਾਕਿਸਤਾਨ ਚਲੀ ਗਈ। ਲੱਖਾਂ ਦਿਲਾਂ ਦੀ ਧੜਕਣ ਸੁਰਈਆ ਐਕਟਿੰਗ ਛੱਡਣ ਦੇ ਨਾਲ ਹੀ ਗਾਉਣਾ ਵੀ ਛੱਡ ਗਈ। ਗੀਤਾ ਦੱਤ, ਇਕੋ-ਇਕ ਗਾਇਕਾ ਜਿਸ ਦੀ ਆਵਾਜ਼ ਤੋਂ ਲਤਾ ਡਰਦੀ ਦੱਸੀ ਜਾਂਦੀ ਸੀ, ਆਤਮਘਾਤ ਕਰ ਗਈ। ਪਹਿਲਾਂ ਤੋਂ ਫਿਲਮੀ ਸੰਗੀਤ ਦੀ ਦੁਨੀਆਂ ਵਿਚ ਪ੍ਰਸਿੱਧੀ ਖੱਟ ਚੁੱਕੀਆਂ ਅਮੀਰਬਾਈ ਕਰਨਾਟਕੀ, ਉਮਾ ਦੇਵੀ ਤੇ ਸ਼ਮਸ਼ਾਦ ਬੇਗ਼ਮ ਅਤੇ ਆਪਣੀ ਆਵਾਜ਼ ਦੇ ਜਾਦੂ ਸਦਕਾ ਕਾਫ਼ੀ ਹਰਮਨਪਿਆਰੀਆਂ ਹੋਈਆਂ ਸਮਕਾਲੀ ਜਾਂ ਥੋੜ੍ਹਾ ਜਿਹਾ ਪਿਛੋਂ ਆਈਆਂ ਰਾਜ ਕੁਮਾਰੀ, ਸੁਧਾ ਮਲਹੋਤਰਾ, ਸੁਮਨ ਕਲਿਆਣਪੁਰ ਤੇ ਮੁਬਾਰਕ ਬੇਗ਼ਮ ਜਿਹੀਆਂ ਕਲਾਵਾਨਾਂ ਵਾਸਤੇ ਉਹਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਉਹ ਲਤਾ ਨੂੰ ਤੇ ਆਪਣੀ ਕਿਸਮਤ ਨੂੰ ਕੋਸਦੀਆਂ ਇਕ ਇਕ ਕਰ ਕੇ ਮੈਦਾਨ ਛੱਡ ਗਈਆਂ!

ਸਮਕਾਲੀਆਂ ਵਿਚ ਸ਼ਾਮਲ ਸੁਰਿੰਦਰ ਕੌਰ ਨੂੰ ਇਕ ਤਾਂ ਮੁੰਬਈ ਦਾ ਪੌਣ-ਪਾਣੀ ਰਾਸ ਨਾ ਆਇਆ, ਦੂਜੇ ਉਹਦੇ ਪਤੀ ਜੁਗਿੰਦਰ ਸਿੰਘ ਸੋਢੀ ਦੀ ਸੰਵਾਦ-ਲੇਖਕ ਬਣਨ ਦੀ ਇੱਛਾ ਨੂੰ ਬੂਰ ਨਾ ਪਿਆ ਅਤੇ ਤੀਜੇ, ਥੋੜ੍ਹਾ ਜਿਹਾ ਟੁੱਲ ਲਤਾ ਨੇ ਵੀ ਜ਼ਰੂਰ ਲਾਇਆ ਹੋਵੇਗਾ। ਉਹ ਵੀ 1952 ਵਿਚ ਦਿੱਲੀ ਪਰਤ ਆਈ। ਸਾਨੂੰ ਪੰਜਾਬੀਆਂ ਨੂੰ ਮੁੰਬਈ ਦੇ ਭੈੜੇ ਪੌਣ-ਪਾਣੀ ਦਾ, ਸੋਢੀ ਦੀ ਅਸਫ਼ਲਤਾ ਦਾ ਅਤੇ ਲਤਾ ਮੰਗੇਸ਼ਕਰ ਦੀ ਸ਼ਤਰੰਜ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਕਿਰਪਾ ਨਾਲ ਸਾਡੀ ਸੁਰਿੰਦਰ ਕੌਰ ਸਾਡੇ ਕੋਲ ਪਰਤ ਆਈ!

# ਮੋਗਾ ਘੋਲ: ਵਿਦਿਆਰਥੀ ਸੰਘਰਸ਼ ਦੇ ਸੁਰਖ ਸਫੇ

*ਪੰਜਾਬ ਦੇ ਸ਼ਾਨਾਂਮੱਤੇ ਇਤਿਹਾਸ ਵਿਚ 1972 ਵਾਲੇ ਮੋਗਾ ਘੋਲ ਦਾ ਬੜਾ ਮਹੱਤਵ ਰਿਹਾ ਹੈ। ਇਹ ਅਸਲ ਵਿਚ ਜੁਝਾਰੂਆਂ ਦੀ ਪੁਲਿਸ ਅਤੇ ਪ੍ਰਸ਼ਾਸਨ ਨਾਲ ਸਿੱਧੀ ਟੱਕਰ ਸੀ। ਇਸ ਘੋਲ ਦੀ ਸ਼ੁਰੂਆਤ ਭਾਵੇਂ ਸਿਨੇਮੇ ਦੀਆਂ ਟਿਕਟਾਂ ਤੋਂ ਹੋਈ ਸੀ, ਪਰ ਜਦੋਂ ਸਿਨੇਮੇ ਦੇ ਮਾਲਕਾਂ ਨੇ ਬੁਰਛਾਗਰਦੀ ਨਾਲ ਵਿਦਿਆਰਥੀਆਂ ਨੂੰ ਵੰਗਾਰਿਆ ਅਤੇ ਪੁਲਿਸ ਨੇ ਵੀ ਇਨ੍ਹਾਂ ਬੁਰਛਿਆਂ ਨੂੰ ਸ਼ਹਿ ਦਿੱਤੀ ਤਾਂ ਨਕਸਲੀ ਅੰਦੋਲਨ ਕਾਰਨ ਪਹਿਲਾਂ ਹੀ ਸਿਆਸੀ ਤੌਰ 'ਤੇ ਭਖੇ ਮਾਹੌਲ ਵਿਚ ਹੋਰ ਤਿੱਖਾਪਨ ਆ ਗਿਆ। ਫਿਰ ਜਦੋਂ ਇਸ ਘੋਲ ਦੀ ਅਗਵਾਈ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਮਾਨ ਹੇਠ ਆ ਗਈ ਤਾਂ ਘੋਲ ਦਾ ਰੰਗ ਹੀ ਬਦਲ ਗਿਆ। ਇਸ ਘੋਲ ਵਿਚ ਅਹਿਮ ਰੋਲ ਨਿਭਾਉਣ ਵਾਲੇ ਵਿਦਿਆਰਥੀ ਆਗੂ ਬਿੱਕਰ ਸਿੰਘ ਕੰਮੇਆਣਾ ਨੇ ਉਸ ਦੌਰ ਦੀ ਇਹ ਦਗਦੀ ਕਹਾਣੀ ਬਿਆਨ ਕੀਤੀ ਹੈ। ਇਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

1947 ਤੋਂ ਬਾਅਦ ਮੋਗਾ ਘੋਲ ਅਜਿਹਾ ਜੁਝਾਰੂ ਵਿਦਿਆਰਥੀ ਸੰਘਰਸ਼ ਹੈ ਜੋ ਪੰਜਾਬ ਦੇ ਧੁਰ ਵਸਦੇ ਸ਼ਹਿਰ ਮੋਗਾ ਨੂੰ 5 ਤੇ 7 ਅਕਤੂਬਰ 1972 ਨੂੰ ਲਹੂ-ਲੁਹਾਣ ਕਰਨ ਤੋਂ ਬਾਅਦ ਪੂਰੇ ਸੂਬੇ ਨੂੰ ਆਪਣੇ ਕਲਾਵੇ 'ਚ ਲੈਂਦਿਆਂ ਲੋਕ ਲਹਿਰ ਬਣ ਗਿਆ ਸੀ। ਪੰਜਾਬ ਪੁਲਿਸ ਖਿਲਾਫ ਵਿਦਿਆਰਥੀਆਂ ਨਾਲ ਹਮਦਰਦੀ ਵਾਲੀ ਉਠੀ ਇਹ ਲਹਿਰ ਪੰਜਾਬ ਦੀਆਂ ਹੱਦਾਂ ਵੀ ਪਾਰ ਕਰ ਗਈ। ਇਹ ਘੋਲ ਬਾਰੂਦ ਦੇ ਢੇਰ ਵਾਂਗ ਇੰਜ ਫਟਿਆ ਕਿ ਚੰਦ ਹੀ ਦਿਨਾਂ ਵਿਚ ਸਰਕਾਰੀ ਤੰਤਰ ਨੂੰ ਦੰਦਲਾਂ ਪੈਣ ਲੱਗ ਪਈਆਂ। ਏ.ਆਈ.ਐਸ.ਐਫ. ਜਿਸ ਦਾ ਉਸ ਸਮੇਂ ਸੂਬਾ ਆਗੂ ਬੰਤ ਬਰਾੜ ਹੁੰਦਾ ਸੀ ਤੇ ਸਟੂਡੈਂਟਸ ਵੈਲਫੇਅਰ ਕਮੇਟੀ ਦੇ ਰੀਗਲ ਸਿਨੇਮੇ ਖਿਲਾਫ ਵਿੱਢੇ ਗਏ ਸੰਘਰਸ਼ ਜਿਸ ਵਿਚ ਉਹ ਟਿਕਟਾਂ ਦੀ ਬਲੈਕ ਰੋਕਣ ਦੇ



ਬਿੱਕਰ ਸਿੰਘ ਕੰਮੇਆਣਾ*
ਫੋਨ:805-727-0516

ਨਾਲ-ਨਾਲ ਟਿਕਟਾਂ ਵਿਚ ਰਿਆਇਤ ਵੀ ਚਾਹੁੰਦੇ ਸਨ, ਨੂੰ ਛੱਡ ਕੇ ਭਾਵੇਂ ਸ਼ੁਰੂਆਤੀ ਦੌਰ ਵਿਚ ਇਸ ਘੋਲ ਦੇ ਆਪ-ਮੁਹਾਰੇਪਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਜਲਦੀ ਹੀ ਪੀ.ਐਸ.ਯੂ. ਨੇ ਨੌਜਵਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਤੇ ਕਿਸਾਨਾਂ ਵਿਚ ਸਾਂਝੀ ਸੋਚ ਨਾਲ ਉਸਰੀਆਂ ਭਰਾਤਰੀ ਜਥੇਬੰਦੀਆਂ ਦੇ ਜੁਝਾਰੂਆਂ ਦੀ ਮੱਦਦ ਨਾਲ ਸੰਘਰਸ਼ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ; ਖਾਸ ਕਰ ਕੇ ਉਸ ਤੋਂ ਬਾਅਦ ਜਦੋਂ ਉਸ ਸਮੇਂ ਵਿਦਿਆਰਥੀਆਂ ਵਿਚ ਤਕੜਾ ਆਧਾਰ ਰੱਖਣ ਵਾਲੀ ਮਜ਼ਬੂਤ ਜਥੇਬੰਦੀ ਏ.ਆਈ.ਐਸ.ਐਫ. ਘੋਲ ਵਾਪਸ ਲੈ ਕੇ ਸੰਘਰਸ਼ ਤੋਂ ਪਾਸੇ ਹੋ ਗਈ ਸੀ।

ਵਿਸ਼ਾਲ ਹਿਮਾਲਾ ਪਰਬਤ, ਹਿੰਦ ਮਹਾਂਸਾਗਰ, ਅਰਬ ਸਾਗਰ ਤੇ ਗੁਆਂਢੀ ਦੇਸ਼ਾਂ ਬਰਮਾ (ਮਿਆਂਮਾਰ), ਪਾਕਿਸਤਾਨ, ਬੰਗਲਾਦੇਸ਼, ਚੀਨ, ਭੂਟਾਨ, ਸ੍ਰੀਲੰਕਾ ਤੇ ਨੇਪਾਲ ਆਦਿ ਦੀਆਂ ਸਰਹੱਦਾਂ ਨਾਲ ਘਿਰਿਆ ਸਾਡਾ ਪਿਆਰਾ ਦੇਸ਼ ਭਾਰਤ ਹੈ। ਇਸ ਧਰਤੀ 'ਤੇ ਜੰਮੇ, ਪਲੇ, ਪੜ੍ਹੇ ਤੇ ਬਾਹਰੋਂ ਵੀ ਪੱਕੇ ਤੌਰ 'ਤੇ ਆ ਕੇ ਬਣੇ ਨਾਗਰਿਕਾਂ ਸਮੇਤ ਸਭ ਉਥੋਂ ਦੇ ਨਾਗਰਿਕ ਹਨ। ਮੇਰੇ ਵਰਗੇ ਪਰਵਾਸੀਆਂ ਦੀਆਂ ਜੜ੍ਹਾਂ ਵੀ ਉਥੋਂ ਦੀ ਮਿੱਟੀ ਫਰੋਲਣ ਨਾਲ ਮਿਲ ਜਾਣਗੀਆਂ। ਮੈਂ ਇਹ ਤਾਂ ਲਿਖ ਰਿਹਾ ਹਾਂ ਕਿ ਕਿਸੇ ਬੰਦੇ, ਜਥੇਬੰਦੀ ਜਾਂ ਰਾਜਸੀ ਪਾਰਟੀ ਦਾ ਵਿਰੋਧ ਕਿਸੇ ਸਰਕਾਰ ਜਾਂ ਹੁਕਮਰਾਨ ਪਾਰਟੀ, ਸਿਸਟਮ ਜਾਂ ਸਰਕਾਰੀ ਤੰਤਰ ਨਾਲ ਹੋ ਸਕਦਾ ਹੈ; ਪਰ ਉਸ ਨੂੰ ਕਿਸੇ ਵੀ ਹਾਲਤ ਵਿਚ ਦੇਸ਼ ਵਿਰੋਧੀ ਨਹੀਂ ਹੋਣਾ ਚਾਹੀਦਾ। ਦੇਸ਼ ਕਿਸੇ ਇੱਕ ਦੀ ਮਲਕੀਅਤ ਨਹੀਂ, ਸਾਡਾ ਸਭ ਦਾ ਸਾਂਝਾ ਹੈ। ਭਾਰਤ ਦਾ ਸਾਗਰ, ਮਹਾਂਸਾਗਰ, ਇਸ ਦੇ ਪਰਬਤ, ਨਦੀਆਂ, ਨਾਲੇ, ਝੀਲਾਂ, ਜੰਗਲ ਬੇਲੇ ਆਦਿ ਕੁਦਰਤੀ ਸਾਧਨ ਤੇ ਡੈਮ, ਬਿਜਲੀ, ਪਾਣੀ, ਆਵਾਜਾਈ ਦੇ ਸਾਧਨ ਅਤੇ ਸਰਕਾਰੀ ਤੇ ਇਤਿਹਾਸਕ ਇਮਾਰਤਾਂ ਆਦਿ ਇਸ ਦਾ ਕੌਮੀ ਸਰਮਾਇਆ ਹੈ, ਇਸ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ; ਪਰ ਨਾਲ ਦੀ ਨਾਲ ਮੈਂ ਇਹ ਵੀ ਸਪੱਸ਼ਟ ਕਰ ਦੇਵਾਂ ਕਿ ਦੇਸ਼ ਦੇ ਬਾਸ਼ਿੰਦੇ ਜਾਂ ਨਾਗਰਿਕ ਉਸ ਦਾ ਜਿਉਂਦਾ ਜਾਗਦਾ ਸਰਮਾਇਆ ਹੁੰਦੇ ਹਨ ਤੇ ਜਦੋਂ ਉਹ ਸੰਵਿਧਾਨ 'ਚ ਮਿਲੇ ਹੱਕਾਂ ਅਨੁਸਾਰ ਆਪਣੇ ਅਧਿਕਾਰਾਂ ਖਾਤਿਰ ਜਾਂ ਇਨਸਾਫ ਲੈਣ ਲਈ ਪੁਰਅਮਨ ਸੜਕਾਂ 'ਤੇ ਉਤਰਦੇ ਹਨ ਤਾਂ ਸਰਕਾਰੀ ਤੰਤਰ ਦੀ ਪੁਲਿਸ, ਨੀਮ ਫੌਜੀ ਦਲਾਂ ਤੇ ਫੌਜ ਨੂੰ ਇਸ ਤਰ੍ਹਾਂ ਵਿਹਾਰ ਨਹੀਂ ਕਰਨਾ ਚਾਹੀਦਾ ਜਿਵੇਂ ਉਹ ਕਿਸੇ ਹੋਰ ਦੇਸ਼ ਦੇ ਲੋਕਾਂ ਨਾਲ ਯੁੱਧ ਕਰ ਰਹੇ ਹੋਣ। ਹੱਕੀ ਸੰਘਰਸ਼ਾਂ ਨੂੰ ਇਨਸਾਫ ਦੇਣ ਦੀ ਥਾਂ ਗੋਲੀਆਂ ਨਾਲ ਨਜਿੱਠਣਾ ਜਮਹੂਰੀਅਤ ਨਹੀਂ, ਡਿਕਟੇਟਰਸ਼ਿਪ ਹੁੰਦੀ ਹੈ। ਮੋਗਾ ਗੋਲੀ ਕਾਂਡ ਸਮੇਂ ਵਿਦਿਆਰਥੀਆਂ ਅਤੇ ਲੋਕਾਂ ਉਤੇ ਅੰਨ੍ਹੇਵਾਹ ਗੋਲੀਆਂ ਚਲਾ ਰਹੀ ਪੁਲਿਸ ਦੀ ਮਾਨਸਿਕਤਾ ਵੀ ਜਨਰਲ ਡਾਇਰ ਦੇ ਜਲ੍ਹਿਆਂ ਵਾਲੇ ਬਾਗ ਦੇ ਕਾਂਡ ਸਮੇਂ ਵਰਗੀ ਹੀ ਸੀ। ਉਸ ਦੇ ਪ੍ਰਤੀਕਰਮ ਵਜੋਂ ਮੋਗਾ ਘੋਲ ਦੇ ਰੂਪ ਵਿਚ ਉਠੀ ਲੋਕ ਲਹਿਰ ਦੀ ਮਾਨਸਿਕਤਾ ਵੀ 1947 ਤੋਂ ਬਾਅਦ ਭਾਰਤ ਦੇ ਨਾਗਰਿਕਾਂ ਵੱਲੋਂ ਆਪਣੇ ਹੀ ਦੇਸ਼ ਵਿਚ ਆਪਣੇ ਹੀ ਹਾਕਮਾਂ ਤੋਂ ਇਨਸਾਫ ਲੈਣ ਲਈ ਲੜੇ ਗਏ ਸਾਂਝੇ ਸੰਘਰਸ਼ ਦੀ ਇਤਿਹਾਸਕ ਗਾਥਾ ਦੀਆਂ ਜੁਝਾਰੂ ਬਾਤਾਂ ਪਾਉਂਦੀ ਹੈ।

ਆਉ, ਹੁਣ ਮੋਗਾ ਘੋਲ ਬਾਰੇ ਜਾਣਨ ਲਈ 40 ਸਾਲ ਪਿੱਛੇ ਖੜ੍ਹੀਆਂ ਯਾਦਾਂ, ਤੱਥਾਂ ਅਤੇ ਸਰੋਤਾਂ ਦਾ ਸਹਾਰਾ ਲਈਏ। ਸਭ ਤੋਂ ਪਹਿਲਾਂ ਮੇਰੀਆਂ ਅੱਖਾਂ ਸਾਹਮਣਿਉਂ ਲੰਘਦਾ ਹੈ ਪੰਜਾਬ ਸਟੂਡੈਂਟਸ ਯੂਨੀਅਨ ਦਾ ਉਸ ਸਮੇਂ ਦਾ ਮੈਗਜ਼ੀਨ 'ਵਿਦਿਆਰਥੀ' ਜਿਸ ਵਿਚ ਮੋਗਾ ਘੋਲ ਬਾਰੇ ਜਾਣਕਾਰੀ ਦੇ ਨਾਲ ਕਿੱਕਰ ਗਿੱਲ, ਨਰਿੰਦਰ ਚਹਿਲ, ਸੁਖਦਰਸ਼ਨ, ਮਹਿੰਦਰ ਤਖਾਣਵੱਧ ਅਤੇ ਮੇਰੇ ਸਮੇਤ ਪੰਜ ਜਣਿਆਂ ਜਿਨ੍ਹਾਂ ਉਤੇ ਨਜ਼ਰਬੰਦੀ ਐਕਟ 'ਮੀਸਾ' ਦੀ ਵਰਤੋਂ ਕੀਤੀ ਗਈ ਸੀ, ਦੀਆਂ ਤਸਵੀਰਾਂ ਲਾਈਆਂ ਗਈਆਂ ਸਨ। ਇਸ ਤੋਂ ਬਾਅਦ ਮੈਂ ਪੜ੍ਹਨਾ ਸ਼ੁਰੂ ਕਰਦਾ ਹਾਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਉਹ ਮੈਗਜ਼ੀਨ ਜੋ ਉਸ ਸਮੇਂ ਚਰਚਾ 'ਚ ਆਇਆ ਸੀ, ਭਾਵ 'ਵਿਦਿਆਰਥੀ ਸੰਘਰਸ਼' ਜਿਸ ਵਿਚ ਮੇਰੀ ਅਗਵਾਈ ਵਿਚ ਮੋਗਾ ਘੋਲ ਦਾ ਰੀਵੀਊ ਕੀਤਾ ਗਿਆ ਸੀ। ਮੈਂ ਆਪਣੀ ਹੀ ਕਿਤਾਬ ਦੇ ਮੋਗਾ ਗੋਲੀ ਕਾਂਡ ਦੀ ਹਕੀਕਤ ਵਾਲੇ ਵਰਨਨ ਨੂੰ ਵੀ ਦੁਬਾਰਾ ਪੜ੍ਹਦਾ ਹਾਂ। ਮੇਰੀ ਕਿਤਾਬ 'ਵਿਦਿਆਰਥੀ ਸੰਘਰਸ਼ ਦਾ ਸੁਰਖ ਇਤਿਹਾਸ ਤੇ ਮੇਰੀ ਹੱਡ ਬੀਤੀ' 1997 ਵਿਚ ਭਾਅ ਜੀ ਗੁਰਸ਼ਰਨ ਸਿੰਘ ਨੇ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਚੰਡੀਗੜ੍ਹ ਵੱਲੋਂ ਛਾਪੀ ਸੀ।

ਮੋਗਾ ਦੇ ਰੀਗਲ ਸਿਨੇਮੇ, ਜੋ ਹੁਣ ਸ਼ਹੀਦੀ ਯਾਦਗਾਰ ਹੈ, ਵਿਚ ਟਿਕਟਾਂ ਦੀ ਬਲੈਕ ਜ਼ੋਰਾਂ 'ਤੇ ਸੀ। ਉਨ੍ਹਾਂ ਦਿਨਾਂ ਵਿਚ ਮੋਗੇ ਪੂਰਨ ਸੰਧੂ ਦੀ ਪ੍ਰਧਾਨਗੀ 'ਚ ਸਟੂਡੈਂਟਸ ਵੈਲਫੇਅਰ ਕਮੇਟੀ ਹੋਂਦ ਵਿਚ ਆਈ ਸੀ ਜਿਸ ਵਿਚ ਕਿੱਕਰ ਗਿੱਲ ਵੀ ਸ਼ਾਮਿਲ ਸੀ, ਪਰ ਉਸ ਵਿਚ ਭਾਰੂ ਧਿਰ ਜਗਰੂਪ ਸਿੰਘ ਵਾਲੀ ਏ.ਆਈ.ਐਸ.ਐਫ. ਹੀ ਸੀ। ਉਸ ਅਤੇ ਏ.ਆਈ.ਐਸ.ਐਫ. ਵੱਲੋਂ ਵੀ ਮੀਟਿੰਗਾਂ ਕਰ ਕੇ ਸਿਨੇਮਾ ਮਨੋਰੰਜਨ ਸੰਘਰਸ਼ ਵਾਸਤੇ ਤਿੰਨ ਮੰਗਾਂ ਉਭਾਰੀਆਂ ਗਈਆਂ। ਪਹਿਲੀ ਇਹ ਕਿ ਵਿਦਿਆਰਥੀਆਂ ਨੂੰ ਫਿਲਮਾਂ ਵੇਖਣ ਵਾਸਤੇ ਟਿਕਟਾਂ ਵਿਚ ਛੋਟ ਹੋਵੇ। ਦੂਜੇ, ਟਿਕਟਾਂ ਲੈਣ ਵਾਸਤੇ ਵਿਦਿਆਰਥੀਆਂ ਲਈ ਵੱਖਰੀ ਟਿਕਟ-ਖਿੜਕੀ ਬਣੇ, ਤੇ ਤੀਜੀ ਮੰਗ ਸੀ ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਰੋਕੀ ਜਾਵੇ। ਇਹ ਮੰਗਾਂ ਮੰਨਵਾਉਣ ਲਈ ਵਿਦਿਆਰਥੀਆਂ ਨੇ ਮੋਗੇ ਦੇ ਦੂਜੇ ਸਿਨੇਮੇ ਮੈਜਿਸਟਿਕ ਦੇ ਮਾਲਕ ਤੱਕ ਵੀ ਪਹੁੰਚ ਕੀਤੀ ਪਰ ਉਸ ਨੇ ਬੜੀ ਸਿਆਣਪ ਨਾਲ ਵਿਦਿਆਰਥੀਆਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਉਹ ਇਹ ਮੰਗਾਂ ਰੀਗਲ ਸਿਨੇਮੇ ਵਾਲਿਆਂ ਤੋਂ ਮੰਨਵਾ ਲੈਣ, ਉਹ ਉਸੇ ਵੇਲੇ ਹੀ ਲਾਗੂ ਕਰ ਦੇਵੇਗਾ। ਇੱਕ ਦਿਨ ਇਹ ਵਿਦਿਆਰਥੀ ਜਦੋਂ ਇਨ੍ਹਾਂ ਮੰਗਾਂ ਦੇ ਸਬੰਧ ਵਿਚ ਰੀਗਲ ਸਿਨੇਮੇ ਦੇ ਪ੍ਰਬੰਧਕਾਂ ਕੋਲ ਗਏ ਤਾਂ ਗੱਲਾਂ-ਗੱਲਾਂ ਵਿਚ ਗੱਲ ਵਧ ਗਈ। ਮੋਗੇ ਵਿਚ ਕੁਝ ਬਦਮਾਸ਼ ਸਨ ਜਿਨ੍ਹਾਂ ਖਿਲਾਫ ਰੀਗਲ ਸਿਨੇਮੇ ਦੇ ਪ੍ਰਬੰਧਕਾਂ ਨੇ ਕਿਸੇ ਝਗੜੇ ਕਾਰਨ ਮੁਕੱਦਮਾ ਦਾਇਰ ਕੀਤਾ ਹੋਇਆ ਸੀ। ਸੋ, ਉਨ੍ਹਾਂ ਤੋਂ ਕੇਸ ਵਾਪਿਸ ਲੈਣ ਦੀ ਇਸ ਸ਼ਰਤ 'ਤੇ ਗੰਢ-ਤੁੱਪ ਕੀਤੀ ਗਈ ਕਿ ਉਹ ਉਨ੍ਹਾਂ ਨਾਲ ਉਲਝ ਰਹੇ ਵਿਦਿਆਰਥੀਆਂ ਨੂੰ ਅਜਿਹੀ ਨੱਥ ਪਾਉਣ ਕਿ ਉਹ ਮੁੜ ਕੇ ਉਨ੍ਹਾਂ ਕੋਲ ਆਉਣ ਦੀ ਹਿੰਮਤ ਨਾ ਕਰ ਸਕਣ। ਇੱਕ ਦਿਨ ਵਿਦਿਆਰਥੀ ਜਦੋਂ ਫਿਰ ਰੀਗਲ ਸਿਨੇਮੇ ਪੁੱਜੇ ਤਾਂ ਪਹਿਲਾਂ ਹੀ ਤਿਆਰੀ ਕਰੀ ਬੈਠੇ ਬਦਮਾਸ਼, ਵਿਦਿਆਰਥੀਆਂ ਉਪਰ ਇੱਲਾਂ ਵਾਂਗ ਝਪਟ ਪਏ। ਵਿਦਿਆਰਥੀਆਂ ਨੂੰ ਕਾਫੀ ਸੱਟਾਂ ਲੱਗੀਆਂ, ਕੁਝ ਇੱਕ ਦੀ ਤਾਂ ਹਾਲਤ ਵੀ ਗੰਭੀਰ ਹੋ ਗਈ। ਸਿਨੇਮੇ ਦੇ ਪ੍ਰਬੰਧਕ ਦੇ ਰਸੂਖ ਜਾਂ ਚੜ੍ਹਾਵੇ ਕਾਰਨ ਪੁਲਿਸ ਨੇ ਉਸ ਅਤੇ ਭਾੜੇ ਦੇ ਆਦੀ ਮੁਜਰਮਾਂ/ਬਦਮਾਸ਼ਾਂ ਖਿਲਾਫ ਕੋਈ ਕਾਰਵਾਈ ਨਾ ਕੀਤੀ। ਉਲਟਾ ਵਿਦਿਆਰਥੀਆਂ ਨੂੰ ਹੀ ਤੰਗ ਕਰਨ ਲੱਗ ਪਏ। ਹੁਣ ਮਸਲਾ ਸਿਨੇਮੇ ਟਿਕਟਾਂ ਦੀ ਬਲੈਕ ਜਾਂ ਟਿਕਟਾਂ ਵਿਚ ਛੋਟ ਜਾਂ ਵੱਖਰੀ ਵਿਦਿਆਰਥੀ ਟਿਕਟ ਖਿੜਕੀ ਦਾ ਨਹੀਂ ਸੀ ਰਿਹਾ। ਹੁਣ ਮਸਲਾ ਬਣ ਗਿਆ ਸੀ ਇਨਸਾਫ ਦਾ, ਇਨਸਾਫ ਲੈਣ ਲਈ ਜੂਝਣ ਦਾ। ਨੋਟ ਕਰਨ ਵਾਲੀ ਗੱਲ ਹੈ ਕਿ ਪੀ.ਐਸ.ਯੂ. ਦੇ ਕੁਝ ਆਗੂ ਵਿਅਕਤੀਗਤ ਰੂਪ ਵਿਚ ਜ਼ਰੂਰ ਮਨੋਰੰਜਨ-ਸੰਘਰਸ਼ ਦਾ ਹਿੱਸਾ ਬਣੇ ਸਨ ਪਰ ਯੂਨੀਅਨ ਖੁੱਲ੍ਹ ਕੇ ਜੱਥੇਬੰਦਕ ਤੌਰ 'ਤੇ ਕੁੱਦੀ ਤਾਂ ਇਨਸਾਫ ਲਈ ਸੰਘਰਸ਼ ਵਿਚ ਕੁੱਦੀ। ਜਿਉਂ-ਜਿਉਂ ਇਨਸਾਫ ਦੀ ਮੰਗ ਜ਼ੋਰ ਫੜਦੀ ਗਈ, ਸੰਘਰਸ਼ ਦਾ ਖਾਸਾ ਜੁਝਾਰੂ ਹੁੰਦਾ ਗਿਆ। ਬਾਕੀ ਪਿੱਛੇ ਰਹਿੰਦੇ ਗਏ ਅਤੇ ਪੀ.ਐਸ.ਯੂ. ਮੂਹਰਲੀਆਂ ਕਤਾਰਾਂ ਵਿਚ ਮੋਰਚੇ ਸੰਭਾਲਦੀ ਗਈ।

ਪੀ.ਐਸ.ਯੂ. ਵੱਲੋਂ ਤਕੜੀ ਸੰਗਰਾਮੀ ਰੋਸ ਲਹਿਰ ਉਸਾਰੀ ਗਈ। ਪੰਜ ਅਕਤੂਬਰ 1972 ਨੂੰ ਸਵੇਰ ਤੋਂ ਹੀ ਮੋਗੇ ਦੀਆਂ ਸੜਕਾਂ, ਇਸ ਦਾ ਹਰ ਕੋਨਾ, ਕਿਸੇ ਅਣਹੋਣੀ ਤੋਂ ਬੇਫ਼ਿਕਰ, ਸੰਘਰਸ਼ ਦੀਆਂ ਬਾਤਾਂ ਪਾ ਰਿਹਾ ਸੀ। ਜਿੱਥੇ ਵਿਦਿਆਰਥੀਆਂ, ਨੌਜਵਾਨਾਂ ਤੇ ਲੋਕਾਂ ਦੇ ਰੋਹਲੇ, ਸੰਗਰਾਮੀ ਜਥੇ ਕਾਫਲਿਆਂ ਦੇ ਰੂਪ ਵਿਚ ਇਕੱਤਰ ਹੋ ਰਹੇ ਸਨ, ਉਥੇ ਪੁਲਿਸ ਫੋਰਸ ਦੇ ਅੱਥਰੂ ਗੈਸ ਤੇ ਡਾਂਗ ਵਾਹੁਣ ਵਾਲਿਆਂ, ਹਥਿਆਰਬੰਦ ਬੰਦੂਕਧਾਰੀਆਂ ਤੇ ਘੋੜ ਸਵਾਰਾਂ ਨੂੰ ਹਰ ਹਾਲਾਤ ਨਾਲ ਨਜਿੱਠਣ ਵਾਸਤੇ ਤਿਆਰ-ਬਰ-ਤਿਆਰ ਰਹਿਣ ਦੀ ਹਦਾਇਤ ਕੀਤੀ ਗਈ ਸੀ। ਮਿਥੇ ਸਮੇਂ



ਮੋਗੇ ਦਾ ਰੀਗਲ ਸਿਨੇਮਾ ਜੋ ਵਿਦਿਆਰਥੀ ਘੋਲ ਦਾ ਕੇਂਦਰ ਬਣਿਆ

ਅਨੁਸਾਰ ਸੰਘਰਸ਼ ਦਾ ਬਿਗਲ ਵੱਜਦਿਆਂ ਹੀ ਮੋਗਾ ਨਾਹਰਿਆਂ ਨਾਲ ਗੂੰਜ ਉਠਿਆ। ਆਈ.ਟੀ.ਆਈ., ਗੁਰੂ ਨਾਨਕ ਕਾਲਜ ਤੇ ਡੀ.ਐਮ. ਕਾਲਜ ਦੇ ਵਿਦਿਆਰਥੀ, ਨੌਜਵਾਨ ਅਤੇ ਹੋਰ ਜੁਝਾਰੂ ਆਪਣੇ ਆਗੂਆਂ ਕੰਵਰ ਸਿੰਘ ਥਰਾਜ, ਸੁਖਦਰਸ਼ਨ ਸਿੰਘ ਦੁਸਾਂਝ, ਕਿੱਕਰ ਸਿੰਘ ਗਿੱਲ, ਹਰਜੀਤ ਸਿੰਘ ਚੜਿੱਕ ਅਤੇ ਹੋਰ ਆਗੂਆਂ ਦੀ ਅਗਵਾਈ ਵਿਚ ਰੀਗਲ ਸਿਨੇਮੇ ਵੱਲ ਮੁਜ਼ਾਹਰੇ ਦੇ ਰੂਪ ਵਿਚ ਨਾਹਰੇ ਮਾਰਦੇ ਚੱਲ ਪਏ। ਏ.ਆਈ.ਐਸ.ਐਫ. ਦੇ ਸਥਾਨਕ ਆਗੂ ਤੇ ਵਰਕਰ ਵੀ ਇਸ ਰੋਸ ਮੁਜ਼ਾਹਰੇ ਵਿਚ ਸ਼ਾਮਿਲ ਸਨ। ਇਕੱਠ ਇੰਨਾ ਹੋ ਗਿਆ ਸੀ ਕਿ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਫੇਲ੍ਹ ਕਰ ਕੇ ਰੱਖ ਦਿੱਤੀਆਂ।

ਫਰੀਦਕੋਟ ਜ਼ਿਲ੍ਹਾ ਹੈਡਕੁਆਰਟਰ ਨੂੰ ਹੋਰ ਪੁਲਿਸ ਫੋਰਸ ਭੇਜਣ ਲਈ ਵਾਇਰਲੈਸ 'ਤੇ ਵਾਇਰਲੈਸ ਖੜਕਾਈ ਜਾ ਰਹੀ ਸੀ। ਵੱਡੀ ਨਫ਼ਰੀ ਨਾਲ ਡੀ.ਸੀ. (ਫਰੀਦਕੋਟ) ਸੀ.ਡੀ. ਚੀਮਾ ਅਤੇ ਐਸ.ਪੀ. (ਫਰੀਦਕੋਟ) ਆ ਪਹੁੰਚੇ ਸਨ। ਅਖੀਰ ਕੁਲਹਿਣੇ ਰੀਗਲ ਸਿਨੇਮੇ ਕੋਲ ਜੁਝਾਰੂਆਂ ਅਤੇ ਪੁਲਿਸ ਦਾ ਸਾਹਮਣਾ ਹੋ ਗਿਆ। ਜੁਝਾਰੂਆਂ ਨੂੰ ਖਦੇੜਨ ਲਈ ਪਹਿਲਾਂ ਅੱਥਰੂ ਗੈਸ ਛੱਡੀ ਗਈ ਪਰ ਮੁਜ਼ਾਹਰਾਕਾਰੀਆਂ ਦੇ ਰੋਹ ਅੱਗੇ ਸਭ ਬੇਅਸਰ। ਜੁਝਾਰੂ ਨਾਹਰੇ ਮਾਰਦੇ ਫਿਰ ਅੱਗੇ ਵਧਣ ਲੱਗੇ ਤਾਂ ਉਨ੍ਹਾਂ ਉਪਰ ਜ਼ਬਰਦਸਤ ਲਾਠੀਚਾਰਜ ਕੀਤਾ ਗਿਆ। ਮੁਜ਼ਾਹਰਾਕਾਰੀਆਂ ਕੋਲ ਵੀ ਸਿੱਧੀਆਂ ਜਾਂ ਝੰਡੇ ਟੰਗੇ ਵਾਲੀਆਂ ਡਾਂਗਾਂ ਸਨ। ਸੋ, ਉਨ੍ਹਾਂ ਨੇ ਵੀ ਡਟ ਕੇ ਮੁਕਾਬਲਾ ਕੀਤਾ। ਕਈ ਵਾਰੀ ਫ਼ੋਰਸ ਰਾਹੀਂ ਮੁਜ਼ਾਹਰਾਕਾਰੀ ਪਿੱਛੇ ਧੱਕੇ ਗਏ, ਪਰ ਉਨ੍ਹਾਂ ਵਿਚੋਂ ਕਈ ਕਾਫਲੇ ਹੋਰ ਵੀ ਤਕੜੇ ਹੋ ਕੇ ਫਿਰ ਅੱਗੇ ਵਧ ਆਉਂਦੇ ਸਨ। ਹੱਥੋਪਾਈ, ਡਾਂਗੋ-ਡਾਂਗੀ ਤੇ ਧੱਕਾ-ਮੁੱਕੀ ਦਾ ਇਹ ਮੁਕਾਬਲਾ ਲੰਮਾ ਸਮਾਂ ਚੱਲਿਆ। ਅਖੀਰ ਘਟਨਾ ਇਹ ਹੋਈ ਕਿ ਹਰਜੀਤ ਸਿੰਘ ਤੇ ਸਵਰਨ ਸਿੰਘ ਵਾਲਾ ਅੱਤਾਂ ਦਾ ਸੰਗਰਾਮੀ ਕਾਫਲਾ ਕਿਵੇਂ ਨਾ ਕਿਵੇਂ ਡੀ.ਸੀ. ਚੀਮੇ ਤੇ ਐਸ.ਪੀ. ਕੋਲ ਪਹੁੰਚ ਗਿਆ। ਚੀਮਾ ਆਪਣਾ ਮਾਨਸਿਕ ਸੰਤੁਲਨ ਖੋ ਬੈਠਾ। ਉਹ ਇਸ ਤਰ੍ਹਾਂ ਵਿਹਾਰ ਕਰਨ ਲੱਗਾ ਜਿਵੇਂ ਮੁਜ਼ਾਹਰਾਕਾਰੀਆਂ ਨੂੰ ਕੰਟਰੋਲ ਨਹੀਂ, ਸਗੋਂ ਭੜਕਾਉਣ ਆਇਆ ਹੋਵੇ। ਉਸ ਨੇ ਹਰਜੀਤ ਅਤੇ ਹੋਰ ਸੰਗਰਾਮੀਆਂ ਪ੍ਰਤੀ ਅਜਿਹੇ ਗਲਤ ਸ਼ਬਦ ਕਹੇ ਜੋ ਬਰਦਾਸ਼ਤ ਤੋਂ ਬਾਹਰ ਸਨ। ਹਰਜੀਤ ਦਾ ਖੂਨ ਉਬਾਲਾ ਖਾ ਗਿਆ ਤੇ ਉਸ ਨੇ ਪੂਰੇ ਜ਼ੋਰ ਨਾਲ ਡਾਂਗ ਡੀ.ਸੀ. ਚੀਮੇ ਦੇ ਮੌਰਾਂ ਵਿਚ ਮਾਰੀ। ਉਸ ਨੇ ਲੜ-ਖੜਾ ਕੇ ਡਿਗਦਿਆਂ ਡਿਗਦਿਆਂ ਗੋਲੀ ਦਾ ਹੁਕਮ ਦੇ ਦਿੱਤਾ। ਡੀ.ਸੀ. ਅਤੇ ਐਸ.ਪੀ. ਦੀ ਰੱਖਿਆ ਪੰਕਤੀ 'ਚੋਂ ਇੱਕ ਨੇ ਸਿੱਧੀ ਗੋਲੀ ਹਰਜੀਤ ਦੇ ਮਾਰੀ ਅਤੇ ਦੂਜੇ ਨੇ ਸਵਰਨ ਦੇ। ਪਲਾਂ ਛਿਣਾਂ ਵਿਚ ਹੀ ਇਹ ਸੰਗਰਾਮੀ ਸਾਥੀ ਸ਼ਹੀਦੀ ਜਾਮ ਪੀ ਗਏ। ਫਿਰ ਗੋਲੀ ਇੰਜ ਚੱਲਣ ਲੱਗੀ ਜਿਵੇਂ ਮੀਂਹ ਵਰ੍ਹਦਾ ਹੈ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਗੰਭੀਰ ਜ਼ਖ਼ਮੀਆਂ ਨੂੰ ਪੱਲੇਦਾਰਾਂ ਦੀਆਂ ਰੇਹੜੀਆਂ 'ਤੇ ਲੱਦ-ਲੱਦ ਕੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ।

ਅਗਲੇ ਦਿਨ 6 ਅਕਤੂਬਰ ਤੱਕ ਜਦੋਂ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ ਤਾਂ ਰੋਸ, ਰੰਜ ਤੇ ਗੁੱਸੇ ਦੀ ਲਹਿਰ ਕਈ ਥਾਂਈਂ ਪੰਜਾਬ ਦੀਆਂ ਹੱਦਾਂ ਵੀ ਪਾਰ ਕਰ ਗਈ। ਅਜੇ ਸ਼ਹੀਦਾਂ ਦੇ ਸਿਵੇ ਵੀ ਠੰਢੇ ਨਹੀਂ ਸਨ ਹੋਏ ਕਿ 7 ਅਕਤੂਬਰ ਨੂੰ ਮੁਜ਼ਾਹਰਾਕਾਰੀਆਂ ਉਤੇ ਫਿਰ ਗੋਲੀ ਚਲਾ ਦਿੱਤੀ ਗਈ। ਇਸ ਗੋਲੀ ਵਿਚ ਇੱਕ ਅਧਿਆਪਕ ਕੇਵਲ ਕ੍ਰਿਸ਼ਨ ਤੇ ਦੋ ਹੋਰ ਲੋਕ ਸ਼ਹੀਦੀ ਜਾਮ ਪੀ ਗਏ ਅਤੇ ਕਈ ਜ਼ਖ਼ਮੀ ਹੋ ਗਏ। ਦੋ ਦਿਨ ਚੱਲੀ ਗੋਲੀ ਨਾਲ ਕਿੰਨੇ ਜਣੇ ਸ਼ਹੀਦ ਹੋਏ, ਇਸ ਦਾ ਜਵਾਬ ਕਿਸੇ ਕੋਲ ਨਹੀਂ ਸੀ। ਸ਼ਹੀਦ ਹਰਜੀਤ ਸਿੰਘ ਦੇ ਪਿਤਾ ਸੂਬੇਦਾਰ ਜੰਗੀਰ ਸਿੰਘ ਤੋਂ ਬਿਨਾਂ ਹੋਰ ਕੋਈ ਵੀ ਨਿੱਤਰ ਕੇ ਸਾਹਮਣੇ ਨਹੀਂ ਆਇਆ ਜਿਸ ਨੇ ਸਰਕਾਰ ਦੇ ਖਿਲਾਫ ਸਟੈਂਡ ਲਿਆ ਹੋਵੇ। ਇਥੋਂ ਤੱਕ ਕਿ ਕਈ ਤਾਂ ਇਹ ਵੀ ਨਹੀਂ ਦੱਸਦੇ ਕਿ ਉਨ੍ਹਾਂ ਦਾ ਕੋਈ ਜਿਉਂਦਾ ਹੈ ਜਾਂ ਮਰ ਗਿਆ।

ਉਨ੍ਹਾਂ ਦਿਨਾਂ ਵਿਚ ਮੈਂ ਤਾਰਾ ਦੇਵੀ (ਸ਼ਿਮਲਾ) ਐਨ.ਐਸ.ਐਸ. ਕੈਂਪ ਬ੍ਰਜਿੰਦਰਾ ਕਾਲਜ ਫਰੀਦਕੋਟ ਵੱਲੋਂ ਚਾਰ ਜਣਿਆਂ ਦਾ ਗਰੁਪ ਲੀਡਰ

## ਸੰਘਰਸ਼ ਦੀ ਦਾਸਤਾਨ

ਬਣ ਕੇ ਐਟੈਂਡ ਕਰ ਰਿਹਾ ਸਾਂ। ਪੰਜ ਅਕਤੂਬਰ ਦੀ ਰਾਤ ਨੂੰ ਉਡਦੀ-ਉਡਦੀ ਖਬਰ ਮਿਲੀ ਕਿ ਪੁਲਿਸ ਨੇ ਵਿਦਿਆਰਥੀਆਂ ਉਪਰ ਗੋਲੀ ਚਲਾ ਕੇ ਮੋਗਾ ਸ਼ਹਿਰ ਲਹੂ-ਲੁਹਾਨ ਕਰ ਦਿੱਤਾ ਹੈ। ਸਵੇਰੇ ਅਖਬਾਰ ਦੇਖੀ ਤਾਂ ਮੋਗਾ ਗੋਲੀ ਕਾਂਡ ਦਾ ਵੇਰਵਾ ਹਰ ਅਖਬਾਰ ਦੇ ਪਹਿਲੇ ਪੰਨੇ 'ਤੇ ਸੀ। ਸ਼ਿਮਲੇ ਦੇ ਵਿਦਿਆਰਥੀਆਂ ਨਾਲ ਸੰਪਰਕ ਪੈਦਾ ਕਰਨ ਅਤੇ ਹੜਤਾਲਾਂ-ਮੁਜ਼ਾਹਰੇ ਕਰਨ ਲਈ ਚੁੱਪ-ਚੁਪੀਤੇ ਉਥੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇੱਕ ਗੱਦਾਰ ਨੇ ਸਾਡੇ ਸ਼ਿਮਲੇ ਜਾਣ ਦੇ ਪ੍ਰੋਗਰਾਮ ਦੀ ਜਾਣਕਾਰੀ ਕੈਂਪ ਅਧਿਕਾਰੀਆਂ ਨੂੰ ਦੇ ਦਿੱਤੀ ਜਿਸ ਕਾਰਨ ਉਨ੍ਹਾਂ ਨੇ ਮਿੰਨਤਾਂ ਕਰ ਕੇ ਸਾਨੂੰ ਰੋਕ ਲਿਆ। ਕੈਂਪ ਵਿਚ ਸੱਠ ਕੁ ਦੇ ਕਰੀਬ ਮੁੰਡੇ ਕੁੜੀਆਂ ਸਨ ਜੋ ਪੰਜਾਬ ਦੇ ਵੱਖੋ-ਵੱਖ ਕਾਲਜਾਂ 'ਚੋਂ ਆਏ ਸਨ। ਇਸ ਗੱਦਾਰ ਨੂੰ ਮੇਜਰ ਤੇ ਚਰਨਜੀਤ ਢਿੱਲੋਂ ਨੇ ਕੈਂਪ ਵਾਲੀ ਪਹਾੜੀ ਦੇ ਇੱਕ ਪਾਸੇ ਲਿਜਾ ਕੇ ਮੋਟਰ ਸਾਈਕਲ ਦੀ ਚੇਨ ਨਾਲ ਕੁੱਟਿਆ। ਉਹ ਇੰਨਾ ਡਰ ਗਿਆ ਕਿ ਉਸ ਨੇ ਕੈਂਪ ਅਧਿਕਾਰੀਆਂ ਨੂੰ ਇਸ ਦੀ ਸ਼ਿਕਾਇਤ ਤੱਕ ਨਾ ਕੀਤੀ।

ਰੀਗਲ ਸਿਨੇਮੇ ਦੇ ਅਗਨ ਭੇਟ ਹੋਣ ਸਮੇਂ 7 ਅਕਤੂਬਰ ਦੇ ਗੋਲੀ ਕਾਂਡ ਨੇ ਜੁਝਾਰੂਆਂ ਦਾ ਗੁੱਸਾ ਹੋਰ ਵੀ ਪ੍ਰਚੰਡ ਕਰ ਦਿੱਤਾ ਸੀ। ਜਗਰਾਵੀਂ ਇੱਕ ਹੋਰ ਸਿਨੇਮੇ ਨੂੰ ਲਾਂਬੂ ਲਾ ਦਿੱਤਾ ਗਿਆ। ਸਾਡੇ ਅੰਦਰ ਗੁੱਸੇ ਦੇ ਭਾਂਬੜ ਬਲ ਰਹੇ ਸਨ। ਸਾਰੇ ਵਿਦਿਆਰਥੀਆਂ ਨੂੰ ਨਾਲ ਲਿਜਾਣ ਦੀ ਥਾਂ ਅਸੀਂ ਗਿਣਤੀ ਦੇ ਸਾਥੀ ਚੁੱਪ-ਚੁਪੀਤੇ ਸ਼ਿਮਲੇ ਗਏ। ਉਸ ਦਿਨ ਸ਼ਿਮਲੇ ਦੀਆਂ ਲਗਭਗ ਸਾਰੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ ਹੜਤਾਲ ਕਰ ਕੇ ਮੋਗਾ ਗੋਲੀ ਕਾਂਡ ਖਿਲਾਫ ਸੜਕਾਂ ਉਤੇ ਉਤਰ ਆਏ ਸਨ। ਮੈਂ ਤੇ ਮੇਰੇ ਸਾਥੀ ਪੂਰੇ ਜੋਸ਼ ਨਾਲ 'ਪੰਜਾਬ ਪੁਲਿਸ ਮੁਰਦਾਬਾਦ', 'ਮੋਗੇ ਦੇ ਸ਼ਹੀਦ ਅਮਰ ਰਹਿਣਗੇ' ਆਦਿ ਨਾਹਰੇ ਮਾਰਦੇ ਹੋਏ ਉਨ੍ਹਾਂ ਦੀਆਂ ਮੂਹਰਲੀਆਂ ਸਫਾਂ ਵਿਚ ਜਾ ਰਲੇ। ਸ਼ਿਮਲੇ ਦੀਆਂ ਬਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਇਹ ਜਲੂਸ ਮਾਲ ਰੋਡ ਉਤੇ ਪੁੱਜ ਕੇ ਰੋਸ ਰੈਲੀ ਵਿਚ ਬਦਲ ਗਿਆ। ਉਥੋਂ ਦੇ ਆਗੂਆਂ ਨੇ ਬੋਲਣ ਲਈ ਸਭ ਤੋਂ ਪਹਿਲਾਂ ਸਮਾਂ ਮੈਨੂੰ ਦਿੱਤਾ। ਮੈਂ ਲਗਭਗ ਅੱਧਾ ਘੰਟਾ ਭਾਸ਼ਣ ਦਿੱਤਾ।

ਪੰਜਾਬ ਵਾਂਗ ਸੰਘਰਸ਼ ਦੀ ਅੱਗ ਪਹਾੜਾਂ ਨੂੰ ਵੀ ਲੱਗ ਗਈ ਤੇ ਰੋਸ ਅਤੇ ਰੰਜ ਨਾਲ ਸ਼ਿਮਲਾ ਵੀ ਲਟ-ਲਟ ਬਲ ਉਠਿਆ। ਸਾਡੀਆਂ ਜੁਝਾਰੂ ਸਰਗਰਮੀਆਂ ਤੋਂ ਘਬਰਾਏ ਕੈਂਪ ਅਧਿਕਾਰੀਆਂ ਨੇ ਸਮੇਂ ਤੋਂ ਪਹਿਲਾਂ ਹੀ ਕੈਂਪ ਸਮਾਪਤ ਕਰ ਕੇ ਸਾਨੂੰ ਵਾਪਿਸ ਭੇਜ ਦਿੱਤਾ। ਫਰੀਦਕੋਟ ਪਹੁੰਚੇ ਤਾਂ ਹੁੱਕੀ ਵਾਲੇ ਚੌਕ ਵਿਚ (ਜਿਸ ਨੂੰ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਦਾ ਨਾਂ ਦਿੱਤਾ ਹੈ) ਦੋ ਸੌ ਦੇ ਕਰੀਬ ਵਿਦਿਆਰਥੀ ਆਪ ਮੁਹਾਰੇ ਖੜ੍ਹੇ ਨਾਹਰੇ ਮਾਰ ਰਹੇ ਸਨ। ਬਾਕੀ ਹੋਰ ਆਗੂ ਗੁਪਤਵਾਸ ਚਲੇ ਗਏ ਸਨ। ਦੋ ਵਿਦਿਆਰਥੀਆਂ ਨੇ ਮੇਰਾ ਅਟੈਚੀ ਤੇ ਬਿਸਤਰਾ ਇੱਕ ਦੁਕਾਨ ਵਿਚ ਸਾਂਭ ਦਿੱਤਾ ਤੇ ਦੁਕਾਨਦਾਰ ਦੁਕਾਨ ਨੂੰ ਜਿੰਦਾ ਲਾ ਕੇ ਘਰ ਨੂੰ ਚਲਾ ਗਿਆ। ਉਸ ਦਿਨ ਪੀ.ਐਸ.ਯੂ. ਵੱਲੋਂ ਬੰਦ ਦੇ ਸੱਦੇ ਨੂੰ ਵਾਪਿਸ ਲੈਣ ਦੇ ਬਿਆਨ ਕਾਰਨ ਬਜ਼ਾਰ ਖੁੱਲ੍ਹ ਗਿਆ ਸੀ ਪਰ ਅਸੀਂ ਫਿਰ ਬੰਦ ਕਰਵਾ ਦਿੱਤਾ। ਇਹ ਬੰਦ ਬਹੁਤ ਜ਼ਬਰਦਸਤ ਸੀ। ਪੀ.ਐਸ.ਯੂ. ਦੇ ਸੂਬਾਈ ਆਗੂਆਂ ਦੇ ਬੰਦ ਵਾਪਸ ਲੈਣ ਵਾਲੇ ਬਿਆਨ ਨੂੰ ਸਥਾਨਕ ਆਗੂਆਂ ਨੇ ਕਿਸੇ ਸ਼ਹਿਰ ਵੀ ਨਹੀਂ ਮੰਨਿਆ ਤੇ ਆਪਣੀ ਪੂਰੀ ਤਾਕਤ ਝੋਕ ਕੇ ਪੰਜਾਬ ਬੰਦ ਨੂੰ ਇਤਿਹਾਸਕ ਬਣਾ ਦਿੱਤਾ। ਬਾਅਦ ਵਿਚ ਪੀ.ਐਸ.ਯੂ. ਦੇ ਆਗੂਆਂ ਵੱਲੋਂ ਆਪਣੀਆਂ ਸਫਾਂ ਵਿਚ ਗਲਤੀ ਮੰਨੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪੰਜਾਬ ਬੰਦ ਦੇ ਸਬੰਧ ਵਿਚ ਉਸ ਸਮੇਂ ਲੋਕ-ਤਾਕਤ ਦਾ ਅਹਿਸਾਸ ਨਹੀਂ ਸੀ। ਖੈਰ! ਮੈਂ ਉਸ

(ਅਗਲੇ ਸਫੇ 'ਤੇ ਜਾਰੀ)

ਦਿਨ ਵਿਦਿਆਰਥੀਆਂ ਨੂੰ ਆਪਣੇ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਦੱਸਣ ਲੱਗਿਆ। ਪ੍ਰੋਗਰਾਮ ਅਨੁਸਾਰ ਸ਼ਹਿਰ ਦੇ ਗਲੀ-ਮੁਹੱਲਿਆਂ ਦੇ ਘਰਾਂ 'ਚ ਜਾ ਕੇ ਵਿਦਿਆਰਥੀਆਂ ਨੂੰ ਜਲੂਸ ਲਈ ਸੜਕਾਂ 'ਤੇ ਲਿਆਉਣਾ ਸੀ। ਕੁੱਝ ਵਿਦਿਆਰਥੀਆਂ ਨੇ ਸਾਡਾ ਰੌਲਾ ਸੁਣ ਕੇ ਘਰ ਨੂੰ ਜਾ ਰਹੇ ਇਕ ਰੇਹੜੀ ਵਾਲੇ ਤੋਂ ਤਿੰਨ-ਚਾਰ ਗੁੱਛੇ ਵੱਖ-ਵੱਖ ਰੰਗਾਂ ਦੀਆਂ ਵੰਗਾਂ ਦੇ ਖਰੀਦ ਲਏ। ਤੈਅ ਹੋਇਆ ਕਿ ਵਿਦਿਆਰਥੀਆਂ ਦੇ ਘਰ-ਘਰ ਜਾ ਕੇ ਕਿਹਾ ਜਾਵੇ ਕਿ ਜਾਂ ਤਾਂ ਵੰਗਾਂ ਪਾ ਕੇ ਘਰ ਬੈਠ ਜਾਵੋ, ਜਾਂ ਸਾਡੇ ਨਾਲ ਸੰਘਰਸ਼ ਵਿਚ ਕੁੱਦੋ।

ਮਰਦਉਪੁਣੇ ਨੂੰ ਜੋਸ਼ ਦਿਵਾਉਣ ਵਾਲੇ ਇਸ ਜਗੀਰੂ ਸਭਿਆਚਾਰ ਦੇ ਹਥਿਆਰ ਦਾ ਕਾਫੀ ਅਸਰ ਹੋਇਆ ਤੇ ਬਹੁਤ ਸਾਰੇ ਵਿਦਿਆਰਥੀ ਸਾਡੇ ਨਾਲ ਤੁਰ ਪਏ। ਫਰੀਦਕੋਟ ਦੇ ਡੀ.ਸੀ. ਦੇ ਜੀ.ਏ. ਭੁਪਿੰਦਰ ਸਿੰਘ ਪੁਲਿਸ ਟੁਕੜੀ ਦੀ ਅਗਵਾਈ ਕਰਦਿਆਂ ਜਲੂਸ ਦੇ ਨਾਲ ਨਾਲ ਇੰਜ ਤੁਰ ਰਹੇ ਸਨ ਜਿਵੇਂ ਉਹ ਵੀ ਇਸ ਦਾ ਹਿੱਸਾ ਹੋਣ। ਕਈ ਘੰਟੇ ਫਰੀਦਕੋਟ ਦੇ ਗਲੀ-ਮੁਹੱਲਿਆਂ ਵਿਚ ਇਸੇ ਤਰ੍ਹਾਂ ਭੁੱਖੇ-ਤਿਹਾਏ ਫਿਰਦੇ-ਫਿਰਾਉਂਦੇ ਰਾਜੇ ਦੇ ਕਿਲੇ ਕੋਲੋਂ ਜਦੋਂ ਫਿਰ ਮੇਨ ਬਾਜ਼ਾਰ ਵਿਚ ਵੜਨ ਲੱਗੇ ਤਾਂ ਪੁਲਿਸ ਨੇ ਰਸਤਾ ਰੋਕ ਲਿਆ। ਭੁਪਿੰਦਰ ਸਿੰਘ (ਆਈ.ਏ.ਐਸ.) ਕਹਿਣ ਲੱਗੇ ਕਿ 'ਕਾਕਾ, ਬਹੁਤ ਮੁਜ਼ਾਹਰਾ ਹੋ ਗਿਆ; ਹੁਣ ਤੁਸੀਂ ਵੀ ਘਰੋ-ਘਰੀ ਜਾਵੋ ਤੇ ਸਾਨੂੰ ਵੀ ਚਾਹ-ਪਾਣੀ ਪੀਣ ਦੇਵੋ। ਤੁਹਾਡੇ ਨਾਲ-ਨਾਲ ਤੁਰਦਿਆਂ ਤਾਂ ਅੱਜ ਮੈਂ ਵੀ ਸਾਰਾ ਸ਼ਹਿਰ ਗਾਹ ਲਿਆ।' ਅਜੇ ਉਹ ਇਹ ਕਹਿ ਕੇ ਹਟਿਆ ਹੀ ਸੀ ਕਿ ਕਿਸੇ ਨੇ ਨੇੜਲੀ ਬਿਲਡਿੰਗ ਤੋਂ ਡਲਾ ਚਲਾਇਆ ਜੋ ਉਸ ਦੇ ਕੰਨ ਕੋਲੋਂ ਲੰਘ ਗਿਆ, ਤੇ ਉਸ ਨੇ ਪੁਲਿਸ ਨੂੰ ਲਾਠੀਚਾਰਜ ਦਾ ਹੁਕਮ ਦੇ ਦਿੱਤਾ। ਪੁਲਿਸ ਵਾਲੇ ਕਈ ਘੰਟੇ ਭੁੱਖੇ-ਤਿਹਾਏ ਸਾਡੀਆਂ ਪੈੜਾਂ ਮਿੱਧਦੇ ਰਹੇ ਸਨ। ਉਨ੍ਹਾਂ ਅੱਕੇ ਹੋਇਆਂ ਨੇ ਡਾਂਗਾਂ ਇੰਜ ਵਾਹੀਆਂ ਜਿਵੇਂ ਜਾਨਵਰਾਂ ਨੂੰ ਕੁੱਟਦੇ ਹੋਣ। ਬਾਕੀ ਤਾਂ ਖਿੰਡ-ਪੁੰਡ ਗਏ, ਅਖੀਰ ਮੇਰੇ ਨਾਲ 3-4 ਜਣੇ ਖੜ੍ਹੇ ਰਹਿ ਗਏ। ਸਾਨੂੰ ਫੜ ਕੇ ਪੁਲਿਸ ਸਿਟੀ ਥਾਣੇ ਲੈ ਗਈ। ਕੁੱਝ ਸਮੇਂ ਬਾਅਦ ਸ਼ਹਿਰ ਦੇ ਕੁੱਝ ਪਤਵੰਤੇ ਸੱਜਣ ਤੇ ਵਕੀਲ ਆਏ ਤੇ ਸਾਨੂੰ ਛੁਡਾ ਕੇ ਲੈ ਆਏ। ਉਨ੍ਹਾਂ ਨੇ ਸਾਨੂੰ ਪੁਲਿਸ ਅਫਸਰ ਦੇ ਸਾਹਮਣੇ ਸਮਝਾਇਆ ਕਿ ਪੁਰਅਮਨ ਰੋਸ ਕਰਨ ਵਿਚ ਕੋਈ ਗੁਨਾਹ ਨਹੀਂ, ਪਰ ਤੁਸੀਂ ਕੋਈ ਵੀ ਹਿੰਸਕ ਕਾਰਵਾਈ ਨਹੀਂ ਕਰਨੀ।

ਇਸ ਘਟਨਾ ਦੀ ਜਾਣਕਾਰੀ ਗੁਪਤਵਾਸ ਹੋਏ ਸਾਥੀਆਂ ਨੂੰ ਵੀ ਮਿਲ ਗਈ ਤੇ ਅਗਲੇ ਦਿਨ ਉਹ ਵੀ ਮੈਨੂੰ ਆ ਮਿਲੇ। ਏ.ਆਈ.ਐਸ.ਐਫ. ਨੇ ਮੋਗਾ ਘੋਲ ਨੂੰ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਪੂਰੇ ਪੰਜਾਬ ਵਿਚੋਂ ਇਸ ਦੇ ਬਹੁਤ ਵੱਡੇ ਹਿੱਸੇ ਨੇ ਸੰਘਰਸ਼ ਦਾ ਸਾਥ ਦਿੰਦਿਆਂ ਆਪਣਾ ਨਾਤਾ ਪੀ.ਐਸ.ਯੂ. ਨਾਲ ਜੋੜ ਲਿਆ। ਏ.ਆਈ.ਐਸ.ਐਫ. ਨੂੰ ਛੱਡ ਕੇ ਪੀ.ਐਸ.ਯੂ. ਨਾਲ ਨਾਤਾ ਜੋੜਨ ਵਾਲੇ ਵੱਡੇ ਹਿੱਸੇ ਵਿਚ ਮੈਂ ਵੀ ਸ਼ਾਮਿਲ ਸਾਂ। ਸਰਕਾਰ ਨਾਲ ਸਮਝੌਤਾ ਕਰ ਕੇ ਮੋਗਾ ਘੋਲ ਵਾਪਿਸ ਲੈਣ ਦਾ ਏ.ਆਈ.ਐਸ.ਐਫ. ਦਾ ਫੈਸਲਾ ਰਾਜਸੀ-ਖੁਦਕਸ਼ੀ ਵਰਗਾ ਹੀ ਸੀ। ਸਰਕਾਰ ਹੋਰਾਂ ਨੂੰ ਪਲੋਸਣ ਦੇ ਨਾਲ-ਨਾਲ ਪੀ.ਐਸ.ਯੂ. ਨੂੰ ਵੀ ਇਸ ਵਲਗਣ ਵਿਚ ਵਲਣ ਦੀ ਸਿਰ-ਤੋੜ ਕੋਸ਼ਿਸ਼ ਕਰ ਰਹੀ ਸੀ। ਸਮਝੌਤਾ ਮਿਸ਼ਨ ਤਹਿਤ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਭੇਜਿਆ ਅੱਠ-ਦਸ ਕਾਂਗਰਸੀਆਂ ਦਾ ਮਿਸ਼ਨਰੀ ਜਥਾ ਮੇਰੇ ਪਿੰਡ ਕੰਮੇਆਣੇ ਆ ਕੇ ਮੇਰੇ ਪਿਤਾ ਜੀ ਨੂੰ ਮਿਲਿਆ ਤੇ ਸੰਘਰਸ਼ ਤਿਆਗਣ ਦੀ ਸ਼ਰਤ 'ਤੇ ਕਈ ਲਾਲਚ ਦੇ ਕੇ ਚਲਿਆ ਗਿਆ। ਪਤਾ ਲੱਗਣ 'ਤੇ ਸੰਘਰਸ਼ਮਈ ਸਾਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਮੈਂ ਮੋਗਾ ਘੋਲ ਵਿਚ ਹੋਰ ਵੀ ਜੋਸ਼ ਨਾਲ ਅੱਗੇ ਵਧ ਗਿਆ। ਇਸ ਤੋਂ ਬਾਅਦ ਚੰਡੀਗੜ੍ਹ ਵਿਚ ਹੀ ਵਿਦਿਆਰਥੀਆਂ ਨਾਲ ਸਮਝੌਤੇ ਦਾ ਡਰਾਮਾ ਕਰਨ ਲਈ ਨਾਟਕੀ ਮੀਟਿੰਗ ਦਾ ਢੌਂਗ ਰਚਿਆ ਗਿਆ। ਇਸ ਢੌਂਗ ਦਾ ਪ੍ਰਬੰਧ ਚੁੱਪ-ਚੁਪੀਤੇ ਹੀ ਕੀਤਾ ਗਿਆ ਸੀ, ਪਰ ਪੀ.ਐਸ.ਯੂ. ਦੇ ਸਾਥੀਆਂ ਨੂੰ ਪਤਾ ਲੱਗਣ 'ਤੇ ਅਸੀਂ ਕਾਫੀ ਗਿਣਤੀ ਵਿਚ ਚੰਡੀਗੜ੍ਹ ਪਹੁੰਚ ਗਏ। ਫ਼ਰੀਦਕੋਟ ਅਤੇ ਮੁਕਤਸਰ ਵਾਲੇ ਪਾਸਿਓਂ ਨਰਿੰਦਰ ਚਹਿਲ, ਮੇਜਰ ਨਿਆਮੀਵਾਲਾ, ਕੁਲਵੰਤ ਜਲਾਲੇਆਣਾ, ਬਲਜੀਤ ਭਗਤਾ ਭਾਈ ਅਤੇ ਮੈਂ ਖੁਦ ਵੀ ਪੀ.ਐਸ.ਯੂ. ਦੀ ਲੀਡਰਸ਼ਿਪ ਨਾਲ ਹਾਜ਼ਰ ਸਾਂ। ਮੋਗਾ ਘੋਲ ਨਾਲ ਸਬੰਧਤ ਮੰਗਾਂ 'ਤੇ ਪ੍ਰਿਥੀਪਾਲ ਰੰਧਾਵਾ ਤੇ ਨਰਿੰਦਰ ਚਹਿਲ ਬੋਲੇ। ਇਸ ਤੋਂ ਅੱਗੇ ਨਿਰਭੈ ਢੁੱਡੀਕੇ ਨੇ ਵੀ ਆਪਣੇ ਭਾਸ਼ਣ ਰਾਹੀਂ ਮਾਹੌਲ ਗਰਮਾਇਆ ਤੇ ਉਸ ਮੀਟਿੰਗ ਵਿਚ ਗਾਲਿਬ ਕਲਾਂ ਵਾਲਾ ਦਰਸ਼ਨ ਚਹਿਲ ਤੇ ਭੁਪਿੰਦਰ ਸਿੰਘ ਢੁੱਡੀਕੇ ਵੀ ਹੋਰਾਂ ਨਾਲ ਸ਼ਾਮਿਲ ਸਨ।

ਸਰਕਾਰੀ ਸਟੇਜ ਤੋਂ ਫਿਰ ਜ਼ੀਰੇ ਦੇ ਕਾਲਜ ਤੋਂ ਆਈ ਇਕ ਭੈਣ ਸਰਕਾਰ ਵੱਲੋਂ ਲਿਖਿਆ ਭਾਸ਼ਣ ਪੜ੍ਹਨ ਲੱਗ ਪਈ ਜਿਸ ਵਿਚ ਮੰਗਾਂ ਸਨ ਕਿ 'ਕਾਲਜ ਵਿਚ ਸਟਾਫ ਪੂਰਾ ਕੀਤਾ ਜਾਵੇ, ਚਾਹ ਪਾਣੀ ਲਈ ਕੁੜੀਆਂ ਵਾਸਤੇ ਵੱਖਰੀ ਕੰਟੀਨ ਹੋਵੇ।' ਕਿੱਥੇ ਮੋਗਾ ਘੋਲ, ਤੇ ਕਿੱਥੇ ਚਾਹ-ਪਕੌੜਿਆ ਦੀਆਂ ਦੁਕਾਨਾਂ। ਮੈਨੂੰ ਬਹੁਤ ਗੁੱਸਾ ਆਇਆ ਤੇ ਸਮਾਂ ਲੈ ਕੇ 4-5 ਮਿੰਟ ਬੋਲਣ ਤੋਂ ਬਾਅਦ ਜਦੋਂ ਮੈ ਕਿਹਾ ਕਿ 'ਅਜੇ ਤਾਂ ਸ਼ਹੀਦਾਂ ਦੇ ਘਰਾਂ 'ਚ ਸੱਥਰ ਵੀ ਉਵੇਂ ਹੀ ਵਿਛੇ ਹਨ ਤੇ ਇਸ ਭੈਣ ਨੂੰ ਚਾਹ ਦੀਆਂ ਚੁਸਕੀਆਂ ਲੈਣ ਵਾਸਤੇ ਚਾਹੀਦੀ ਹੈ ਵੱਖਰੀ ਕੰਟੀਨ', ਤਾਂ ਗੁੱਸੇ 'ਚ ਪਹਿਲਾਂ ਹੀ ਭਰੇ-ਪੀਤੇ ਬੈਠੇ ਪੀ.ਐਸ.ਯੂ. ਦੇ ਸੰਗਰਾਮੀਆਂ ਨੇ ਕੁਰਸੀਆਂ ਚੁੱਕ-ਚੁੱਕ ਸਟੇਜ ਵੱਲ ਵਗਾਹ ਮਾਰੀਆਂ। ਮਿੰਟਾਂ-ਸਕਿੰਟਾਂ ਵਿਚ ਸਰਕਾਰ ਦੇ ਮੰਤਰੀ ਅਤੇ ਸਮਝੌਤਾ ਪਾਖੰਡ ਲਈ ਆਏ ਪੁਲਿਸ ਦੇ ਤੇ ਹੋਰ ਅਫ਼ਸਰ ਸਟੇਜ ਦੇ ਪਿਛਲੇ ਦਰਵਾਜ਼ੇ ਥਾਣੀ ਤਿੱਤਰ ਹੋਏ। ਅਸੀਂ ਨਾਹਰੇ ਮਾਰਦੇ ਮੀਟਿੰਗ ਹਾਲ 'ਚੋਂ ਬਾਹਰ ਆ ਗਏ। ਫੈਸਲਾ ਕੀਤਾ ਕਿ ਆਪੋ ਆਪਣੇ ਟਿਕਾਣਿਆਂ 'ਤੇ ਪਹੁੰਚ ਕੇ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇ।

ਮੋਗਾ ਘੋਲ ਲੜਨ ਲਈ ਮੋਗਾ ਐਕਸ਼ਨ ਕਮੇਟੀ ਬਣੀ ਪਰ ਸਮੂਹ ਸੰਗਰਾਮੀਆਂ ਨੇ ਪੀ.ਐਸ.ਯੂ. ਨੂੰ ਕੇਂਦਰ ਮੰਨ ਕੇ ਸੰਘਰਸ਼ ਜਾਰੀ ਰੱਖਿਆ। ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਕਈ ਥਾਂਈਂ ਫੌਜ ਦੇ ਫਲੈਗ ਮਾਰਚ ਹੋਏ, ਕਰਫਿਊ ਲਾਇਆ ਗਿਆ। ਦਫਾ 144 ਤਾਂ ਹਰ ਕਸਬੇ, ਸ਼ਹਿਰ ਵਿਚ 'ਭੱਜੀ ਫਿਰਦੀ' ਸੀ। ਗਿਆਨੀ ਜ਼ੈਲ ਸਿੰਘ ਸਰਕਾਰ ਵੱਲੋਂ ਘੋਲ ਦਬਾਉਣ ਲਈ ਪੂਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਗਈ ਸੀ ਅਤੇ ਵਿਦਿਆਰਥੀਆਂ ਤੇ ਜੁਝਾਰੂਆਂ ਨੂੰ ਘਰਾਂ ਵਿਚ ਹੀ ਡੱਕ ਕੇ ਰੱਖਣ ਲਈ ਹਰ ਹੀਲਾ-ਵਸੀਲਾ ਵਰਤਿਆ ਜਾ ਰਿਹਾ ਸੀ। ਜਿਵੇਂ ਹੜ੍ਹ ਦਾ ਪਾਣੀ ਬੰਨ੍ਹ ਮਾਰੇ ਤੋਂ ਇਕੱਠਾ ਹੋ ਕੇ, ਟੁੱਟ ਕੇ ਵੱਧ ਨੁਕਸਾਨ ਕਰਦਾ ਹੈ, ਠੀਕ ਉਸੇ ਤਰ੍ਹਾਂ ਜੁਝਾਰੂਆਂ ਨੇ ਗੁਰੀਲਾ ਐਕਸ਼ਨਾਂ ਰਾਹੀਂ ਬੱਸਾਂ, ਗੱਡੀਆਂ ਦੀ ਸਾੜ-ਫੂਕ ਸ਼ੁਰੂ ਕਰ ਦਿੱਤੀ। ਰੇਲਵੇ ਸਟੇਸ਼ਨਾਂ ਦਾ ਵੀ ਨੁਕਸਾਨ ਕਰਨ ਦੀਆਂ ਕੋਸ਼ਿਸ਼ ਕੀਤੀਆਂ। ਇਹ ਕੋਈ ਮਾਅਰਕੇਬਾਜ਼ੀ ਨਹੀਂ ਸੀ ਸਗੋਂ 5 ਤੇ 7 ਅਕਤੂਬਰ ਦੀ ਗੋਲੀਬਾਰੀ ਅਤੇ ਉਸ ਤੋਂ ਵੀ ਬਾਅਦ ਪ੍ਰਸ਼ਾਸਨ ਵੱਲੋਂ ਘੋਲ ਸਖਤੀ ਨਾਲ ਦਬਾਉਣ ਦੀ ਕੋਸ਼ਿਸ਼ ਦੇ ਪ੍ਰਤੀਕਰਮ ਵਜੋਂ ਲਾਵੇ ਦੇ ਰੂਪ ਵਿਚ ਫੁੱਟਿਆ ਗੁੱਸੇ ਦਾ ਗੁਬਾਰ ਸੀ। ਜਦੋਂ ਸਰਕਾਰ ਨੇ ਹਿਟਲਰੀ ਵਿਹਾਰ ਛੱਡ ਕੇ ਜਮਹੂਰੀ ਅਮਲ ਨੂੰ ਸਮਾਂ ਦਿੱਤਾ ਤਾਂ ਸਾੜ-ਫੂਕ ਬੰਦ ਹੋ ਕੇ ਘੋਲ ਫਿਰ ਰੈਲੀਆਂ, ਮੁਜ਼ਾਹਰਿਆਂ ਦੇ ਰੂਪ ਵਿਚ ਸੜਕਾਂ 'ਤੇ ਆ ਗਿਆ। ਰੈਲੀਆਂ ਤੇ ਮੁਜ਼ਾਹਰਿਆਂ ਦੌਰਾਨ ਕਈ ਥਾਂਈਂ ਪੁਲਿਸ ਨਾਲ ਟੱਕਰਾਂ ਹੋਈਆਂ, ਪਰ ਮੁੜ ਕੇ ਕੋਈ ਅਫਸਰ ਗੋਲੀ ਦਾ ਹੁਕਮ ਦੇਣ ਦੀ ਹਿੰਮਤ ਨਾ ਕਰ ਸਕਿਆ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਖਿੱਤਿਆਂ ਵਿਚ ਜੁਝਾਰੂਆਂ ਨੇ ਮੋਰਚੇ ਮੱਲੇ ਹੋਏ ਸਨ। ਗੁਰਦਾਸਪੁਰ-ਪਠਾਨਕੋਟ ਵਾਲੇ ਪਾਸੇ ਸੁੱਚਾ ਸਿੰਘ ਭਲਵਾਨ ਸਰਗਰਮ ਸੀ। ਅੰਮ੍ਰਿਤਸਰ ਯਸ਼ਪਾਲ ਝਬਾਲ ਤੇ ਰਣਜੀਤ ਸਿੰਘ ਨੇ ਝੰਡਾ ਚੁੱਕਿਆ ਸੀ। ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਫਗਵਾੜੇ, ਬੰਗੇ, ਨਡਾਲੇ ਤੇ ਕਪੂਰਥਲੇ ਭੁਪਿੰਦਰ ਸਿੰਘ ਗਿੱਲ, ਬਲਦੇਵ ਸਿੰਘ ਢੀਂਡਸਾ (ਰਹਿਪਾ), ਸਤਵੰਤ ਮਾਹਲ, ਸੁੱਚਾ ਸਿੰਘ ਦੁਸਾਂਝ, ਮਹਿੰਦਰ ਪਾਲ ਪੂੰਨੀ ਤੇ ਜੰਡਿਆਲੇ ਦੇਬਾ ਭਲਵਾਨ ਆਦਿ ਦਿਨ ਰਾਤ ਇੱਕ ਕਰ ਕੇ ਘੋਲ ਬੁਲੰਦ ਕਰ ਰਹੇ ਸਨ। ਰਵਿੰਦਰ ਸਿੰਘ ਸਹਿਰਾਅ ਨੇ ਵੀ ਪੀ.ਐਸ.ਯੂ.ਦੇ ਸੰਪਰਕ ਵਿਚ ਆ ਕੇ ਮੁੱਢਲੀ ਸਰਗਰਮੀ ਸ਼ੁਰੂ ਕਰ ਦਿੱਤੀ ਸੀ। ਪਟਿਆਲੇ ਗੁਰਬਚਨ ਬੱਚੀ, ਗੁਰਤੇਜ ਸਿੰਘ ਤੇ ਬ੍ਰਜਿੰਦਰ ਸੋਹਲ ਰੈਲੀਆਂ ਮੁਜ਼ਾਹਰੇ ਕਰ ਰਹੇ ਸਨ। ਪ੍ਰਮਿੰਦਰ ਪੰਜਾਬੀ ਯੂਨੀਵਰਸਿਟੀ ਤੇ ਬਲਵਿੰਦਰ ਭੱਟੀ ਵੀ ਕਿਸੇ ਨਾਲੋਂ ਘੱਟ ਨਹੀਂ ਸਨ। ਲੁਧਿਆਣੇ ਪਿਰਥੀਪਾਲ ਰੰਧਾਵਾ, ਪ੍ਰਮਿੰਦਰਜੀਤ ਚਹਿਲ (ਜ਼ੈਲਦਾਰ), ਗੁਰਮੀਤ ਖਾਨ, ਮਨਜੀਤ ਸਿੰਘ, ਕੁਲਦੀਪ ਬਰਾੜ, ਬਾਈ ਰਣਜੀਤ ਸਿੰਘ, ਸੰਤੋਖ ਸੇਖੀ ਤੇ ਕਾਬਲ ਸਿੰਘ ਆਦਿ ਘੋਲ ਦੌਰਾਨ ਆਪੋ-ਆਪਣੀ ਭੂਮਿਕਾ ਨਿਭਾ ਰਹੇ ਸਨ। ਸਮਰਾਲੇ ਅਮਰ ਸਿੰਘ ਸੀ ਤੇ ਰੋਪੜ ਵਾਲੇ ਸਾਥੀਆਂ ਦੇ ਨਾਂ ਯਾਦ ਦੀ ਪਕੜ 'ਚ ਨਹੀਂ ਆ ਰਹੇ। ਸੰਗਰੂਰ, ਬਰਨਾਲਾ, ਮਾਨਸਾ ਤੇ ਤਲਵੰਡੀ ਦਮਦਮਾ ਸਾਹਿਬ ਦਾ ਇਲਾਕਾ ਬਲਵਾਨ ਸਿੰਘ ਗੋਬਿੰਦਪੁਰਾ, ਜਗਰੂਪ ਝਨੀਰ ਤੇ ਜੱਗੇ ਨੇ ਹੋਰ ਜੁਝਾਰੂਆਂ ਨਾਲ ਸਾਂਭ ਰੱਖਿਆ ਸੀ।

ਲੋਕ ਕਵੀ ਸੰਤ ਰਾਮ ਉਦਾਸੀ ਤੇ ਲੋਕ ਪੱਖੀ ਮਾਨਵਵਾਦੀ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਵੀ ਮੋਗਾ ਘੋਲ ਦੀ ਹਮਾਇਤ 'ਚ ਨਿੱਤਰੇ। ਹਰਤੇਜ ਝੱਬਰ, ਮਿੱਠੂ ਕਾਨ੍ਹੇਕੇ, ਮੇਜਰ ਦਰੀਆਪੁਰ, ਸੁਖਦੇਵ ਪਾਂਧੀ, ਮੱਘਰ ਕੁਲਰੀਆਂ, ਅਮਰ ਭਦੌੜ, ਮਿੰਦਰ ਪਾਲ, ਬਲਦੇਵ ਮਾਨ, ਹਰਦੇਵ ਸਿੰਘ ਸੰਧੂ, ਪ੍ਰੇਮ ਸਿੰਘ ਚੰਦੂਮਾਜਰਾ, ਬਲਦੇਵ ਮੋਹਲਾਂ ਤੇ ਜੈਮਲ ਪੱਡਾ ਵੀ ਸਮੇਂ-ਸਮੇਂ ਸਰਗਰਮ ਰਹੇ। ਬਠਿੰਡੇ ਬਲਜੀਤ ਬੱਲੀ, ਸਤਨਾਮ ਕੋਟ ਫੱਤਾ, ਬਲਦੇਵ ਸਿਵੀਆ, ਰੇਸ਼ਮ ਸਿੱਧੂ, ਤੇ ਪਿੱਥੋ ਵਾਲਾ ਦਰਸ਼ਨ, ਰਣਧੀਰ ਗਿੱਲਪੱਤੀ ਤੇ ਰਾਮਪੁਰੇ ਭੋਲਾ ਸਿਧਾਣਾ ਆਦਿ ਸਾਥੀਆਂ ਦੀ ਬਦੌਲਤ ਇਸ ਖਿੱਤੇ ਵਿਚ ਵੀ ਮੋਗਾ ਸੰਘਰਸ਼ ਸਿਖਰ 'ਤੇ ਸੀ। ਜਗਰਾਵਾਂ ਤੇ ਢੁੱਡੀਕੇ ਦੇ ਰਣ ਤੱਤੇ ਵਿਚ ਜੂਝ ਰਹੇ ਸਨ ਨਿਰਭੈ ਢੁੱਡੀਕੇ, ਕੁੱਕੀ, ਦਰਸ਼ਨ ਚਹਿਲ ਗਾਲਿਬ ਕਲਾਂ, ਬਲਵਿੰਦਰ ਖੋਟੇ, ਪਾਸ਼ੀ ਮੋਗਾ, ਮਹਿੰਦਰ ਸਿੰਘ ਤੋਤਾ ਤੇ ਅਵਤਾਰ ਸਿੰਘ ਢੁੱਡੀਕੇ ਆਦਿ।

ਜੇ ਪੀ.ਐਸ.ਯੂ. ਦੇ ਚੰਗਿਆੜੀ ਜ਼ੋਨ ਮੋਗੇ ਦੀ ਗੱਲ ਕਰਨੀ ਹੋਵੇ ਤਾਂ ਕਿੱਕਰ ਗਿੱਲ, ਕੰਵਰ ਥਰਾਜ, ਸੁਖਦਰਸ਼ਨ ਦੁਸਾਂਝ, ਕੁਲਵੀਰ ਬਹੋਨਾ, ਬੰਤ ਮਾਣੂੰਕੇ, ਨਛੱਤਰ ਰੋਡੇ ਆਦਿ ਜੂਝ ਰਹੇ ਸਨ। ਮਾਣੂੰਕੇ ਦੇ ਚਰਨ, ਚਲਾਕੂ, ਸ਼ਿੰਗਾਰਾ, ਨਛੱਤਰ, ਚਾਚਾ ਗਿੰਦਾ ਤੇ ਰੋਡੇ ਦਾ ਜਰਨੈਲ ਪਟਵਾਰੀ, ਹਰੀ ਨੌਂ ਵਾਲਾ ਪੰਡਤ ਦਰਸ਼ਨ ਸਿੰਘ, ਅਜੈਬ ਕੱਬਾਵੀ ਸਰਗਰਮ ਸਨ। ਇਸ ਦੇ ਨਾਲ-ਨਾਲ ਸੋਹਣ ਲਧਾਈਕੇ, ਨਾਹਰ ਨੱਥੋਕੇ, ਸ਼ਰਨਜੀਤ ਭੱਟੀ, ਘੋਲੀਏ ਖੁਰਦ ਦੇ ਨੌਜਵਾਨ ਆਗੂ ਜੁਗਿੰਦਰ, ਰਜਿੰਦਰ ਤੇ ਗੁਰਦੀਪ, ਸੁਰਜੀਤ ਖੋਟੇ ਆਦਿ ਦੀਆਂ ਸਰਗਰਮੀਆਂ ਕਾਰਨ ਰੋਡੇ ਕਾਲਜ ਤੇ ਇਲਾਕੇ ਵਿਚ ਸੰਘਰਸ਼ ਬੁਲੰਦੀਆਂ 'ਤੇ ਸੀ। ਕੁਲਵੰਤ ਰਾਏ ਕੰਤਾ ਤੇ ਦੇਵਰਾਜ ਵੀ ਪੂਰੇ ਸਰਗਰਮ ਸਨ। ਮੁਕਤਸਰ ਕਾਲਜ ਤੇ ਖਿੱਤੇ ਵਿਚ ਸੰਘਰਸ਼ ਦਾ ਪਿੜ ਮੱਲੀ ਬੈਠੇ ਸਨ ਨਰਿੰਦਰ ਸਿੰਘ ਚਹਿਲ, ਬੂਟਾ ਸਿੰਘ ਅਸ਼ਾਂਤ, ਸੁਖਵਿੰਦਰ ਕੰਬੋਜ, ਮਨਮੋਹਣ ਸੰਧੂ ਤੇ ਜੁਗਿੰਦਰ ਰੁਪਾਣਾ ਆਦਿ। ਫ਼ਿਰੋਜ਼ਪੁਰ, ਅਬੋਹਰ, ਫ਼ਾਜ਼ਿਲਕਾ, ਗਿੱਦੜਬਾਹਾ ਤੇ ਕਿੱਲਿਆਂ ਵਾਲੀ ਦਾ ਇਲਾਕਾ ਵੀ ਮੋਗਾ ਘੋਲ ਦੌਰਾਨ ਕਾਫੀ ਸਰਗਰਮ ਸੀ। ਪੰਜਗਰਾਈਂ ਕਲਾਂ ਦੇ ਰੂਪ, ਠਾਣਾ, ਗੁਰਮੇਲ, ਮਾਸਟਰ ਗੁਰਦੇਵ ਤੇ ਚਮਕੌਰ ਅਤੇ ਮੀਤਾ ਵੀ ਮੁੱਢਲੀ ਸਰਗਰਮੀ ਫੜ ਰਹੇ ਸਨ ਤੇ ਨਾਜ਼ਰ ਸਿੰਘ ਬਰਾੜ ਨਿਆਮੀ ਵਾਲਾ, ਕਾਲਜ 'ਚ ਨਾ ਪੜ੍ਹਦਿਆਂ ਵੀ ਸੰਘਰਸ਼ ਦਾ ਸਾਥੀ ਹੁੰਦਾ ਸੀ। ਹਰਤੇਜ ਸਿੰਘ ਬਰਾੜ ਵੀ ਮੁਢਲੀ ਸਰਗਰਮੀ ਸ਼ੁਰੂ ਕਰ ਗਿਆ ਸੀ। ਉਸ ਸਮੇਂ ਪੰਜਾਬ ਦੇ ਚੱਪੇ-ਚੱਪੇ 'ਤੇ ਰੋਹ ਅਤੇ ਰੋਸ ਸੀ ਅਤੇ ਪੈਰ-ਪੈਰ 'ਤੇ ਜੁਝਾਰੂ ਸੰਘਰਸ਼ ਕਰ ਰਹੇ ਸਨ।

**(ਚੱਲਦਾ)**

---

***ਸਾਬਕਾ ਜਨਰਲ ਸਕੱਤਰ**
**ਪੰਜਾਬ ਸਟੂਡੈਂਟਸ ਯੂਨੀਅਨ।***

# ਅੱਜ ਦੇ ਪੰਜਾਬ ਦਾ ਸਿਹਤ ਦ੍ਰਿਸ਼

*(ਸਫਾ 24 ਦੀ ਬਾਕੀ)*

ਸੁੰਗੜ ਰਹੇ ਹਨ। ਅਧਿਆਪਨ ਤੇ ਡਾਕਟਰੀ ਵਰਗੇ ਪਵਿੱਤਰ ਕਿੱਤਿਆਂ, ਯਾਰੀਆਂ-ਦੋਸਤੀਆਂ, ਰਿਸ਼ਤੇ-ਨਾਤੇਦਾਰੀਆਂ ਵਿਚ ਵਪਾਰਕ ਸੱਭਿਆਚਾਰ ਦੀ ਸੜ੍ਹਿਆਂਦ ਆਉਂਦੀ ਹੈ। ਪਿਛਲਾ ਸਾਰਾ ਕੁਝ ਸਮੇਤ ਚੰਗੇ ਮਾੜੇ ਦੇ, ਤੇਜ਼ੀ ਨਾਲ ਟੁੱਟਿਆ ਹੈ ਪਰ ਨਵੇਂ ਸਾਰਥਕ ਤੇ ਤੰਦਰੁਸਤ ਦੀ ਅਣਹੋਂਦ ਕਾਰਨ ਹਰ ਪਾਸੇ ਭੰਬਲਭੂਸਾ ਹੈ। ਬਜ਼ੁਰਗ ਬੇਵਸ ਤੇ ਉਦਾਸ ਹਨ, ਨੌਜਵਾਨ ਬੇਚੈਨ ਤੇ ਬੱਚੇ ਦਿਸ਼ਾਹੀਣ। ਹਰ ਪੱਧਰ 'ਤੇ ਰਿਸ਼ਤਿਆਂ ਵਿਚ ਤਣਾਅ ਹੈ ਤੇ ਮਾਨਸਿਕ ਰੋਗਾਂ ਵਿਚ ਅਥਾਹ ਵਾਧਾ ਹੋ ਰਿਹਾ ਹੈ। ਸਾਦਗੀ, ਸਹਿਯੋਗ, ਸਹਿਣਸ਼ੀਲਤਾ, ਸੰਵੇਦਨਸ਼ੀਲਤਾ, ਭਾਈਚਾਰਾ, ਮਿਲਵਰਤਨ ਅਤੇ ਸਾਂਝੇ ਸਮਾਜਕ ਉਦਮਾਂ ਵਰਗੇ ਸੁਨੱਖੇ ਸ਼ਬਦ, ਲੋਕਾਂ ਦੇ ਸ਼ਬਦਕੋਸ਼ ਚੋਂ ਗਾਇਬ ਹੋ ਰਹੇ ਹਨ। ਇਉਂ ਲਗਦਾ ਹੈ ਕਿ ਪੰਜਾਬ ਸਰਮਾਏਦਾਰੀ ਸੱਭਿਆਚਾਰ ਦੀ ਪ੍ਰਯੋਗਸ਼ਾਲਾ ਅਤੇ ਇਸ ਦੀ ਨੁਮਾਇੰਦਾ ਉਦਾਹਰਣ ਬਣ ਰਿਹਾ ਹੈ।

ਇਸ ਸਭ ਕਾਸੇ ਦਾ ਹੀ ਇਕ ਤਾਰਕਿਕ ਸਿੱਟਾ ਹੈ ਕਿ ਆਰਥਿਕ ਤੰਗੀਆਂ-ਤੁਰਸ਼ੀਆਂ ਦੀ ਮਾਰ ਹੇਠ ਆਈ ਅਤੇ ਮਾੜੀ ਸਰੀਰਕ, ਸਮਾਜਕ ਤੇ ਮਾਨਸਿਕ ਸਿਹਤ ਹੰਢਾਉਂਦੀ ਪੰਜਾਬੀ ਕੌਮ ਦਾ ਤਿੰਨ ਚੌਥਾਈ ਹਿੱਸਾ ਅੱਜ ਸ਼ਰਾਬ, ਭੁੱਕੀ, ਅਫੀਮ, ਨਸ਼ੇ ਜਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦਾ ਹੈ। ਜ਼ਾਹਰ ਹੈ ਕਿ ਨਿੱਜੀ ਜ਼ਿੰਦਗੀ, ਪਰਿਵਾਰ, ਸਰਕਾਰ ਤੇ ਸਮਾਜ, ਉਹ ਹਰ ਪਾਸਿਓਂ ਅਸੰਤੁਸ਼ਟ ਹੈ। ਉਸ ਦੀ ਜੰਮਣ-ਭੋਇੰ ਉਸ ਨੂੰ ਸੰਭਾਲ ਨਹੀਂ ਰਹੀ। ਇਹੋ ਕਾਰਨ ਹੈ ਕਿ ਉਹ ਜੱਦੀ ਜ਼ਮੀਨ 'ਤੇ ਜਾਨ ਦੀ ਬਾਜ਼ੀ ਲਾ ਕੇ ਘਰੋਂ ਹਜ਼ਾਰਾਂ ਮੀਲ ਦੂਰ, ਯੱਖ ਠੰਢੇ ਸਮੁੰਦਰਾਂ ਚ ਡੁੱਬ ਕੇ ਵੀ ਵਿਦੇਸ਼ਾਂ ਦੀਆਂ ਹਰੀਆਂ ਚਰਾਗਾਹਾਂ 'ਚ ਜਾਣ ਲਈ ਉਤਾਵਲਾ ਹੈ। ਬੱਬਰ ਅਕਾਲੀਆਂ, ਕੂਕਿਆਂ, ਗਦਰੀ ਬਾਬਿਆਂ ਤੇ ਭਗਤ-ਸਰਾਭਿਆਂ ਦਾ ਪੰਜਾਬ ਜਾਂ ਫਿਰ ਟਰੱਕਾਂ ਵਿਚ ਦੋਹਰੀਆਂ ਛੱਤਾਂ ਪਾ ਕੇ ਸਾਧਾਂ ਦੇ ਡੇਰਿਆਂ ਤੇ ਭੁੱਲਾਂ ਬਖ਼ਸ਼ਾਉਂਦਾ ਤੇ ਅਗਲਾ ਜਨਮ ਸੁਆਰਦਾ ਫਿਰਦਾ ਹੈ। ਇਹੋ ਜਿਹੀ ਹੈ ਪੰਜਾਬੀ ਲੋਕਾਂ ਦੀ ਸਰੀਰਕ, ਸਮਾਜਕ ਤੇ ਮਾਨਸਿਕ ਸਿਹਤ।

**ਕਾਲ ਖੰਡ 1991-2013**

ਇਹ ਕਾਲ ਖੰਡ ਸਤਹੀ ਤੌਰ 'ਤੇ ਦੇਖਣ ਨੂੰ ਤਾਂ ਆਰਥਿਕਤਾ ਅਤੇ ਸਿਆਸਤ ਦੇ ਖੇਤਰ ਵਿਚ ਪਿਛਲੇ ਕਾਲ ਖੰਡ ਦਾ ਵਧਾਰਾ ਮਾਤਰ ਹੀ ਲੱਗਦਾ ਹੈ, ਪਰ 1991 ਵਿਚ ਅਪਨਾਈ ਨਵੀਂ ਆਰਥਿਕ ਨੀਤੀ ਤਹਿਤ ਖੁੱਲ੍ਹੀ ਮੰਡੀ ਆਰਥਿਕਤਾ, ਢਾਂਚਾਗਤ ਸੁਧਾਰਾਂ, ਵਿਆਪਕ ਨਿਜੀਕਰਨ ਅਤੇ ਸੰਸਾਰੀਕਰਨ ਦੇ ਤੇਜ਼ ਹੋ ਰਹੇ ਅਮਲ ਕਾਰਨ ਕੌਮਾਂਤਰੀ ਵਿੱਤੀ ਸਰਮਾਏ ਨਾਲ ਪੂਰੀ ਤਰ੍ਹਾਂ ਘਿਰ ਨਰੜ ਹੋਣ ਕਰਕੇ ਵਿਸ਼ਮਤਾ ਭਰੇ ਨਵੇਂ ਭਾਰਤ ਦਾ 'ਨਿਰਮਾਣ' ਹੋ ਰਿਹਾ ਹੈ। ਆਰਥਿਕਤਾ ਦੇ ਖੇਤਰ ਵਿਚ ਆਈ ਇਸ ਸਿਫ਼ਤੀ ਤੇ ਮਿਕਦਾਰੀ ਤਬਦੀਲੀ ਅਤੇ ਇਸ ਸਮੇਂ ਦੌਰਾਨ ਹੀ, ਸੂਚਨਾ ਤਕਨੀਕ ਵਿਚ ਆਏ ਵਿਸਫੋਟਕ ਇਨਕਲਾਬ ਨੇ ਭਾਰਤੀ ਤੇ ਪੰਜਾਬੀ ਸਮਾਜ ਦੀਆਂ ਬੁਨਿਆਦਾਂ ਹਿਲਾ ਕੇ ਰੱਖ ਦਿੱਤੀਆਂ ਹਨ।

ਇਨ੍ਹਾਂ ਸਾਲਾਂ ਦੌਰਾਨ ਅਮੀਰ ਤੇ ਗਰੀਬ ਵਿਚਕਾਰ ਪਾੜੇ ਨੇ ਅਨੁਪਾਤ ਨਾਂ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੱਤੀ। ਰਿਸ਼ਵਤਖੋਰੀ ਦੇ ਅੰਕੜੇ, ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ ਆਉਣ ਲੱਗੇ ਹਨ। ਸਿਆਸਤ ਤੇ ਅਪਰਾਧ ਵਿਚਲੇ ਮਿਟ ਰਹੇ ਫਰਕ ਨੇ ਪਾਰਲੀਮੈਂਟ ਤੇ ਅਸੈਂਬਲੀਆਂ ਦੇ ਚਿਹਰੇ ਅਤੇ ਚਰਿੱਤਰ ਹੀ ਬਦਲ ਦਿੱਤੇ ਹਨ। ਪਿਛਲੇ ਕਾਲ ਖੰਡ ਦੌਰਾਨ ਇੰਡੀਆ ਤੇ ਭਾਰਤ ਵਿਚਕਾਰ ਰੱਖੀ ਗਈ ਨੀਂਹ 'ਤੇ ਕੰਧ ਦੀ ਉਸਾਰੀ ਜ਼ੋਰਾਂ-ਸ਼ੋਰਾਂ ਨਾਲ ਚਾਲੂ ਹੈ। ਵੱਧ ਰਹੀ ਬੇਰੋਜ਼ਗਾਰੀ, ਲਗਾਤਾਰ ਘਟ ਰਹੀਆਂ ਉਜਰਤਾਂ, ਵਧ ਰਹੀ ਮਹਿੰਗਾਈ ਅਤੇ ਖੇਤੀ ਦੇ ਘਾਟੇਵੰਦਾ ਸੌਦਾ ਹੋਣ ਕਾਰਨ ਪੇਂਡੂ ਖੇਤਰਾਂ 'ਚੋਂ ਹੋ ਰਹੀ ਨਿਕਾਸੀ ਨੂੰ ਸਨਅਤੀ ਖੇਤਰ ਦੀ ਜਜ਼ਬ ਕਰਨ ਦੀ ਅਸਮਰਥਾ ਕਾਰਨ ਦੇਸ਼ ਦੇ ਵੱਡੇ ਹਿੱਸੇ ਵਿਚ ਸਦੀਵੀ ਭੁੱਖਮਰੀ ਤੇ ਕੁਪੋਸ਼ਣ ਵਰਗੀ ਹਾਲਤ ਪੈਦਾ ਹੋ ਰਹੀ ਹੈ। ਗਰੀਬਾਂ ਤੇ ਮੱਧ ਵਰਗ ਦੀ ਨਿਮਨ ਵਸੋਂ ਦਾ ਵੱਡਾ ਹਿੱਸਾ ਘੱਟ ਖੁਰਾਕ ਤੇ ਜੀਵਨ ਲਈ ਜ਼ਰੂਰੀ ਦੂਜੇ ਪੌਸ਼ਟਿਕ ਤੱਤਾਂ ਦੀ ਲਗਾਤਾਰ ਘਟ ਰਹੀ ਉਪਲਬਧਤਾ ਕਾਰਨ ਸਰੀਰਕ ਤੌਰ 'ਤੇ ਹੋਰ ਕਮਜ਼ੋਰ ਹੋ ਰਿਹਾ ਹੈ ਤੇ ਹੋਰ ਵੱਧ ਬਿਮਾਰੀਆਂ ਦੀ ਗ੍ਰਿਫਤ ਵਿਚ ਜਕੜਨ ਲਈ ਸਰਾਪਿਆ ਜਾ ਰਿਹਾ ਹੈ। ਦੇਸ਼ ਗੰਭੀਰ ਆਰਥਿਕ, ਸਿਆਸੀ ਤੇ ਸਮਾਜਕ ਉਥਲ-ਪੁਥਲ ਵਿਚੋਂ ਲੰਘ ਰਿਹਾ ਹੈ। ਇਕ ਪਾਸੇ ਆਰਥਿਕਤਾ ਤੇ ਸਿਆਸਤ ਦੋਵੇਂ ਵੇਸਵਾ ਬਿਰਤੀ ਵਰਗਾ ਰਵੱਈਆ ਤੇ ਕਿਰਦਾਰ ਅਖਤਿਆਰ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਸਮਾਜ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਧਾਰਮਿਕ ਕੱਟੜਵਾਦ ਅਤੇ ਜਾਤਾਂ-ਗੋਤਾਂ ਦੇ ਪਿਛਾਖੜੀ ਵਿਚਾਰਾਂ/ਅਮਲਾਂ ਦੇ ਰਸਾਤਲ ਵਿਚ ਧਸ ਰਿਹਾ ਹੈ। ਇੰਡੀਆ ਤੇ ਭਾਰਤ ਦਾ ਨਿਖੇੜਾ ਲੋਕਾਂ ਤੇ ਹਾਕਮਾਂ ਦਾ ਨਿਖੇੜਾ ਲਗਭਗ ਪੂਰਨ ਹੋਣ ਦੇ ਨੇੜੇ ਹੈ।

ਇਸ ਦੇ ਨਾਲ ਹੀ ਆਰਥਿਕਤਾ ਵਿਚ ਇੰਨੀ ਤੇਜ਼ੀ ਨਾਲ ਆਈ ਅਣਕਿਆਸੀ ਤਬਦੀਲੀ ਦੇ ਲਾਜ਼ਮ ਪ੍ਰਭਾਵ ਕਾਰਨ ਸਮਾਜਕ ਰਿਸ਼ਤਿਆਂ ਤੇ ਖਾਸ ਕਰ ਕੇ ਨਵੀਂ ਪੀੜ੍ਹੀ ਦੀ ਬਦਲ ਰਹੀ ਮਾਨਸਿਕਤਾ ਅਤੇ ਪੁਰਾਣੀ ਪੀੜ੍ਹੀ ਦੇ ਪਰੰਪਰਾਵਾਦੀ ਤੇ ਜਗੀਰੂ ਸੰਸਕਾਰਾਂ ਵਿਚ ਟਕਰਾਅ ਵੀ ਨਵੀਆਂ ਮੁਸ਼ਕਿਲਾਂ ਪੈਦਾ ਕਰ ਰਿਹਾ ਹੈ। ਜੋ 'ਸੰਤਾਪ' ਪੰਜਾਬ ਤੋਂ ਪਹਿਲ ਪ੍ਰਿਥਮੇ ਵਿਦੇਸ਼ੀਂ ਗਈ ਪੰਜਾਬੀ ਪੀੜ੍ਹੀ ਨੇ 50ਵਿਆਂ ਵਿਚ ਹੰਢਾਇਆ ਸੀ, ਉਹ 'ਸੰਤਾਪ' ਅੱਜ ਸਾਰਾ ਪੰਜਾਬ ਹੰਢਾ ਰਿਹਾ ਹੈ। ਲੱਖਾਂ ਪੰਜਾਬੀਆਂ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਵਿਦੇਸ਼ੀਂ ਵਸਣ ਅਤੇ ਪੱਛਮੀ ਸੱਭਿਅਤਾ ਦੇ ਕੁੱਝ ਪ੍ਰਭਾਵ ਕਬੂਲਣ ਕਾਰਨ ਨੌਜਵਾਨ ਪੀੜ੍ਹੀ ਦੇ ਵਿਚਾਰ-ਵਿਹਾਰ ਅੰਦਰ ਤੇਜ਼ੀ ਨਾਲ ਆ ਰਹੇ ਬਦਲਾਓ ਪ੍ਰਤੀ ਪੰਜਾਬੀ ਸਮਾਜ ਦਾ ਵਤੀਰਾ ਤਾਲਿਬਾਨ ਮਾਰਕਾ ਖਾਪ ਪੰਚਾਇਤਾਂ ਵਰਗਾ ਤਾਂ ਨਹੀਂ ਹੋਇਆ ਪਰ ਇਸ ਨੂੰ ਜਮਹੂਰੀ ਤੇ ਸਮੇਂ ਦੇ ਹਾਣ ਦਾ ਵੀ ਨਹੀਂ ਕਿਹਾ ਜਾ ਸਕਦਾ। ਤੇਜ਼ੀ ਨਾਲ ਬਦਲ ਰਹੇ ਇਸ ਹਿੰਦੁਸਤਾਨ/ਪੰਜਾਬ ਅੰਦਰ, ਆਮ ਲੋਕਾਂ ਦੀ ਸਰੀਰਕ, ਸਮਾਜਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਹੋ ਰਿਹਾ ਹੈ, ਜਾਂ ਹੋਣ ਵਾਲਾ ਹੈ, ਇਸ ਬਾਰੇ ਸੋਚ ਕੇ ਦਿਲ ਹੀ ਨਹੀਂ, ਦਿਮਾਗ ਵੀ ਦਹਿਲ ਜਾਂਦਾ ਹੈ।

ਪੰਜਾਬ ਦੀ ਸਿਹਤ ਦਾ ਇਹ ਹਸ਼ਰ ਆਰਥਿਕ, ਸਿਆਸੀ ਤੇ ਸਮਾਜਕ ਸੰਰਚਨਾਵਾਂ ਦੀਆਂ ਤਰਤੀਬਬੱਧ ਇਤਿਹਾਸਕ ਕਾਇਆ-ਪਲਟੀਆਂ ਕਾਰਨ ਹੋਇਆ ਹੈ ਅਤੇ ਇਸ ਦਾ ਹੱਲ ਵੀ ਇਕ ਹੋਰ ਇਤਿਹਾਸਕ ਕਾਇਆ-ਪਲਟੀ, ਜਿਸ ਦੀ ਹੋਣੀ ਦੇਸ਼ ਹਿੰਦੁਸਤਾਨ ਤੇ ਸ਼ਾਇਦ ਦੁਨੀਆਂ ਨਾਲ ਜੁੜੀ ਹੋਈ ਹੈ, ਰਾਹੀਂ ਹੀ ਸੰਭਵ ਹੈ। ਮੇਰਾ ਖਿਆਲ ਹੈ ਕਿ ਪੰਜਾਬ ਦੀ ਸਿਹਤ ਦੇ ਮਸਲੇ ਨੂੰ ਮਹਿਜ਼ ਖਾਣ-ਪਾਣ ਜਾਂ ਜੀਵਨ ਸ਼ੈਲੀ ਬਦਲਣ ਤੱਕ ਸੀਮਤ ਕਰਨਾ ਬਹੁਤ ਸੰਕੀਰਨ, ਸਤਹੀ ਤੇ ਖੁਦਗਰਜ ਨਜ਼ਰੀਆ ਹੈ। ਸਿਹਤ ਮਸਲੇ ਦੇ ਆਰਥਿਕ, ਸਿਆਸੀ, ਸਮਾਜਕ ਤੇ ਸਭਿਆਚਾਰਕ ਪਹਿਲੂਆਂ ਨੂੰ ਕੇਂਦਰ ਬਿੰਦੂ ਬਣਾਏ ਬਗੈਰ ਸਿਹਤਮੰਦ ਪੰਜਾਬ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਮਸਲੇ ਬਾਰੇ ਕਿਸੇ ਵੀ ਸਮੇਂ ਵਿਸ਼ੇਸ਼ ਅੰਦਰ ਨਿਭਾਈ ਗਈ ਸਾਡੀ ਭੂਮਿਕਾ ਦਾ ਮੁਲੰਕਣ ਸਾਡੀਆਂ ਡਿਗਰੀਆਂ, ਰੁਤਬਿਆਂ, ਕੁਰਸੀਆਂ ਜਾਂ ਪਦਵੀਆਂ ਨਾਲ ਨਹੀਂ, ਬਲਕਿ ਸਮੇਂ ਦੇ ਵਿਸ਼ਾਲ ਚਿਤਰਪਟ 'ਤੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਅੰਦਰ ਸੱਚ ਲੱਭਣ, ਸੱਚ ਨਸ਼ਰ ਕਰਨ ਅਤੇ ਸੱਚ ਸਥਾਪਤ ਕਰਨ ਦੇ ਆਪਣੇ ਉਦਮਾਂ-ਉਪਰਾਲਿਆਂ ਰਾਹੀਂ ਇਸ ਧਰਤੀ ਨੂੰ ਹੋਰ ਸੁਨੱਖੀ ਤੇ ਜਿਉਣ ਜੋਗੀ ਬਣਾਉਣ ਵਿਚ ਨਿਭਾਏ ਗਏ ਸਾਡੇ ਯੋਗਦਾਨ ਕਰ ਕੇ ਹੁੰਦਾ ਹੈ। ਸਾਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅੱਜ ਦਾ ਪੰਜਾਬ 19ਵੀਂ ਜਾਂ 20ਵੀਂ ਸਦੀ ਦਾ ਪੰਜਾਬ ਨਹੀਂ ਹੈ। ਪੰਜਾਬ ਹਿੰਦੁਸਤਾਨੀ ਆਰਥਿਕਤਾ ਤੇ ਸਿਆਸਤ ਨਾਲ ਜੁੜ ਕੇ ਕੌਮਾਂਤਰੀ ਵਿੱਤੀ ਪ੍ਰਬੰਧ, ਕੌਮਾਂਤਰੀ ਸਿਆਸਤ ਤੇ ਕੌਮਾਂਤਰੀ ਸਭਿਆਚਾਰ ਦਾ ਅਨਿਖੜਵਾਂ ਅੰਗ ਬਣ ਚੁਕਾ ਹੈ। ਹੁਣ ਸਿਹਤ ਸਮੇਤ ਪੰਜਾਬ ਦੇ ਸਾਰੇ ਮਸਲਿਆਂ ਦਾ ਹੱਲ ਕੁੱਲ ਦੇਸ਼ਾਂ ਦੇ ਲੋਕਾਂ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਪੰਜਾਬੀਆਂ ਦੇ ਵਿਲੱਖਣ ਵਿਰਸੇ, ਸਭਿਆਚਾਰ, ਭਾਸ਼ਾ, ਪੌਣ-ਪਾਣੀਆਂ ਤੇ ਧਰਮ ਨੂੰ ਬਚਾਉਣ ਦੀਆਂ ਅਸੀਂ ਕਿੰਨੀਆਂ ਵੀ ਕੋਸ਼ਿਸ਼ਾਂ ਜੁਟਾ ਲਈਏ, ਸੰਸਾਰੀਕਰਨ ਦੇ ਇਸ ਯੁਗ ਵਿਚ ਇਕੱਲਾ ਪੰਜਾਬ ਆਪਣੀਆਂ ਸਮੱਸਿਆਵਾਂ ਦੇ ਆਰਜ਼ੀ ਜਾਂ ਅੰਸ਼ਕ ਹੱਲ ਤਾਂ ਕੱਢ ਸਕਦਾ ਹੈ, ਪਰ ਕਿਸੇ ਵੱਡੀ ਫੈਸਲਾਕੁਨ ਤਬਦੀਲੀ ਦਾ ਲਖਾਇਕ ਨਹੀਂ ਹੋ ਸਕਦਾ। ਜਿੰਨੀ ਜਲਦੀ ਅਤੇ ਜਿੰਨੀ ਸ਼ਿੱਦਤ ਨਾਲ ਅਸੀਂ ਇਸ ਹਕੀਕਤ ਨੂੰ ਸਮਝ ਲਵਾਂਗੇ, ਉਨਾ ਹੀ ਅਸੀਂ ਕਿਸੇ ਹਕੀਕੀ ਤੇ ਸਦੀਵੀ ਹੱਲ ਵੱਲ ਆਪਣੇ ਕਦਮ ਪੁੱਟਣ ਦੇ ਯੋਗ ਹੁੰਦੇ ਜਾਵਾਂਗੇ।

## ਕਾਵਿ-ਜਗਤ

### ਪੂਰਕ

ਤੂੰ ਚਾਹੇ ਲੱਖਾਂ
ਨਕਲੀ ਖਿਡੌਣਿਆਂ ਨਾਲ
ਮਨ ਪਰਚਾ ਲੈ
ਸੇਜ ਸਜਾ ਲੈ
ਕੱਪੜਿਆਂ ਦਾ ਅਕਾਰ ਘਟਾ ਲੈ
ਆਪਣੇ ਆਪ ਨੂੰ
ਸ਼ੋਅ ਰੂਮ 'ਚ ਸਜਾ ਲੈ
ਵਪਾਰ ਦਾ ਸਾਧਨ ਬਣਾ ਲੈ
ਆਧੁਨਿਕ ਨਾਰੀ
ਜਾਂ ਕੁਝ ਹੋਰ ਅਖਵਾ ਲੈ
ਐਪਰ ਜ਼ਿੰਦਗੀ 'ਚ ਰਹਿਣੀ
ਸਦੀਵੀ ਸਾਥੀ ਦੀ ਲੋੜ
ਪੂਰੀ ਜੋ ਕਰੇ
ਜੀਵਨ ਦੀ ਹਰ ਥੋੜ੍ਹ
ਫਿਰ ਇਸ ਥੋੜ੍ਹ ਵਿਚੋਂ
ਪੈਦਾ ਹੋਣਾ ਇਹ
ਅਹਿਸਾਸ ਵੀ ਜ਼ਰੂਰੀ ਹੈ
ਮਰਦ ਔਰਤ ਬਿਨਾਂ
ਨਹੀਂ ਪੂਰਾ...
ਤੇ ਔਰਤ ਮਰਦ ਬਿਨਾਂ
ਅਧੂਰੀ ਹੈ।

***-ਨੀਲਮ ਸੈਣੀ***
***ਫੋਨ: 510-502-0551***


Xtreme RECRODS
XTREME RECORDS & KAKA DHALIWAL
PRESENTS
PRESENTATION
KAKA DHALIWAL (USA)
+001 916 595 0782
GRAND SPONSER
BALWINDER THIND (USA)
+001 775 762 4241
Jatinder Jargia's
CHALLENGE
ਚੈਲਿੰਜ਼
SPONSER
FAIR WAY AUTO CENTER HAYWAR CA U.S.A. :001 510 538 2983
DIL NIJJAR CA U.S.A. :001 916 628 2210
ELI SARAI TRUCKING CA U.S.A. :001 510 584 8967
DAKHA TRUKING CA U.S.A. 001 408 791 9290
NOR CAL TRUCK REPAIR H. CA U.S.A. :001 510 728 2121
MEDIA PUNJAB EXPRESS NEWS
JASWANT SINGH SAIDOKA CA U.S.A. :001 209 271 5212
CHULHI JATT U.S.A.
SINGER CONTACT
IND: +91 97799 76600,
USA: 001 510 690 5678
Spl.Thanks
BALDEV S. NIJJAR CA U.S.A. 001 510 673 4456
Punjab Press Club Fresno
PRODUCER
S.S MANDAIR
+91 96463 04004
MUSIC
SURAJAAN K.
+91 98153 36814
D/p. Oslo Print Art. ldh
9888152484
MUSIC OUT NOW ON XTREME RECORDS +91 96463 04004


WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
gPunjab
MH ONE
JUS one
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.

# ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2013



ਗਾਇਕ ਜਤਿੰਦਰ ਜਰਗੀਆ

## ਗੀਤ ਸੰਗੀਤ ਭਰੀ ਇਕ ਸ਼ਾਮ

**6 ਅਪਰੈਲ 2013**

(ਸਨਿਚਰਵਾਰ ਸ਼ਾਮ 6:30 ਵਜੇ)

**ਇੰਡੀਆ ਹਾਊਸ, ਸ਼ਾਮਬਰਗ**

1521 W. Schaumburg Rd., Schaumburg,
IL 60194, Ph:847-895-5501



ਗਾਇਕ ਨਿੰਮਾ ਡੱਲੇਵਾਲਾ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ



ਪ੍ਰੋ ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਹਰਜੀਤ ਸਿੰਘ ਸਾਹੀ



ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ



ਦਰਸ਼ਨ ਸਿੰਘ ਦਰੜ



ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ



ਜੱਸੀ ਗਿੱਲ



ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ



ਸਰਬਜੀਤ ਥਿਆੜਾ



ਯਾਦਵਿੰਦਰ ਸਿੰਘ ਖੱਟੜਾ



ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ



ਹੈਪੀ ਹੀਰ



ਗੁਰਿੰਦਰ ਸਿੰਘ ਗਿੱਲ



ਅਯੁਧਿਆ ਸਲਵਾਨ



ਡਾ. ਤੇਜਿੰਦਰ ਸਿੰਘ ਮੰਡੇਰ

**ਸਪਾਂਸਰ (ਸ਼ਿਕਾਗੋ):** ਮਨਜਿੰਦਰ ਸਿੰਘ ਭੰਬਰਾ, ਹਰਜਿੰਦਰ ਸਿੰਘ ਸੰਧੂ, ਨਿੱਕ ਗਾਖਲ, ਗੁਲਜ਼ਾਰ ਸਿੰਘ ਮੁਲਤਾਨੀ, ਗੁਰਮੇਲ ਸਿੰਘ ਕੰਗ (ਵਰਜੀਨੀਆ), ਮੇਜਰ ਗੁਰਚਰਨ ਸਿੰਘ ਝੱਜ, ਭੁਪਿੰਦਰ ਸਿੰਘ ਹੁੰਦਲ, ਪਰਸ਼ਨ ਸਿੰਘ ਮਾਨ, ਸਵਰਨ ਸਿੰਘ ਸੇਖੋਂ, ਜਗਮੀਤ ਸਿੰਘ (ਰੀਮੈਕਸ), ਬਲਜੀਤ ਸਿੱਧੂ, ਗੁਰਮੁਖ ਸਿੰਘ ਭੁੱਲਰ, ਜੈ ਰਾਮ ਸਿੰਘ ਕਾਹਲੋਂ, ਡਾ. ਹਰਜਿੰਦਰ ਸਿੰਘ ਖਹਿਰਾ, ਬਲਵਿੰਦਰ ਸਿੰਘ ਗਿਰਨ, ਰੋਨੀ ਕੁਲਾਰ, ਸੰਨੀ ਕੁਲਾਰ, ਬਲਜੀਤ ਸਿੱਧੂ, ਅਮਰੀਕ ਸਿੰਘ (ਅਮਰ ਕਾਰਪੈਟਸ), ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਕਰਨਲ ਨਿਰਮਲ ਸਿੰਘ ਸਿੰਘਾ, ਕ੍ਰਿਪਾਲ ਸਿੰਘ ਰੰਧਾਵਾ, ਰਵੀ (ਆਰ ਕੇ ਕਾਰਪੈਟ), ਅਜੈਬ ਸਿੰਘ ਲੱਖਣ, ਠਾਕਰ ਸਿੰਘ ਬਸਾਤੀ, ਸਤਿੰਦਰ ਸਿੰਘ ਸੁਸਾਣਾ, ਦਰਸ਼ਨ ਸਿੰਘ ਬਸਰਾਓਂ, ਜਸਕਰਨ ਧਾਲੀਵਾਲ।
**ਇੰਡੀਆਨਾ:** ਕਿਰਨਜੀਤ ਸਿੰਘ (ਕਿੱਟੂ) ਬਾਵਾ, ਰਾਣਾ ਵਿਰਕ, ਕਮਲਜੀਤ ਵਿਰਕ, ਸਤਵੰਤ ਸਿੰਘ ਨਿੱਜਰ, ਗੁਰਨਾਮ ਸਿੰਘ ਸਿੱਧੂ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਮੁਲਤਾਨੀ, ਜਸਪਾਲ ਸਿੰਘ ਬਿੱਟੂ, ਜਸਬੀਰ ਸਿੰਘ ਪੇਲੀਆ, ਮਨਜੀਤ ਨਾਗਰਾ, ਪਾਲ ਖਲੀਲ, ਧਰਮਿੰਦਰ ਖਟੜਾ, ਗੁਰਬਖਸ਼ ਰਾਹੀ।
**ਮਿਸ਼ੀਗਨ:** ਨਰਿੰਦਰ ਸਿੰਘ ਮੁੰਦਰ, ਸੁਰਿੰਦਰ ਸਿੰਘ ਗਰਚਾ (ਕੈਂਟਨ), ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ), ਰਾਜ ਸਿਆਨ, ਰਾਜਬੀਰ ਸਿੰਘ ਬੋਪਾਰਾਏ, ਦਲਬਾਰਾ ਸਿੰਘ ਮਾਂਗਟ, ਹਰਪਾਲ ਸਿੰਘ ਟਾਂਡਾ, ਕਰਨ ਗਿੱਲ, ਸੁਰਿੰਦਰ ਸਿੰਘ ਕੰਗ।
**ਮਿਲਵਾਕੀ:** ਬੇਅੰਤ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਧਾਲੀਵਾਲ, ਅਮਰਜੀਤ ਸਿੰਘ ਸੰਧਰ, ਬਲਬੀਰ ਸਿੰਘ ਸੈਣੀ, ਪਾਖਰ ਸਿੰਘ ਸਿੱਧੂ, ਸੁਖਦੇਵ ਸਿੰਘ ਖਾਲਸਾ, ਲਾਲੀ ਸਿੱਧੂ।
**ਓਹਾਇਓ:** ਇਕਬਾਲ ਸਿੰਘ ਬੋਪਾਰਾਏ, ਮੁਖਤਿਆਰ ਸਿੰਘ ਸੇਖੋਂ, ਗੁਰਿੰਦਰ ਸਿੰਘ ਢਿੱਲੋਂ, ਸੁਰਜੀਤ ਸਿੰਘ ਮਾਵੀ-ਸਿਨਸਿਨੈਟੀ, ਅਵਤਾਰ ਸਿੰਘ ਸਪਰਿੰਗਫੀਲਡ, ਹਰਿੰਦਰ ਸਿੰਘ ਵਾਲੀਆ।
**ਕੈਲੀਫੋਰਨੀਆ:** ਡਾ. ਦਲਵੀਰ ਸਿੰਘ ਪੰਨੂ, ਮੱਖਣ ਸਿੰਘ ਬੈਂਸ (ਰਾਜਾ ਸਵੀਟਸ), ਦਲਵੀਰ ਸਿੰਘ ਗਿੱਲ, ਪਿਆਰਾ ਸਿੰਘ ਗੋਸਲ, ਨਾਹਰ ਸਿੰਘ ਹੀਰ, ਰਛਪਾਲ ਸਿੰਘ ਫਰਵਾਲਾ, ਚਰਨ ਸਿੰਘ ਜੱਜ, ਸਤਵੰਤ ਸਿੰਘ, ਭੁਪਿੰਦਰ ਸਿੰਘ ਢਿਲੋਂ, ਸੁਖਦੇਵ ਸਿੰਘ ਬੈਨੀਵਾਲ, ਪ੍ਰੀਤਮ ਸਿੰਘ ਗਰੇਵਾਲ, ਕੁਲਜੀਤ ਸਿੰਘ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ।
ਬਹਾਦੁਰ ਸਿੰਘ (ਸੇਲਮ, ਓਰੇਗਾਨ), ਰਘਬੀਰ ਸਿੰਘ ਘੁੰਨ ਅਤੇ ਹੀਰਾਲਾਲ ਸਿੰਘ ਚਮਦਲ (ਟੈਕਸਸ)।

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*